# ਚਿਰਾਗ

ਅਕਤੂਬਰ-ਦਸੰਬਰ 2008

**October-December 2008**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੈਕਸਿਮ ਗੋਰਕੀ

ਮੁੱਲ : 15 ਰੁਪਏ

66

ਅਕਤੂਬਰ-ਦਸੰਬਰ 2008

# ਚਿਰਾ.ਗ ਤਿਮ੍ਹਾਹੀ

**ਅਕਤੂਬਰ-ਦਸੰਬਰ 2008**

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੁਲੱਖਣ ਸਰਹੱਦੀ, ਲਾਲ ਸਿੰਘ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ✦ ਸੰਪਾਦਕੀ ਟਿੱਪਣੀ | 1. ਇਨਾਮਾਂ ਦੀ ਰਾਜਨੀਤੀ, ਸਨਮਾਨਾਂ ਦੀ ਬਾਂਦਰ-ਵੰਡ, ਪੰਜਾਬੀ ਭਾਸ਼ਾ ਦਾ ਸਵਾਲ |
| ✦ ਇਸ ਵਾਰ ਦੀ ਵਿਸ਼ੇਸ਼ ਕਵਿੱਤਰੀ | ਸੁਰਿੰਦਰ ਕੌਰ ਚਾਹਲ ਦੀਆਂ ਸੱਤ ਕਵਿਤਾਵਾਂ ਤੇ ਸਵੈ-ਕਥਨ |
| ✦ ਵਾਹਗਿਓਂ ਪਾਰ | ਅਸੀਂ ਵਾਲੀ ਤਖਤ ਹਜ਼ਾਰੇ ਦੇ (ਨਸੀਰ ਕਵੀ) ਗ਼ਜ਼ਲ (ਨਜ਼ਰ ਮਲਕ) ਸਮਾਜਕ ਤਬਦੀਲੀਆਂ ਤੇ ਸਵਾਣੀਆਂ (ਅਫ਼ਜ਼ਲ ਤੌਸੀਫ਼) ਅਣਗੌਲੀ ਬੋਲੀ ਪੰਜਾਬੀ (ਡਾ. ਮਨਜ਼ੂਰ ਇਹਜਾਜ਼) |
| ✦ ਕਹਾਣੀਆਂ | ਛਿਲਤਰ - ਪੰਜਾਬੀ ਕਹਾਣੀ (ਨਰਿੰਦਰ ਬੋਹਾ), ਨੈਤਿਕਤਾ ਦਾ ਪੁਜਾਰੀ - ਰੂਸੀ ਕਹਾਣੀ (ਮੈਕਸਮ ਗੋਰਕੀ), ਪਛਾਣ - ਹਿੰਦੀ ਕਹਾਣੀ (ਬਨਾਫਰ ਚੰਦਰ) |
| ✦ ਵਿਸ਼ਵ ਕਵਿਤਾ | ਮੁਰਾਦ ਮੀਖਾਇਲ (ਇਰਾਕ) . |
| ✦ ਭਾਰਤੀ ਕਵਿਤਾ | ਲੀਲਾਧਰ ਜਗੂੜੀਆਂ ਦੀਆਂ ਨਜ਼ਮਾਂ, ਰਾਜੇਂਦਰ ਕੁਮਾਰ |
| ✦ ਗ਼ਜ਼ਲਾਂ | ਸੁਲੱਖਣ ਸਰਹੱਦੀ, ਵਿਕਾਸ, ਇੰਦਰਜੀਤ ਤਨਹਾ, ਖਲੀਲ (ਹਿੰਦੀ ਗ਼ਜ਼ਲ) |
| ✦ ਸੰਤਾਲੀਨਾਮਾ | ਹਰਭਜਨ ਸਿੰਘ ਹੁੰਦਲ (ਤਿੰਨ ਨਜ਼ਮਾਂ) ਸੰਨ ਸੰਤਾਲੀ (ਹਰਚਰਨ ਸਿੰਘ ਕਪੂਰਥਲਾ) |
| ✦ ਪੰਜਾਬੀ ਨਜ਼ਮਾਂ | ਪ੍ਰਮਿੰਦਰ ਸੋਢੀ (ਜਾਪਾਨ), ਕਮਲ, ਪ੍ਰਸ਼ੋਤਮ ਪੱਤੋ |
| ✦ ਨਾਵਲ ਦਾ ਅੰਸ਼ | ਦਾਸਤੋਵਸਕੀ ਦੀ ਪਹਿਲੀ ਸ਼ਾਦੀ (ਇੰਦਰ ਸਿੰਘ ਖਾਮੋਸ਼) |
| ✦ ਪੁਸਤਕ ਪੜਚੋਲ | ਧੂੰਆਂ (ਸੁਰਜੀਤ ਗਿੱਲ), ਸਮਰਪਿਤ (ਸੁਲੱਖਣ ਸਰਹੱਦੀ), ਕੱਚੀਆਂ ਪੱਕੀਆਂ ਦੇ ਭਾਅ, ਬੰਦਾ ਸਿੰਘ ਬਹਾਦਰ (ਹ.ਸ.) |
| ✦ ਪੁਸਤਕ ਪ੍ਰਾਪਤੀ | ✦✦✦ |
| ✦ ਮੁੱਖ ਚਿੱਤਰ | ਮੈਕਸਿਮ ਗੋਰਕੀ |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ; ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਡਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਕਤੂਬਰ 2008




## 1. ਇਨਾਮਾਂ ਦੀ ਰਾਜਨੀਤੀ (I)

ਪਿਛਲੇ ਦਿਨੀਂ ਮਿੱਤਰ ਸੈਨ ਮੀਤ ਵਲੋਂ ਆਰ. ਟੀ. ਆਈ. ਰਾਹੀਂ ਭਾਸ਼ਾ ਵਿਭਾਗ ਵਲੋਂ ਮਿਲੀ ਜਾਣਕਾਰੀ ਦੇ ਆਧਾਰ ਤੇ ਇਨਾਮਾਂ ਸੰਬੰਧੀ ਉੱਠੇ ਪ੍ਰਸ਼ਨਾਂ ਦੀ ਕਾਫ਼ੀ ਚਰਚਾ ਹੋਈ ਹੈ। ਮਿੱਤਰ ਸੈਨ ਮੀਤ ਵਲੋਂ ਉਠਾਏ ਗਏ ਪ੍ਰਸ਼ਨ ਵਧੇਰੇ ਇਨਾਮ ਦੇਣ ਦੀ ਪ੍ਰਕਿਰਿਆ ਨਾਲ ਸੰਬੰਧਿਤ ਹਨ ਭਾਵੇਂ ਉਨ੍ਹਾਂ ਰਾਹੀਂ ਉਨ੍ਹਾਂ ਪਿੱਛੇ ਦੀ ਰਾਜਨੀਤੀ ਤੱਕ ਵੀ ਪਹੁੰਚਿਆ ਜਾ ਸਕਦਾ ਹੈ।

ਪੰਜਾਬੀ ਵਿਚ ਇਨਾਮ ਦੇਣ ਦੀ ਹੁਣ ਤੱਕ ਅਪਣਾਈ ਜਾਂਦੀ ਕੋਈ ਵੀ ਪ੍ਰਕਿਰਿਆ ਸ਼ੱਕ ਦੇ ਦਾਇਰੇ ਤੋਂ ਬਾਹਰ ਨਹੀਂ ਰੱਖੀ ਜਾ ਸਕਦੀ। ਇਹ ਸਾਹਿਤਕਾਰ ਦੀ ਪੁਸਤਕ ਦੀ ਬੇਅਦਬੀ ਹੈ ਕਿ ਉਸਦੀ ਉਪਰਲੀ ਜਿਲਦ ਲਾਹ ਕੇ ਉਸਨੂੰ ਨਾਮ ਰਹਿਤ ਕਰਨ ਦਾ ਯਤਨ ਕੀਤਾ ਜਾਵੇ। ਫਿਰ ਵੀ ਪੁਸਤਕ ਦੀ ਭੂਮਿਕਾ ਅਤੇ ਮੁਖਬੰਧ ਤੋਂ ਲੇਖਕ ਦਾ ਨਾਮ ਵੀ ਉਜਾਗਰ ਹੋ ਜਾਂਦਾ ਹੈ ਅਤੇ ਉਸਦੇ ਪ੍ਰਸ਼ੰਸਕਾਂ ਦਾ ਵੀ।

ਬੇਅਦਬੀ ਕਰਵਾਉਣ ਲਈ ਲੇਖਕ ਨੂੰ ਆਪਣੀਆਂ ਪੁਸਤਕਾਂ ਖ਼ੁਦ ਹੀ ਭੇਜਣੀਆਂ ਪੈਂਦੀਆਂ ਹਨ। ਇਸ ਲਈ ਚੰਗਾ ਲੇਖਕ ਅਜਿਹੀ ਬੇਅਦਬੀ ਕਰਵਾਉਣ ਦੀ ਬਜਾਏ ਪੁਸਤਕ ਨਾ ਭੇਜਣਾ ਹੀ ਉਚਿਤ ਸਮਝਦਾ ਹੈ। ਦੂਜੇ, ਤੀਜੇ ਦਰਜੇ ਦੀਆਂ ਜਿਹੜੀਆਂ ਪੁਸਤਕਾਂ ਆਉਂਦੀਆਂ ਹਨ ਨੰਬਰ ਉਨ੍ਹਾਂ ਦੇ ਹੀ ਲੱਗਣੇ ਹੁੰਦੇ ਹਨ। ਨੰਬਰ ਵਿਭਾਗਾਂ, ਅਕੈਡਮੀਆਂ ਅਤੇ ਹੋਰ ਅਦਾਰਿਆਂ ਦੇ ਕਹਿਣ ਤੇ ਲੱਗਦੇ ਹਨ। ਲੇਖਕਾਂ ਵਲੋਂ 'ਧਿਆਨ ਰੱਖਣ' ਦੀ ਬੇਨਤੀ ਵੀ ਨੰਬਰ ਲਾਉਣ ਵੇਲੇ ਧਿਆਨ ਵਿਚ ਰੱਖੀ ਜਾਂਦੀ ਹੈ। ਰਾਜਨੀਤੀ ਦਾ ਦਖਲ ਵੀ ਇਨ੍ਹਾਂ ਨੰਬਰਾਂ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਸਹੀ ਇਨਾਮ ਮਿਲਣ ਦੀ ਕੋਈ ਗਾਰੰਟੀ ਨਹੀਂ ਰਹਿੰਦੀ। ਕਿਸੇ ਇਕ ਲੇਖਕ ਵਲੋਂ ਦੁੱਗਣੇ ਨੰਬਰ ਸੁਤੇ ਸਿੱਧ ਨਹੀਂ ਲੱਗਦੇ। ਇਸ ਪਿੱਛੇ ਮਨਸ਼ਾ ਇਹ ਹੁੰਦੀ ਹੈ ਕਿ ਜੇ ਦੂਸਰੇ ਲੇਖਕ ਘੱਟ ਨੰਬਰ ਵੀ ਲਾ ਦੇਣ ਤਾਂ ਵੀ ਪੁਸਤਕ ਉਪਰਲਿਆਂ ਵਿਚ ਆ ਸਕੇ। ਇਕ ਪੁਸਤਕ ਨੂੰ ਦੂਸਰੀ ਕੈਟਗਿਰੀ ਵਿਚ ਲੈ ਆਉਣ ਪਿੱਛੇ ਵੀ ਇਹੀ ਮਨਸ਼ਾ ਕੰਮ ਕਰ ਰਹੀ ਹੁੰਦੀ ਹੈ। ਨੰਬਰਾਂ ਦੀ ਥਾਂ ਖਾਲੀ ਛੱਡਣੀ ਵੀ ਸੁਚੇਤ ਯਤਨ ਹੈ ਕਿ ਜਿਸ ਨੂੰ ਚਾਹੋ ਉਸਦੇ ਜਿੰਨੇ ਮਰਜ਼ੀ ਨੰਬਰ ਲਾ ਲਵੋ। ਸਾਰੀਆਂ ਪੁਸਤਕਾਂ ਪੜ੍ਹਨਯੋਗ ਵੀ ਨਹੀਂ ਹੁੰਦੀਆਂ। ਇਸ ਸੂਰਤ ਵਿਚ ਜੇ ਨੰਬਰ ਜ਼ਰੂਰ ਹੀ ਲਾਉਣੇ ਪੈਣ ਤਾਂ ਪੜ੍ਹਿਆਂ ਬਗੈਰ ਹੀ ਲੱਗਣਗੇ। ਮੁੱਕਦੀ ਗੱਲ ਇਹ ਕਿ ਇਨ੍ਹਾਂ ਇਨਾਮਾਂ ਦੀ 'ਖੇਡ' ਵਿਚ ਇਨਾਮ ਦੇਣ ਵਾਲੇ ਅਦਾਰੇ ਤੇ ਇਸ ਦੇ ਡਾਇਰੈਕਟਰ ਆਦਿ ਵੀ ਸ਼ਾਮਿਲ ਹਨ। ਇਨਾਮ ਲੈਣ ਵਾਲੇ ਵੀ ਅਤੇ ਇਨਾਮ ਦੇਣ ਵਾਲੇ ਵੀ 'ਕਟਿਹਰੇ' ਵਿਚ ਖੜ੍ਹੇ ਨਜ਼ਰ ਆਉਂਦੇ ਹਨ।

ਇਨ੍ਹਾਂ ਸਾਰੇ ਕਾਰਣਾਂ ਤੋਂ ਉੱਪਰ ਰਾਜਨੀਤਕ ਕਾਰਣ ਹੈ। ਜਿਸਦਾ ਰਾਜ ਹੋਵੇਗਾ ਉਹ ਹਰ ਥਾਂ ਆਪਣੇ ਹੱਥਠੋਕੇ (ਚੰਗੇ ਮਾੜੇ) ਲਾਵੇਗਾ ਹੀ। ਕਿਤੇ ਕਿਤੇ ਅਪਵਾਦ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿਛਲੇ ਦਿਨੀਂ ਹਰਿਆਣੇ ਦੀ ਹਿੰਦੀ ਸਾਹਿਤ ਅਕੈਡਮੀ ਦੇ ਵਧੇਰੇ ਇਨਾਮ ਕਾਮਰੇਡ ਲੇਖਕਾਂ ਨੂੰ ਚਲੇ ਗਏ। ਜਾਣੇ ਹੀ ਸਨ। ਕਾਮਰੇਡ ਕੇਂਦਰ ਵਿਚ

ਸਰਕਾਰ ਦੀ ਗੱਡੀ ਰੇੜ੍ਹ ਰਹੇ ਹਨ। ਹਰਿਆਣੇ ਵਿਚ ਉਨ੍ਹਾਂ ਦਾ ਡਾਇਰੈਕਟਰ ਆ ਗਿਆ। ਫਿਰ ਕੀ! ਅੰਨ੍ਹਾ ਵੰਡੇ ਸ਼ੀਰਨੀ ਮੁੜ ਘਿੜ ਆਪਣਿਆਂ ਨੂੰ। ਜੇ ਕਾਮਰੇਡਾਂ ਦਾ ਇਹ ਹਾਲ ਹੈ ਤਾਂ ਤੁਸੀਂ ਹੋਰਨਾਂ ਤੋਂ ਕੀ ਆਸ ਰੱਖ ਸਕਦੇ ਹੋ। ਵਿਚਾਰਧਾਰਾ ਦੀ ਤੱਕੜੀ ਜੇ ਠੀਕ ਨਹੀਂ ਤਾਂ ਵਿਚਾਰਧਾਰਾਰਹਿਤ ਦੀ ਤੱਕੜੀ ਠੀਕ ਕਿਵੇਂ ਹੋ ਸਕਦੀ ਹੈ। ਕਾਂਗਰਸੀ ਆਏ ਉਨ੍ਹਾਂ ਦੇ ਨੇੜਲਿਆਂ 'ਲੇਖਕਾਂ' ਨੂੰ ਇਨਾਮ, ਅਕਾਲੀ ਆਏ ਤਾਂ ਉਨ੍ਹਾਂ ਦੇ 'ਗੜਵਈਏ' ਲੇਖਕਾਂ ਨੂੰ ਇਨਾਮ। ਨੇਤਾਵਾਂ, ਡਾਇਰੈਕਟਰਾਂ, ਦਲਾਲਾਂ ਅਤੇ ਕਲਰਕਾਂ ਤੱਕ ਦਾ ਜਿੱਥੇ ਦਾਅ ਲੱਗਾ ਹੈ, ਉਹ ਲਾਈ ਜਾ ਰਹੇ ਹਨ। ਲੇਖਕਾਂ ਦੀਆਂ ਆਪਣੀਆਂ ਦੋਸਤੀਆਂ/ ਦੁਸ਼ਮਣੀਆਂ ਵੀ ਘੱਟ ਨਹੀਂ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਵਰਗੇ ਲੇਖਕ ਆਪਣੇ ਪਰਵਾਸ ਦੌਰਾਨ ਅੰਤਿਮ ਸਮੇਂ ਆਪਣੇ ਨਾਂ ਨਾਲ 'ਧਾਲੀਵਾਲ' ਲਾਉਣ ਲੱਗ ਪਏ। ਕੀ ਏਡੇ ਵੱਡੇ ਵਿਦਵਾਨ ਨੇ - ਜਿਸਨੂੰ ਹੁਣ ਵੀ ਅਕਾਦਮਿਕ ਅਦਾਰਿਆਂ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਕਰਕੇ ਹੀ ਬੁਲਾਇਆ ਜਾਂਦਾ ਹੈ - ਨੇ ਇਨਾਮ ਲੈਣ ਦੀ ਖ਼ਾਤਿਰ ਤਾਂ ਅਜਿਹਾ ਨਹੀਂ ਕੀਤਾ? ਇਹ ਇਨਾਮਾਂ ਦਾ ਇਕ ਹੋਰ ਪਸਾਰ ਹੈ। ਇਕ ਹੋਰ ਪਾਸਾਰ ਵੀ ਦੇਖਣ ਨੂੰ ਮਿਲਦਾ ਹੈ ਜੇ ਕਿਸੇ ਨੂੰ ਇਨਾਮ ਦੇਣਾ ਹੋਵੇ ਤਾਂ ਨਵੇਂ ਅਦਾਰੇ ਦੇ ਨਾਂ ਤੇ ਨਵਾਂ ਇਨਾਮ ਸ਼ੁਰੂ ਕਰ ਲਵੋ ਤੇ ਦੇ ਦਿਉ ਜਿਸਨੂੰ ਵੀ ਤੁਸੀਂ ਦੇਣਾ ਚਾਹੁੰਦੇ ਹੋ। ਸੁਰਜੀਤ ਪਾਤਰ ਵਰਗੇ ਸਿਹਰੇ ਲਿਖਣ ਲਈ ਵੀ ਤਿਆਰ ਬੈਠੇ ਹਨ। ਇਨਾਮ ਦੇਣ ਵਾਲਿਆਂ ਬਾਰੇ ਇਹ ਵੀ ਸੁਣਿਆ ਜਾਂਦਾ ਹੈ ਕਿ ਉਹ ਇਨਾਮ ਦੇਣ ਤੋਂ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ, 'ਸਨਮਾਨ ਤੁਹਾਡਾ, ਇਨਾਮ ਸਾਡਾ'। ਦੋਨੋਂ ਧਿਰਾਂ ਦਾ ਫਾਇਦਾ!

ਨਿਬੜਦੀ ਗੱਲ ਇਹ ਕਿ ਇਨਾਮਾਂ ਦਾ ਇਹ ਢਾਂਚਾ ਨਿਰਾਸ਼ਾ ਨੂੰ ਜਨਮ ਦਿੰਦਾ ਹੈ। ਇਨਾਮ ਮਿਲਣੇ ਚਾਹੀਦੇ ਹਨ ਉੱਚੀ ਪੱਧਰ ਦੀ ਰਚਨਾ ਨੂੰ। ਜੇ ਕੋਈ ਰਚਨਾ ਪ੍ਰਾਪਤ ਨਹੀਂ ਤਾਂ ਇਹ ਇਨਾਮ ਦੇਣੇ ਜ਼ਰੂਰੀ ਨਹੀਂ। ਉੱਚ-ਪੱਧਰ ਦੀ ਰਚਨਾ ਦਾ ਅਰਥ ਹੈ ਜੋ ਮਾਨਵ ਹਿਤੈਸ਼ੀ ਹੋਵੇ। ਜੋ ਸਾਹਿਤਕਾਰੀ ਦੇ ਉਚੇਰੇ ਮਿਆਰ ਕਾਇਮ ਕਰਦੀ ਹੋਵੇ। ਅਜਿਹੀ ਰਚਨਾ ਇਨਾਮਾਂ ਸਹਾਰੇ ਨਹੀਂ ਖੜ੍ਹੀ ਹੁੰਦੀ। ਦੇਵੇਂਦਰ ਸਤਿਆਰਥੀ ਨੂੰ ਸਾਹਿਤ ਅਕੈਡਮੀ ਨੇ ਪੁਰਸਕਾਰ ਨਹੀਂ ਦਿੱਤਾ ਪਰ ਸਤਿਆਰਥੀ ਨੂੰ ਇਸ ਇਨਾਮ ਦੀ ਅਣਹੋਂਦ ਕਦੇ ਖ਼ਤਮ ਨਹੀਂ ਕਰ ਸਕੀ। ਉਸਦੇ ਮਰਨ ਤੋਂ ਬਾਅਦ ਵੀ ਨਹੀਂ। ਇਸ ਸਾਰੀ ਵਿਚਾਰ ਚਰਚਾ ਦਾ ਸਿੱਟਾ ਇਹ ਹੈ ਕਿ ਇਨਾਮ ਸਾਹਿਤਕਾਰਾਂ ਨੂੰ ਲੁਭਾਉਂਦੇ ਰਹਿਣਗੇ, ਇਨਾਮ ਦੇਣ ਵਾਲੇ ਅਦਾਰੇ ਵੀ ਚੱਲਦੇ ਰਹਿਣਗੇ। ਪਰ ਉੱਚੇ ਸਾਹਿਤ ਦੀ ਕਦਰ ਇਨ੍ਹਾਂ ਇਨਾਮਾਂ ਕਰਕੇ ਨਹੀਂ ਸਗੋਂ ਇਸ ਦੇ ਮਾਨਵ ਹਿਤੈਸ਼ੀ ਹੋਣ ਕਰਕੇ ਅਤੇ ਉੱਚ-ਪੱਧਰੀ ਸਾਹਿਤਕਤਾ ਕਰਕੇ ਹੀ ਪਵੇਗੀ। •

## ਇਨਾਮਾਂ ਦੀ ਰਾਜਨੀਤੀ (II)

ਭਾਸ਼ਾ ਵਿਭਾਗ ਵਲੋਂ ਦੋ ਸਾਲਾਂ ਦੇ ਸਾਹਿਤ-ਰਤਨ ਅਤੇ ਸ਼ਿਰੋਮਣੀ ਪੁਰਸਕਾਰ ਵੱਖਰੇ ਕਾਰਣਾਂ ਕਰਕੇ ਵਾਦ-ਵਿਵਾਦ ਦੇ ਘੇਰੇ ਵਿਚ ਆਏ ਹਨ। ਸਭ ਤੋਂ ਪਹਿਲਾ ਇਹ ਪ੍ਰਸ਼ਨ ਉੱਭਰ ਕੇ ਆਇਆ ਹੈ ਕਿ ਸਲਾਹਕਾਰ ਬੋਰਡ ਦੇ ਅੱਠ ਮੈਂਬਰਾਂ ਨੇ ਇਹ ਇਨਾਮ ਆਪ ਹੀ ਲੈ ਲਏ ਹਨ। ਅੱਜ ਤੱਕ ਕਦੇ ਵੀ ਇੰਝ ਨਹੀਂ ਹੋਇਆ ਕਿ ਬੋਰਡ ਆਪਣੇ ਇੱਕ ਚੌਥਾਈ ਮੈਂਬਰਾਂ ਵਿਚ ਹੀ ਇਨਾਮਾਂ ਦੀ ਵੰਡ ਕਰ ਲਏ। ਇਹ ਗੱਲ ਸਾਹਮਣੇ ਆਈ ਹੈ ਕਿ ਮੀਟਿੰਗ ਦੇ



ਆਰੰਭ ਵਿਚ ਹੀ ਇਸ ਬਾਰੇ ਭਖਵੀਂ ਬਹਿਸ ਹੋਈ। ਪ੍ਰੰਤੂ ਮੀਟਿੰਗ ਦੀ ਪ੍ਰਧਾਨਗੀ ਕਰ ਰਹੀ ਮੰਤਰੀ ਉਪਿੰਦਰਜੀਤ ਕੌਰ ਇਹ ਕਹਿ ਕੇ ਮੈਂਬਰਾਂ ਨੂੰ ਚੁੱਪ ਕਰਾ ਦਿੱਤਾ ਕਿ ਉਹ ਕੁਝ ਵੀ ਕਰ ਸਕਦੀ ਹੈ। ਸਿੱਖਿਆ ਤੇ ਭਾਸ਼ਾ ਮੰਤਰੀ ਨੇ ਇਨਾਮ ਦੇਣ ਸਮੇਂ ਵੀ ਸਪੱਸ਼ਟੀਕਰਣ ਦਿੱਤੇ। ਮੰਤਰੀ ਦੀ ਜ਼ਿੱਦ ਕਾਰਣ ਇਹ ਇਨਾਮ ਕੋਰਟ ਕਚਿਹਰੀਆਂ ਵਿਚ ਪਹੁੰਚ ਗਏ। ਬੋਰਡ ਦੇ ਇਕ ਮੈਂਬਰ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਉਹ ਇਸੇ ਲਈ ਇਸ ਮੀਟਿੰਗ ਵਿਚ ਸ਼ਾਮਿਲ ਨਹੀਂ ਹੋ ਰਿਹਾ ਕਿਉਂਕਿ ਉਥੇ ਕਿਸੇ ਦੀ ਵੀ ਨਹੀਂ ਸੁਣੀ ਜਾਂਦੀ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਤੀਨਿਧ, ਪ੍ਰਧਾਨ ਨੇ ਜਦੋਂ ਬਾਰ-ਬਾਰ ਆਪਣੀ ਗੱਲ ਰੱਖੀ ਤਾਂ ਵੀ ਮੰਤਰੀ ਦਾ ਪਾਰਾ ਉੱਚਾ ਹੋ ਗਿਆ। ਇੱਕ ਮੈਂਬਰ ਨੂੰ ਸਲਾਹਕਾਰ ਬੋਰਡ ਦਾ ਮੈਂਬਰ ਇੱਕ ਦਿਨ ਪਹਿਲਾਂ ਹੀ ਬਣਾਇਆ ਗਿਆ ਜਿਸਨੇ ਨਾ ਕੇਵਲ ਮੈਂਬਰ ਬਣਾਉਣ ਵਾਲੇ ਮੈਂਬਰ ਨੂੰ ਸਾਹਿਤ ਰਤਨ ਇਨਾਮ ਦੇਣ ਦੀ ਪ੍ਰੋੜਤਾ ਹੀ ਕੀਤੀ ਸਗੋਂ ਉਹ ਆਪ ਵੀ ਆਪਣੀ ਇਕ ਚਹੇਤੀ ਕਵਿੱਤਰੀ ਨੂੰ ਇਨਾਮ ਦਿਵਾਉਣ ਵਿਚ ਸਫ਼ਲ ਰਿਹਾ। ਇਸ ਮੀਟਿੰਗ ਵਿਚ ਸਭ ਤੋਂ ਭੱਦਾ ਮਜ਼ਾਕ ਇਹ ਹੋਇਆ ਕਿ ਬਾਹਰਲੇ ਵਿਦਵਾਨਾਂ ਵਲੋਂ ਚੁਣੇ ਗਏ ਨਾਵਾਂ ਨੂੰ ਅਸਲੋਂ ਦਰਕਿਨਾਰ ਕਰ ਦਿੱਤਾ ਗਿਆ। ਗੁਰਸ਼ਰਨ ਸਿੰਘ ਵਰਗੇ ਨਾਵਾਂ ਬਾਰੇ ਚਰਚਾ ਤੱਕ ਨਹੀਂ ਹੋਣ ਦਿੱਤੀ ਗਈ ਜਿਸਦਾ ਨਾਂ ਵਿਦਵਾਨਾਂ ਦੀ ਕਮੇਟੀ ਨੇ ਚੁਣਿਆ ਸੀ। ਇਸੇ ਤਰ੍ਹਾਂ ਦੱਸਿਆ ਜਾਂਦਾ ਹੈ ਕਿ ਜਗਬੀਰ ਸਿੰਘ (ਦਿੱਲੀ) ਦਾ ਨਾਂ ਵੀ ਸੂਚੀ ਵਿਚ ਸ਼ਾਮਿਲ ਸੀ ਜਿਸ ਬਾਰੇ ਚਰਚਾ ਤੱਕ ਨਹੀਂ ਕੀਤੀ ਗਈ। ਅਜਿਹੀ ਸਥਿਤੀ ਵਿਚ ਜੇ ਇਹ ਕਿਹਾ ਜਾਵੇ ਕਿ ਸਲਾਹਕਾਰ ਬੋਰਡ ਨੇ ਇਨਾਮ ਨਹੀਂ ਦਿੱਤੇ ਸਗੋਂ ਲੋਕਾਂ ਦੇ ਅੱਖੀਂ ਘੱਟਾ ਪਾਇਆ ਹੈ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

ਅਦਾਰਾ ਚਿਰਾਗ਼ ਦੇ ਗੱਲਾਂ ਹੋਰ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹੈ ਜਿਸ ਬਾਰੇ ਹੁਣ ਤੱਕ ਕੋਈ ਚਰਚਾ ਨਹੀਂ ਕੀਤੀ ਗਈ। ਕਰਤਾਰ ਸਿੰਘ ਸੂਰੀ ਨੂੰ ਪੰਜਾਬੀ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਸਾਹਿਤਕਾਰ ਐਵਾਰਡ ਮਿਲਣਾ ਬੇਈਮਾਨੀ ਤੋਂ ਘੱਟ ਨਹੀਂ ਕਿਉਂਕਿ ਉਹ ਹਰਿਆਣੇ ਵਿਚ ਰਹਿ ਰਿਹਾ ਹੈ ਤੇ ਹਰਿਆਣੇ ਦੀ ਸਾਹਿਤ ਅਕੈਡਮੀ ਤੋਂ ਭਾਈ ਸੰਤੋਖ ਸਿੰਘ ਐਵਾਰਡ ਵੀ ਲੈ ਚੁੱਕਾ ਹੈ। ਪਿਛਲੇ ਦਿਨਾਂ ਤੋਂ ਇਹ ਇਕ ਮਜ਼ਾਕ ਹੀ ਬਣ ਗਿਆ ਹੈ ਕਿ ਕੇਸਰਾ ਰਾਮ ਵਰਗੇ ਪੰਜਾਬ ਵਿਚ ਰਹਿ ਰਹੇ ਲੇਖਕ ਹਰਿਆਣੇ ਦੇ ਇਨਾਮ ਲੈ ਰਹੇ ਹਨ ਤੇ ਹੁਣ ਹਰਿਆਣੇ ਦੇ ਲੇਖਕ ਪੰਜਾਬ ਦਾ ਐਵਾਰਡ ਲੈਣਾ ਆਪਣਾ ਹੱਕ ਸਮਝ ਰਹੇ ਹਨ। ਹਰਿਆਣੇ ਦੇ ਇਕ ਡਾਇਰੈਕਟਰ ਨੂੰ ਸ਼੍ਰੋਮਣੀ ਸਾਹਿਤਕਾਰ ਐਵਾਰਡ ਮੰਤਰੀ ਦੇ ਕਹਿਣ ਅਨੁਸਾਰ ਮੈਰਿਟ ਦੇ ਆਧਾਰ 'ਤੇ ਦਿੱਤਾ ਗਿਆ ਹੈ। ਕੀ ਕੋਈ ਦੱਸ ਸਕਦਾ ਹੈ ਕਿ ਇਸ ਡਾਇਰੈਕਟਰ ਦੀ ਡਾਇਰੈਕਟਰੀ ਅਤੇ ਚਾਪਲੂਸ ਹੋਣ ਤੋਂ ਇਲਾਵਾ ਕੀ ਮੈਰਿਟ ਹੈ? ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਸਦਾ ਨਾਂ 'ਆਦਿ' ਸਾਹਿਤਕਾਰਾਂ ਵਿਚ ਵੀ ਨਹੀਂ ਆਉਂਦਾ। ਉਸਨੂੰ ਇਨਾਮ ਦੇਣਾ ਆਪਣੇ ਆਪ ਵਿਚ ਇਕ ਵਿਅੰਗਾਤਮਕ ਸਥਿਤੀ ਹੈ। ਕਹਿਣ ਵਾਲੇ ਇਹ ਵੀ ਕਹਿੰਦੇ ਹਨ ਕਿ ਇਹ ਇਨਾਮ ਲੇਖਕਾਂ ਦੀਆਂ ਜਾਤੀਆਂ ਨੂੰ ਧਿਆਨ ਵਿਚ ਰੱਖਕੇ ਦਿੱਤੇ ਗਏ ਹਨ। ਜੇ ਇਹਨਾਂ ਸਿਰਕੱਢ ਲੋਕਾਂ ਬਾਰੇ ਏਨਾ ਕੁਝ ਕਿਹਾ ਜਾ ਸਕਦਾ ਹੈ ਤਾਂ ਬਾਕੀ ਲੇਖਕਾਂ ਬਾਰੇ ਵੀ ਇਸ ਤਰ੍ਹਾਂ ਦੀ ਚਰਚਾ ਕੀਤੀ ਜਾ ਸਕਦੀ ਹੈ। ਮੁੱਕਦੀ ਗੱਲ ਇਹ ਹੈ ਕਿ ਇਹ ਸਾਰੇ ਇਨਾਮ ਮੈਰਿਟ ਦੇ ਆਧਾਰ 'ਤੇ ਨਹੀਂ ਦਿੱਤੇ ਗਏ ਸਗੋਂ ਮੈਰਿਟ ਤੋਂ ਇਲਾਵਾ

ਇਹਨਾਂ ਦਾ ਆਧਾਰ ਕੁਝ ਹੋਰ ਹੈ। ਇਹੋ ਤੱਥ ਇਨ੍ਹਾਂ ਇਨਾਮਾਂ ਦੀ ਮਹੱਤਤਾ ਨੂੰ ਸਿਫ਼ਰ ਕਰ ਦਿੰਦਾ ਹੈ। ਜਸਵੰਤ ਸਿੰਘ ਕੰਵਲ ਤੇ ਹਰਿੰਦਰ ਮਹਿਬੂਬ ਨੂੰ ਸ਼ਾਇਦ ਇਸ ਲਈ ਹੀ ਇਨਾਮ ਦਿੱਤਾ ਗਿਆ ਹੈ ਕਿ ਉਹ ਅਕਾਲੀ-ਪਾਰਟੀ ਦੀ ਬੋਲੀ ਹੀ ਨਹੀਂ ਬੋਲਦੇ ਸਗੋਂ ਉਹ ਖਾਲਿਸਤਾਨੀ ਮੂਲਵਾਦੀਆਂ ਨਾਲ ਵੀ ਜਾ ਖੜ੍ਹਦੇ ਹਨ। ਵਿਅੰਗ ਦੀ ਸਥਿਤੀ ਇਹ ਹੈ ਕਿ ਕਿਰਨਜੀਤ ਕੌਰ ਨੇ ਇਨਾਮ ਦਿੱਤੇ ਜਾਣ ਤੋਂ ਬਾਅਦ ਜਸਵੰਤ ਸਿੰਘ ਕੰਵਲ ਦੀ ਪੁਸਤਕ ਉਪਰ ਪਾਬੰਦੀ ਲਾਉਣ ਦੀ ਮੰਗ ਕੀਤੀ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬੀ ਟ੍ਰਿਬਿਊਨ ਦੇ ਐਡੀਟਰ ਨੇ ਇਨਾਮ ਲੈਣ ਤੋਂ ਨਾਂਹ ਕਰ ਦਿੱਤੀ ਸੀ ਪਰ ਬਾਅਦ ਵਿਚ ਘਰ ਭੇਜੇ ਜਾਣ ਤੇ ਉਸਨੇ ਇਹ ਇਨਾਮ ਸਵੀਕਾਰ ਵੀ ਕਰ ਲਿਆ। ਇਹ ਸਾਰੀ ਸਥਿਤੀ ਜੇ ਹਾਸੋਹੀਣੀ ਨਹੀਂ ਤਾਂ ਹੋਰ ਕੀ ਹੈ? ਇਸੇ ਲਈ ਅਦਾਰਾ ਚਿਰਾਗ਼ ਇਹੋ ਜਿਹੇ ਇਨਾਮਾਂ ਦੇ ਹੱਕ ਵਿਚ ਨਹੀਂ।

## 2. ਸਨਮਾਨਾਂ ਦੀ ਬਾਂਦਰ ਵੰਡ

ਪਿਛਲੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਵਲੋਂ ਸਾਹਿਤਕਾਰਾਂ ਨੂੰ ਸਲਾਨਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਇਹ ਸਨਮਾਨ ਹਾਕਮ ਜਮਾਤ ਲਈ ਗਧੇ ਤੇ ਗਾਜਰ ਵਾਂਗ ਰਹੇ ਹਨ। ਸਰਕਾਰ ਇਹਨਾਂ ਸਨਮਾਨਾਂ ਨੂੰ ਆਪਣੇ ਚਮਚਿਆਂ ਨੂੰ ਪੱਠੇ ਪਾਉਣ ਤੇ ਦੂਜੇ ਚਮਚਿਆਂ ਦੀਆਂ ਲਾਲਾਂ ਸਿਟਾਉਣ ਲਈ ਵਰਤਦੀ ਰਹੀ ਹੈ। ਇਹ ਇਨਾਮ ਦਿਨੋਂ-ਦਿਨ ਹੋਰ ਲੁਭਾਉਣੇ ਬਣਾਏ ਜਾ ਰਹੇ ਹਨ। ਮੁੱਢ ਵਿਚ ਸਰਕਾਰ 'ਤੇ ਇਹ ਇਲਜ਼ਾਮ ਲਾਉਣਾ ਸੌਖਾ ਸੀ ਕਿ ਉਨ੍ਹਾਂ ਸਨਮਾਨਾਂ ਦੀ ਢੁਕਵੀਂ ਵੰਡ ਨਹੀਂ ਕੀਤੀ। ਉਸ ਸਮੇਂ ਮੰਤਰੀ ਤੇ ਕੁਝ ਸਰਕਾਰੀ ਅਫਸਰ ਇਸ ਗੱਲ ਦਾ ਫੈਸਲਾ ਕਰਦੇ ਸਨ। ਕੁਝ ਸਮਾਂ ਪਹਿਲਾਂ ਸਰਕਾਰ ਨੇ ਇਸ ਮੰਤਵ ਲਈ ਕੁਝ ਸਾਹਿਤਕਾਰਾਂ ਅਤੇ ਆ-ਸਾਹਿਤਕਾਰਾਂ ਦੀਆਂ ਸਲਾਹਕਾਰ ਕਮੇਟੀਆਂ ਬਣਾ ਦਿੱਤੀਆਂ। ਇਸ ਤਰ੍ਹਾਂ ਬਾਂਦਰਾਂ ਵਿਚਕਾਰ ਭੇਲੀ ਸੁੱਟ ਦਿੱਤੀ। ਪਿਛਲੀ ਵਾਰ ਇਨਾਮਾਂ ਦੀ ਇਹ ਠੱਗੀ ਪ੍ਰਤੱਖ ਹੋ ਕੇ ਲੋਕਾਂ ਦੇ ਸਾਹਮਣੇ ਆ ਗਈ ਅਤੇ ਇਸਦੇ ਨਾਲ ਹੀ ਅਖੌਤੀ ਸਾਹਿਤਕਾਰਾਂ ਦਾ ਸਦਾਚਾਰਕ ਮਿਆਨ ਨੰਗਾ ਹੋ ਗਿਆ। ਇਸਦਾ ਪ੍ਰਚਾਰ ਮੀਡੀਏ ਵਿਚ ਹੋਇਆ। ਸਭ ਕੁਝ ਨੰਗਾ ਹੋ ਜਾਣ 'ਤੇ ਵੀ ਅਖੌਤੀ ਸਾਹਿਤਕਾਰਾਂ ਨੇ ਕੋਈ ਬੇਸ਼ਰਮੀ ਮਹਿਸੂਸ ਨਹੀਂ ਕੀਤੀ। ਹਾਲੇਂ ਇਹਨਾਂ ਖ਼ਬਰਾਂ ਦੀ ਸਿਆਹੀ ਨਹੀਂ ਸੀ ਸੁੱਕੀ ਕਿ ਨਵੇਂ ਸਾਲ ਦੇ ਇਨਾਮਾਂ ਦੀ ਵੰਡ ਵਿਚ ਵੱਡੀਆਂ ਢੁੱਡਾਂ ਵਾਲੇ ਕਹੇ ਜਾਂਦੇ ਸਾਹਿਤਕਾਰਾਂ ਨੇ ਪਹਿਲੀ ਗੱਲ ਨੂੰ ਨਵੇਂ ਇਨਾਮਾਂ ਦੀ ਵੰਡ ਕਰਕੇ ਢੱਕ ਦਿੱਤਾ। ਬਿਲਕੁਲ ਹੀ ਉਹ ਗੱਲ ਵਾਪਰੀ ਜਿਵੇਂ ਬਿੱਲੀਆਂ ਵਿਚਕਾਰ ਇੱਕ ਬਾਂਦਰ ਨੇ ਰੋਟੀਆਂ ਵੰਡਣ ਸਮੇਂ ਕੀਤੀ ਸੀ। ਪਿਛਲੀ ਵੇਰ ਤਾਂ ਸਾਹਿਤਕਾਰਾਂ ਦੇ ਮਿਆਰ 'ਤੇ ਕੋਈ ਕਿੰਤੂ ਪ੍ਰੰਤੂ ਹੋ ਸਕਦਾ ਸੀ ਪ੍ਰੰਤੂ ਇਸ ਵਾਰ ਤਾਂ ਪਹਿਲੀ ਕਤਾਰ ਦੇ ਸਾਹਿਤਕਾਰ ਕਮੇਟੀ ਵਿਚ ਸਨ। ਉਹਨਾਂ ਭੱਦਰ ਪੁਰਸ਼ਾਂ ਨੇ ਇਹ ਸਨਮਾਨ ਕਿਸੇ ਹੋਰ ਨੂੰ ਦੇਣ ਦੀ ਥਾਂ ਆਪੋ ਵਿਚੀ ਵੰਡ ਲਏ ਅਤੇ "ਮੈਂ ਤੈਨੂੰ ਮੁੱਲਾਂ ਕਹਿੰਦਾ ਹਾਂ ਤੇ ਤੂੰ ਮੈਨੂੰ ਹਾਜੀ ਕਹਿ" ਦੇ ਮੁਹਾਵਰੇ ਵਾਂਗ ਇਕ-ਦੂਜੇ ਨੂੰ ਸਨਮਾਨ ਤੇ ਸਨਮਾਨ ਦੀ ਰਾਸ਼ੀ ਵੰਡ ਦਿੱਤੀ। ਸਾਡਾ ਵਿਚਾਰ ਹੈ ਕਿ ਸਾਹਿਤਕਾਰਾਂ ਨੂੰ ਸਰਕਾਰੀ ਇਨਾਮ ਉਨ੍ਹਾਂ ਨੂੰ ਪਰਖਣ ਅਤੇ ਉਨ੍ਹਾਂ ਦੀ ਜ਼ਮੀਰ ਦਾ ਸੌਦਾ ਕਰਨ ਲਈ ਹੁੰਦੇ ਹਨ ਪ੍ਰੰਤੂ ਇਸ ਵੇਰ ਪੰਜਾਬੀ ਸਾਹਿਤਕਾਰਾਂ ਨੇ ਆਪਣੀ ਜ਼ਮੀਰ ਦਾ ਮੁੱਲ ਆਪ ਹੀ ਮਿੱਥ ਕੇ ਆਪ ਹੀ ਪ੍ਰਾਪਤ ਕਰ ਲਿਆ ਹੈ। ਇਹਨਾਂ ਵਿਚੋਂ ਕੁਝ ਸਾਹਿਤਕਾਰ



ਅਜਿਹੇ ਹਨ ਜਿਹੜੇ ਪਿਛਲੇ ਸਮੇਂ ਵਿਚ ਆਪਣਾ ਮਿਆਰ ਕਾਇਮ ਰੱਖਣ ਦਾ ਦਾਅਵਾ ਵੀ ਕਰਦੇ ਰਹੇ ਹਨ। ਇਨ੍ਹਾਂ ਵਿਚ ਪੰਜਾਬ ਦਾ ਇਕ ਮੋਢੀ ਨਾਵਲਕਾਰ ਵੀ ਸ਼ਾਮਿਲ ਹੈ ਜਿਹੜਾ ਪਹਿਲਾਂ ਸਰਕਾਰੀ ਇਨਾਮ ਵਾਪਿਸ ਕਰਨ ਦਾ ਡਰਾਮਾ ਕਰਦਾ ਰਿਹਾ ਤੇ ਹੁਣ ਇਉਂ ਲੱਗਦਾ ਹੈ ਜਿਵੇਂ ਉਸ ਸਮੇ ਇਨਾਮ ਦੀ ਦਿੱਤੀ ਜਾਣ ਵਾਲੀ ਰਾਸ਼ੀ ਉਹਨੂੰ ਥੋੜ੍ਹੀ ਲੱਗਦੀ ਸੀ, ਪਰ ਇਸ ਵਾਰ ਵਧੀ ਹੋਈ ਰਾਸ਼ੀ ਆਪਣੀ ਜੇਬ ਵਿਚ ਪਾਉਣ ਸਮੇਂ ਕਿਸੇ ਵੀ ਕਿਸਮ ਦੀ ਤਕਲੀਫ ਨਹੀਂ ਹੋਈ। ਇਸੇ ਤਰ੍ਹਾਂ ਪੰਜਾਬੀ ਦਾ ਇਕ ਚੋਟੀ ਦਾ ਸ਼ਾਇਰ ਬੜੀ ਢੀਠਤਾਈ ਨਾਲ ਆਪਣੀ ਮਿੱਤਰ ਔਰਤ ਨੂੰ ਸਨਮਾਨ ਦਿਵਾਉਂਦਾ ਰਿਹਾ ਹੈ। ਇਸ ਵਾਰ ਵੀ ਉਹਨੇ ਸਾਰਿਆਂ ਨਾਲ ਅੜਕੇ ਇਹ ਸਨਮਾਨ ਆਪਣੀ ਮਿੱਤਰ ਕਵਿੱਤਰੀ ਨੂੰ ਦਿਵਾ ਦਿੱਤਾ ਹੈ। ਇਹ ਗੱਲ ਜੋ ਕੁਝ ਉਨ੍ਹਾਂ ਦੇ ਸਬੰਧਾਂ ਬਾਰੇ ਆਮ ਲੋਕ ਕਹਿੰਦੇ ਸੀ, ਸੱਚ ਕਰ ਦਿਖਾਈ ਹੈ। ਸਾਨੂੰ ਇਸ ਸਾਰੀ ਕਾਰਵਾਈ 'ਤੇ ਸਖ਼ਤ ਇਤਰਾਜ਼ ਹੈ ਕਿਉਂਕਿ ਸਰਕਾਰ ਬਾਰੇ ਅਸੀਂ ਸਪੱਸ਼ਟ ਹਾਂ ਕਿ ਉਹ ਵੱਡੇ ਤੇ ਲੋਕ ਪੱਖੀ ਸਾਹਿਤਕਾਰਾਂ ਨੂੰ ਸਨਮਾਨ ਨਹੀਂ ਦਿੰਦੀ ਅਤੇ ਆਪਣੇ ਚਮਚਿਆਂ ਖ਼ਾਤਰ ਬਹੁਤ ਸਾਰੇ ਹੱਕਦਾਰ ਸਾਹਿਤਕਾਰਾਂ ਦਾ ਹੱਕ ਮਾਰਦੀ ਸੀ। ਪ੍ਰੰਤੂ ਇਸ ਵਾਰ ਜਿਹੜੀ ਕੜ੍ਹੀ ਅਖੌਤੀ ਵੱਡੇ ਸਾਹਿਤਕਾਰਾਂ ਨੇ ਘੋਲੀ ਹੈ, ਉਹਦੇ ਨਾਲ ਸਾਡਾ ਸਿਰ ਸ਼ਰਮ ਨਾਲ ਝੁਕਦਾ ਹੈ ਅਤੇ ਸਾਨੂੰ ਆਪਣੇ ਆਪ 'ਤੇ ਸਾਹਿਤਕਾਰ ਕਹਿੰਦਿਆਂ ਤੇ ਕਹਾਉਂਦਿਆਂ ਭਾਰੀ ਨਮੋਸ਼ੀ ਮਹਿਸੂਸ ਹੁੰਦੀ ਹੈ। ਪ੍ਰੰਤੂ ਅਸੀਂ ਇਸ ਗੱਲ ਨੂੰ ਇਥੇ ਨਹੀਂ ਛੱਡ ਸਕਦੇ ਤੇ ਹਰ ਕਿਸਮ ਦੀ ਬੇਵਿਸ਼ਵਾਸੀ ਤੇ ਗਲਤ ਕਾਰਵਾਈ ਵਿਰੁੱਧ ਲੜਨਾ ਆਪਣਾ ਮੁੱਖ ਕਰਤੱਵ ਸਮਝਦੇ ਹਾਂ। ਇਸ ਲਈ ਸਾਹਿਤਕਾਰਾਂ ਦੀ ਇਸ ਭੱਦੀ ਕਾਰਵਾਈ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਇਹ ਅਸੂਲ ਦਾ ਸਵਾਲ ਹੈ। ਇਸ ਲਈ ਲੜਨਾ ਇਕ ਸਾਹਿਤਕਾਰ ਦਾ ਫਰਜ਼ ਬਣਦਾ ਹੈ। ਅਸੀਂ ਪੰਜਾਬੀ ਸਾਹਿਤਕਾਰਾਂ ਤੇ ਪੰਜਾਬੀ ਪਾਠਕਾਂ ਨੂੰ ਇੱਕ ਖੁੱਲ੍ਹੀ ਅਪੀਲ ਕਰਦੇ ਹਾਂ ਕਿ ਉਹ ਇਸ ਕਾਰਵਾਈ ਨੂੰ ਕੌੜੇ ਘੁੱਟ ਵਾਂਗ ਪੀ ਕੇ ਚੁੱਪ ਨਾ ਬੈਠਣ ਬਲਕਿ ਹਰ ਇਕ ਪੱਧਰ 'ਤੇ ਵਿਅਕਤੀਗਤ ਜਾਂ ਜਥੇਬੰਦਕ ਪੱਧਰ 'ਤੇ ਇਸ ਘਟੀਆ ਕਾਰਵਾਈ ਦੀ ਨਿਖੇਧੀ ਕਰਨ ਅਤੇ ਰਲਕੇ ਕੁਝ ਇਹੋ ਜਿਹਾ ਪ੍ਰਬੰਧ ਸੋਚਣ, ਜਿਸ ਨਾਲ ਇਹ ਗਲਤ ਕਾਰਵਾਈਆਂ ਸਦਾ ਲਈ ਖ਼ਤਮ ਹੋ ਜਾਣ।

## 3. ਪੰਜਾਬੀ ਭਾਸ਼ਾ ਦਾ ਸਵਾਲ

ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਪੰਜਾਬ ਵਿਧਾਨ ਸਭਾ ਦੇ ਸ਼ੈਸ਼ਨ ਵਿਚ ਪੰਜਾਬੀ ਭਾਸ਼ਾ ਬਾਰੇ ਦੋ ਅਹਿਮ ਕਾਨੂੰਨ ਪਾਸ ਕਰ ਦਿੱਤੇ ਹਨ, ਪਹਿਲਾਂ ਦਸਵੀਂ ਤੱਕ ਪੰਜਾਬੀ ਭਾਸ਼ਾ ਲਾਜ਼ਮੀ ਕਰਨਾ ਅਤੇ ਦੂਜਾ ਪੰਜਾਬੀ ਭਾਸ਼ਾ ਨੂੰ ਸਰਕਾਰੀ ਬੋਲੀ ਕਰਾਰ ਦੇਣਾ ਤੇ ਰਾਜ ਪ੍ਰਬੰਧ ਵਿਚ ਇਸਨੂੰ ਲਾਜ਼ਮੀ ਵਰਤੋਂ ਦਾ ਅੰਗ ਬਣਾਉਣਾ ਹੈ। ਉਂਝ ਤਾਂ ਇਹ ਸਾਰਾ ਕੁਝ ਬਹੁਤ ਪਛੜ ਕੇ ਲੇਖਕਾਂ ਤੇ ਸਾਹਿਤ ਸਭਾਵਾਂ ਦੇ ਜ਼ੋਰ ਦੇਣ 'ਤੇ ਹੋਇਆ ਹੈ ਪਰੰਤੂ ਹੁਣ ਵੀ ਇਹ ਕਿਹਾ ਜਾ ਸਕਦਾ ਹੈ ਕਿ 'ਦੇਰ ਆਏ ਦਰੁਸਤ ਆਏ' ਪ੍ਰੰਤੂ ਇਹ ਗੱਲ ਇੱਥੇ ਹੀ ਨਹੀਂ ਮੁੱਕਦੀ। ਸਮੇਂ-ਸਮੇਂ ਸਰਕਾਰਾਂ ਭਾਸ਼ਾ ਬਾਰੇ ਬਹੁਤ ਵਾਅਦੇ ਅਤੇ ਐਲਾਨ ਕਰ ਚੁੱਕੀਆਂ ਹਨ ਪ੍ਰੰਤੂ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ ਹੈ। ਸਰਕਾਰ ਅੰਦਰ ਬੈਠੇ ਪੰਜਾਬੀ ਵਿਰੋਧੀ ਤੇ ਸਰਕਾਰੀ ਅਫਸਰਸ਼ਾਹੀ ਸਦਾ ਹੀ ਪੰਜਾਬੀ ਨੂੰ ਲਾਗੂ ਕਰਵਾਉਣ ਵਿਚ ਟਾਲ-ਮਟੋਲ ਹੀ

ਨਹੀਂ ਬਲਕਿ ਅੜਿੱਕੇ ਅੜਾਉਂਦੀ ਰਹੀ ਹੈ। ਇਸ ਸਮੇਂ ਵੀ ਅਕਾਲੀਆਂ ਨਾਲ ਸਰਕਾਰ 'ਚ ਭਾਈਵਾਲ ਫਿਰਕੂ ਪਾਰਟੀ ਭਾਰਤੀ ਜਨਤਾ ਪਾਰਟੀ ਜਿਸਨੇ ਕਦੇ ਵੀ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਤੇ ਇਸਨੂੰ ਢੁੱਕਵਾਂ ਸਥਾਨ ਦੇਣ ਦੀ ਗੱਲ ਪ੍ਰਵਾਨ ਨਹੀਂ ਕੀਤੀ। ਇਸਨੇ ਇਹ ਗੱਲ ਕਦੇ ਵੀ ਲੁਕੋ ਕੇ ਨਹੀਂ ਰੱਖੀ। ਭਾਰਤੀ ਜਨਤਾ ਪਾਰਟੀ ਵਿਚਲੇ ਸੰਘੀ ਸਵੈਮ ਸੇਵਕ ਸਦਾ ਹੀ ਲੋੜ ਪੈਣ 'ਤੇ ਪੰਜਾਬੀ ਵਿਰੁੱਧ ਨਫ਼ਰਤ ਦਾ ਪ੍ਰਗਟਾਵਾ ਕਰਦੇ ਰਹੇ। ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਤੇ ਵਿਧਾਇਕ ਸੁਰਜੀਤ ਜਿਆਣੀ ਸੌਂਹਾਂ ਹਿੰਦੀ ਤੇ ਸੰਸਕ੍ਰਿਤ ਵਿਚ ਖਾ ਚੁੱਕੇ ਹਨ। ਇਸ ਵੇਰ ਸਰਕਾਰ ਵਿਚ ਭਾਰਤੀ ਜਨਤਾ ਪਾਰਟੀ ਦਾ ਤਕੜਾ ਹੱਥ ਹੈ। ਉਹ ਇਸ ਹੱਥ ਨੂੰ ਪੰਜਾਬੀ ਦੇ ਵਿਰੁੱਧ ਵਰਤਣ ਦਾ ਹਰ ਹੀਲਾ ਕਰੇਗੀ। ਇਸ ਲਈ ਅਸੀਂ ਇਹ ਸਮਝਦੇ ਹਾਂ ਕਿ ਜਿਥੇ ਕਾਨੂੰਨ ਪਾਸ ਕਰਨੇ ਇੱਕ ਚੰਗੀ ਗੱਲ ਹੈ ਉਥੇ ਇਸਨੂੰ ਲਾਗੂ ਕਰਨਾ ਬਹੁਤ ਔਖਾ ਕੰਮ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਰਕਾਰਾਂ ਦੇ ਸਦਾ ਹੀ ਕਹਿਣੀ ਅਤੇ ਕਰਨੀ ਵਿਚ ਅੰਤਰ ਹੁੰਦਾ ਹੈ। ਸਰਕਾਰਾਂ ਵਾਅਦੇ ਅਤੇ ਦਾਅਵੇ ਤਾਂ ਵੱਡੇ-ਵੱਡੇ ਕਰਦੀਆਂ ਹਨ ਪ੍ਰੰਤੂ ਉਹਨਾਂ ਨੂੰ ਲਾਗੂ ਕਰਨ ਵੇਲੇ ਸਦਾ ਹੀ ਅਣਗਹਿਲੀ ਕਰਦੀਆਂ ਹਨ। ਇਸ ਲਈ ਅਸੀਂ ਪੰਜਾਬੀ ਪਿਆਰਿਆਂ ਨੂੰ ਚੌਕਸ ਕਰਦੇ ਹਾਂ ਕਿ ਕਾਨੂੰਨਾਂ ਦੇ ਪਾਸ ਹੋਣ 'ਤੇ ਖੁਸ਼ ਹੋਣਾ ਹੀ ਕਾਫ਼ੀ ਨਹੀਂ ਬਲਕਿ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਾਉਣ ਲਈ ਪਹਿਲਾਂ ਨਾਲੋਂ ਹੋਰ ਵੀ ਤਿੱਖੇ ਰੂਪ ਵਿਚ ਜ਼ੋਰ ਲਾਉਣਾ ਤੇ ਲਗਾਤਾਰ ਸੰਘਰਸ਼ ਕਰਨਾ ਲਾਜ਼ਮੀ ਹੈ। ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਾਉਣ ਲਈ ਗੈਰ ਸਰਕਾਰੀ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਪੰਜਾਬੀ ਪੱਖੀਆਂ ਦੀ ਨਿਗਰਾਨ ਕਮੇਟੀ ਬਣਵਾਉਣਾ ਵੀ ਜ਼ਰੂਰੀ ਹੈ। ਇਸ ਲਈ ਅੱਜ ਅਸੀਂ ਕੇਂਦਰੀ ਸਭਾਵਾਂ, ਹੋਰ ਸੰਸਥਾਵਾਂ 'ਤੇ ਪੰਜਾਬੀ ਸਾਹਿਤ ਅਕਾਦਮੀਆਂ ਨੂੰ ਵੰਗਾਰਦੇ ਹਾਂ ਕਿ ਉਹ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖਣ ਤੇ ਇਨ੍ਹਾਂ ਕਾਨੂੰਨਾਂ ਨੂੰ ਅਮਲ ਵਿਚ ਲਿਆਉਣ ਲਈ ਜ਼ੋਰ ਲਾਉਣ। ●

– ਸੰਪਾਦਕੀ ਮੰਡਲ


ਨਿੱਕ-ਨਵੇਂ ਪ੍ਰਕਾਸ਼ਨ

1. **ਸੁਲਤਾਨ ਬਾਹੂ - ਜੀਵਨ ਤੇ ਰਚਨਾ**
ਸੰਪਾਦਕ – ਸੁਲੱਖਣ ਸਰਹੱਦੀ
ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ

2. **ਕੁਝ ਆਰ ਦੀਆਂ - ਕੁਝ ਪਾਰ ਦੀਆਂ**
ਲੇਖਕ – ਗੁਰਦੇਵ ਸਿੰਘ ਘਣਗਸ (ਕਵਿਤਾਵਾਂ)
ਯੂਨੀਸਟਾਰ ਬੁਕਸ, ਚੰਡੀਗੜ੍ਹ

3. **ਨਾਰਾਂ - ਸੂਹੇ ਚਿੱਲੇ ਦੀਆਂ ਤਾਰਾਂ**
(ਔਰਤ ਗ਼ਜ਼ਲਕਾਰ)
ਸੰਪਾਦਕ ਸੁਲੱਖਣ ਸਰਹੱਦੀ – ਗਿੱਲ ਮੋਰਾਂਵਾਲੀ
ਨੈਸ਼ਨਲ ਬੁੱਕ ਸ਼ਾਪ - ਦਿੱਲੀ






# ਸੁਰਿੰਦਰ ਕੌਰ ਚਾਹਲ

ਡਾਕ ਵਿਚ ਆਈ ਇੱਕ ਕਿਤਾਬੜੀ, 'ਕੂੰਜੀਆਂ' ਪੜ੍ਹਨ ਤੋਂ ਬਾਅਦ ਆਖਰੀ ਸਫ਼ੇ ਉੱਤੇ ਮੈਂ ਲਿਖਿਆ ਸੀ; ਛੋਟੀਆਂ ਕਵਿਤਾਵਾਂ, ਡੂੰਘੇ ਅਰਥ, ਇਹ ਓਪਰੀਆਂ ਨਹੀਂ ਲੱਗਦੀਆਂ। ਸਾਦੀ ਜ਼ੁਬਾਨ ਵਿਚ ਨਵੇਂ ਅਰਥ – ਹਰ ਕਵਿਤਾ ਇਕ ਸੰਪੂਰਨ ਕਿਤਾਬ, ਇਹ ਕਵਿਤਾ, ਸ਼ੈਲਫ ਵਿਚ ਰੱਖਣ ਦੀ ਲੋੜ ਨਹੀਂ, ਇਹ ਜੇਬ ਵਿਚ ਪੈ ਸਕਦੀ ਹੈ, ਜਦੋਂ ਵਿਹਲ ਮਿਲੇ ਪੜ੍ਹੋ। ਅਣਛੋਹੇ ਵਿਸ਼ੇ, ਅਛੂਤਾ ਅੰਦਾਜ਼, ਅਨੋਖਾ ਮੁਹਾਵਰਾ, ਅਜਿਹੀ ਕਵਿਤਾ ਦੀ ਚਿਰਾਂ ਤੋਂ ਉਡੀਕ ਸੀ।"

– ਸੰਪਾਦਕ

## ਆਪਣੀ ਗੱਲ



ਮੇਰੀਆਂ ਸਹੇਲੀਆਂ ਨਾਂਹ-ਬਰਾਬਰ ਸਨ, ਮੈਂ ਕਿਹਦੇ ਨਾਲ ਖਿੱਜਦੀ? ਫੇਰ ਮੈਂ ਅੱਖਰਾਂ ਨਾਲ ਗੱਲਾਂ ਕਰਦੀ-ਕਰਦੀ ਕਵਿਤਾ ਲਿਖਣ ਲੱਗ ਪਈ।

ਕਵਿਤਾ ਨਾਲ ਮੈਂ ਆਪਣੀ ਅੰਗ-ਸਹੇਲੀ ਵਾਂਙੂ ਨਿਰਸੰਕੋਚ ਗੱਲਾਂ ਕਰਦੀ ਹਾਂ। ਜਦ ਉਚੇਚ ਨਾ ਹੋਵੇ, ਤਾਂ ਤੋਲ-ਤੁਕਾਂਤ ਦਾ ਸੰਸਾ ਨਹੀਂ ਰਹਿੰਦਾ। ਵਾਲ ਖੁੱਲੇ ਹੋਣ ਜਾਂ ਗੁੰਦੇ, ਜਦੋਂ ਬਿੜਕ ਸੁਣਦੀ ਹੈ, ਮੈਂ ਦਰਾਂ 'ਤੇ ਹੁੰਦੀ ਹਾਂ।

ਗੱਲਾਂ ਕਰਦਿਆਂ ਕਦੇ ਮਨ ਭਰ ਆਉਂਦਾ ਹੈ ਤੇ ਕਦੇ ਹੱਸਣ ਲੱਗਦੀ ਹਾਂ। ਗੱਲ ਸਿਰੇ ਚਾੜ੍ਹਨ ਦੀ ਵੀ ਮੈਨੂੰ ਬਾਨ੍ਹ ਨਹੀਂ ਹੁੰਦੀ। ਵਿੱਚੇ ਛੱਡ ਦਿੰਦੀ ਹਾਂ ਤੇ ਹੋਰ ਕੰਮ ਕਰਨ ਲੱਗ ਜਾਂਦੀ ਹਾਂ। ਕਈ ਵਾਰ ਗੱਲਾਂ ਇਕ ਦੂਜੀ ਨਾਲ ਪਲਚ ਜਾਂਦੀਆਂ ਹਨ। ਮੈਂ ਓਵੇਂ ਰਹਿਣ ਦਿੰਦੀ ਹਾਂ।

ਕਵਿਤਾ ਲਿਖਦੀ ਹਾਂ, ਤਾਂ ਮੈਨੂੰ ਆਪਣੀ ਧੀ-ਪੁੱਤ ਦਾ ਹੋਰ ਪਿਆਰ ਆਉਂਦਾ ਹੈ, ਆਪਣਾ ਸਾਥੀ ਹੋਰ ਚੰਗਾ ਲੱਗਦਾ ਹੈ ਤੇ ਸਭ ਕੁਝ ਧੋਤਾ-ਧੋਤਾ ਦਿਸਦਾ ਹੈ, ਜਿਵੇਂ ਮੀਂਹ ਪੈ ਕੇ ਹਟਿਆ ਹੋਵੇ।

ਕਵਿਤਾ ਲਿਖਦੀ ਹਾਂ, ਤਾਂ ਜਿਊਣ ਨੂੰ ਹੋਰ ਜੀਅ ਕਰਦਾ ਹੈ।


**ਸੁਰਿੰਦਰ ਚਾਹਲ**
31, Clarke Road, London, Ontario
Canada, N5W, 5W5

## 1. ਪਰਾਹੁਣੀਆਂ

ਕੁੜੀਆਂ ਪਰਾਹੁਣੀਆਂ ਆਈਆਂ ਨੇ
ਘਰ ਵਿਚੋਂ ਢੂੰਡਦੀਆਂ ਹਨ
ਪੁਰਾਣੇ ਨਕਸ਼, ਰੌਲਾ-ਘਚੋਲਾ
ਟੁਣਕਦੀਆਂ ਆਵਾਜ਼ਾਂ।

ਪਰਾਹੁਣੀਆਂ ਕੁੜੀਆਂ
ਘਰ ਦੇ ਹਰ ਕੋਨੇ ਨੂੰ
ਵੇਖਦੀਆਂ ਹਨ ਅੱਖਾਂ 'ਤੇ ਹੱਥ ਧਰ ਧਰ
ਪੋਲੇ ਹੱਥੀਂ ਪਲੋਸਦੀਆਂ ਹਨ
ਰਜਾਈ, ਗਦੈਲੇ,
ਕੱਢੀਆਂ ਚਾਦਰਾਂ, ਸਿਰਹਾਣੇ,

ਬੁੱਢੀ ਮਾਮੀ ਨੂੰ ਮਿਲ
ਕੁੜੀਆਂ ਸਾਰੀ ਰਾਤ
ਗੱਲਾਂ 'ਚ ਲੰਘਾਉਂਦੀਆਂ ਹਨ
ਆਪਣੀ ਮੁੱਕ ਚੁੱਕੀ ਮਾਂ ਦੀ
ਗੱਲ ਕਰਦੀਆਂ ਹਨ
ਤੁਰ ਗਏ ਮਾਮੇ ਦੀਆਂ
ਬਾਤਾਂ ਪਾਉਂਦੀਆਂ ਹਨ।

ਪਰਾਹੁਣੀਆਂ ਕੁੜੀਆਂ ਇੱਕ ਦੂਜੇ ਦਾ
ਦੁੱਖ ਸੁੱਖ ਕਰਦੀਆਂ, ਹੰਝੂ ਕੇਰਦੀਆਂ
ਖਿੜ ਖਿੜ ਹੱਸਦੀਆਂ ਹਨ
ਵਿਆਹ ਵਿਚ
ਨੱਚ-ਨੱਚ ਬਉਲ਼ੀਆਂ ਹੋਈਆਂ
ਝੱਗਾ ਚੁੰਨੀ ਲੈ ਖੁਸ਼ ਹਨ

ਇਕ ਇਕ ਕਰ ਪਰਾਹੁਣੀਆਂ ਕੁੜੀਆਂ
ਤੁਰ ਜਾਣਗੀਆਂ
ਹੱਥ ਹਿਲਾਉਂਦੀਆਂ
ਪਿੱਛੇ ਮੁੜ ਮੁੜ ਝਾਕਦੀਆਂ
ਹੱਥ 'ਚ ਫੜੀ ਗੰਢ ਨੂੰ ਸੰਭਾਲਦੀਆਂ
ਦੁਆਵਾਂ ਦਿੰਦੀਆਂ
ਖ਼ੈਰ ਮੰਗਦੀਆਂ
ਪਰਾਹੁਣੀਆਂ ਕੁੜੀਆਂ। ●

## 2. ਰੋਟੀਆਂ ਥਪਦੀ ਕਵਿਤਾ

ਕਵਿਤਾ ਮੇਰੇ ਨਾਲ ਰਹਿੰਦੀ ਹੈ
ਤਣੀ 'ਤੇ ਟੰਗੇ
ਕੱਪੜਿਆਂ 'ਚ ਲੁਕੀ
ਚਿਮਨੀ ਨਾਲ ਖਹਿਕੇ ਲੰਘਦੀ
ਬਲਦੇ ਚੁੱਲੇ ਦੇ ਸੇਕ 'ਚ ਬੈਠੀ
ਰੋਟੀਆਂ ਥਪਦੀ
ਭੋਜਨ ਵਰਤਾਉਂਦੀ
ਬਿਜਲੀ ਦੇ ਖੰਭਿਆਂ
ਦੁਆਲੇ ਭਮੱਕੜਾਂ ਨਾਲ ਉਡਦੀ
ਝਾੜੀਆਂ 'ਚ
ਜੁਗਨੂੰਆਂ 'ਚ ਜਗਦੀ ਬੁੱਝਦੀ।

ਕਵਿਤਾ ਸਹਿਜ ਸੁਭਾ ਮਿਲ ਜਾਂਦੀ ਹੈ
ਚਾਹ ਦੀ ਦੁਕਾਨ ਤੇ
ਮੱਧਮ ਰੌਸ਼ਨੀ ਵਿਚ
ਬਹਿਰਿਆਂ ਦੇ ਥਕੇਵੇਂ 'ਚ
ਉੱਖੜੀ ਉੱਖੜੀ ਹੱਸਦੀ ਹੈ
ਕਦੇ ਧਰਤੀ 'ਚੋਂ
ਕਣਕ ਕਪਾਹ ਬਣ ਕੇ ਪੁੰਗਰਦੀ ਹੈ
ਕਦੇ ਮੇਰੀ ਧੀ ਦੇ ਹਾਸੇ ਵਿਚ
ਘੁੰਗਰੂ ਬਣਕੇ ਛਣਕਦੀ ਹੈ। ●



## 3. ਉਦਾਸ ਘਰ

ਰਾਤ ਦੇ ਅਨੇਰੇ 'ਚ
ਗੱਡੀ ਦੇ ਖੜਾਕ ਨਾਲ
ਘਰ ਜਾਗਦੇ
ਨੇਰੇ ਤੋਂ ਡਰਦੇ

ਜਦੋਂ ਟਾਹਲੀ ਵਿਚ ਦੀ
ਹਵਾ ਲੰਘਦੀ ਹੈ
ਘਰ ਠੰਢੇ ਸਾਹ ਭਰਦੇ
ਚਾਨਣ ਨੂੰ ਉਡੀਕਦੇ

ਸੁਬਾਹ ਸਵੇਰੇ ਚੁੱਲੇ 'ਤੇ
ਚਾਹ ਦੀ ਪਤੀਲੀ ਨਹੀਂ ਖੜਕਦੀ
ਜੱਸੀ ਦੀ
ਬਾਟੀ 'ਚ ਚਾਹ ਪੀਣ ਦੀ ਜ਼ਿੱਦ
ਕੋਲੇ ਪਈ ਬਾਟੀ 'ਚ ਸਿਸਕ ਰਹੀ ਹੈ

ਬੇਰੀ ਹੇਠ
ਕੰਧ ਨਾਲ ਢੋਅ ਲਾਈ
ਊਂਘ ਰਹੀ ਹੈ ਢਾਂਗੀ

ਪੈਂਦੇ ਮੀਂਹ 'ਚ ਜੁਆਕ
ਪਿੱਤ ਨਹੀਂ ਮਾਰਦੇ
ਨਾ ਮੰਜੀ ਡਾਹ ਕੋਈ
ਸਿਆਲੀ ਧੁੱਪ ਸੇਕਦੇ

ਦਰਵਾਜੇ ਵਿਚ ਖੜ ਗੱਡਾ
ਖੂੰਜੇ ਪਈ ਪਰਾਣੀ ਵੱਲ ਵੇਖਦਾ
ਕਿੱਲੇ ਨਾਲ ਟੰਗੇ ਘੁੰਗਰੂ ਨਿਹਾਰਦੇ
ਬਲਦਾਂ ਨੂੰ ਉਡੀਕਦੇ
ਛੱਤਾਂ ਤੋਂ ਜਾਲੇ ਲਟਕ ਰਹੇ ਹਨ
ਕੰਧਾਂ ਤੋਂ ਲਿਓੜ ਝਾਕਦੇ ਹਨ
ਨਾ ਕਿਧਰੇ ਵੀਰ ਦੀ ਪੱਗ ਸੁੱਕਦੀ ਹੈ
ਨਾ ਭੈਣ ਦਾ ਡੋਰੀਆ ਉੱਡਦਾ

ਰੁੱਲ ਰਹੇ ਸੁੱਕੇ ਪੱਤਰ ਵੇਖ
ਘਰ ਜੀਆਂ ਨੂੰ ਹਾਕਾਂ ਮਾਰਦੇ
ਦੂਰੋਂ ਹਾਰਨ ਸੁਣ ਘਰ ਕੰਨ ਚੁਕਦੇ
ਹੌਲੀ ਹੌਲੀ ਨੇੜੇ ਆਉਂਦੀ
ਆਵਾਜ਼ ਤੇ ਮੁਕਰਾਉਂਦੇ। ●

## 4. ਪਿੰਡ ਦੀ ਸੱਥ 'ਚ

ਹੁਣੇ ਹੁਣੇ ਆਹ ਤਾਂਗਾ ਸ਼ਹਿਰੋਂ ਮੁੜਿਆ ਹੈ
ਸਵਾਰੀਆਂ ਨਾਲ ਨੱਕੋ-ਨੱਕ ਭਰਿਆ

ਗੰਢ ਚੁੱਕੀ ਜਾਂਦੇ
ਗੱਭਰੂ ਮਗਰ ਤੁਰ ਰਹੀ ਹੈ
ਝਾਂਜਰਾਂ ਦੀ ਛਣ-ਛਣ
ਸਫ਼ਾਖਾਨੇ ਤੋਂ ਮੁੜੀ
ਸੋਟੀ ਟੇਕ-ਟੇਕ ਤੁਰਦੀ
ਬੁੱਢੀ ਮਾਈ
ਮਹਿੰਗਾਈ ਦੀ ਭੰਨੀ
ਜੁਆਕਾਂ ਨੂੰ ਵਢੂੰ ਖਾਊਂ ਕਰ ਰਹੀ
ਬੱਚਿਆਂ ਦੀ ਮਾਂ

ਤਾਂਗੇ ਵਾਲਾ ਮੂੰਹ ਹੱਥ ਝਾੜ
ਘੋੜੇ ਨੂੰ ਪਲੋਸਦੈ
ਉਹਦੇ ਮੂੰਹ ਨਾਲ
ਦਾਣੇ ਦਾ ਥੈਲਾ ਟੰਗਦੈ
ਨਵੀਆਂ ਸਵਾਰੀਆਂ ਉਡੀਕਦਾ ਹੈ। ●

## 5. ਧਰਤੀ

ਮੈਨੂੰ ਆਪਣੀ ਧਰਤੀ
ਆਪਣਾ ਆਕਾਸ਼ ਉਡੀਕ ਰਿਹੈ
ਜਿਥੇ ਮੈਂ ਪਹਿਲਾ ਸਾਹ ਲਿਆ ਸੀ
ਇਸ ਭੋਇੰ ਤੋਂ ਹਜ਼ਾਰਾਂ ਮੀਲ ਦੂਰ
ਧਰਤੀ 'ਚ ਦੱਬੀ ਔਲ
ਮੈਨੂੰ ਵਾਜਾਂ ਮਾਰਦੀ ਹੈ
ਇਸ ਬੇਗਾਨੀ ਧਰਤੀ ਤੇ
ਓਪਰਿਆਂ ਵਿਚ
ਮਰਨ ਨੂੰ ਜੀਅ ਨਹੀਂ ਕਰਦਾ। •

## 6. ਕਸੀਦਾ ਕੱਢਦੀ

ਰੁਮਾਲ ਕੱਢਦੀ ਕੁੜੀ
ਤੋਪਿਆਂ 'ਚ ਭਰਦੀ
ਨਿੱਕੀਆਂ ਨਿੱਕੀਆਂ ਯਾਦਾਂ
ਮੇਲ ਦੀਆਂ ਘੜੀਆਂ
ਅੱਖਾਂ ਦੀ ਸ਼ਰਮਾਕਲ ਮਿਲਣੀ

ਕਸੀਦਾ ਕੱਢਦੀ
ਆਸਾਂ ਉਮੀਦਾਂ
ਫੁੱਲਪੱਤੀਆਂ 'ਚ ਪਰੋਂਦੀ
ਮਨ 'ਚ ਗੁਟਕਦੇ ਪੰਛੀ
ਰੁਮਾਲ ਤੇ ਕਬੂਤਰ ਦੀ ਜੋੜੀ
ਬਣ ਜਾਂਦੇ, ਚੁੰਝਾਂ ਮੇਲਦੇ
ਖੁਸ਼ਬੋ ਖਿਲਰਦੀ ਕੁੜੀ ਦੇ ਸਾਹਾਂ 'ਚੋਂ
ਤਿਤਲੀਆਂ ਵਾਂਗ ਉਡਾਰੀ ਮਾਰਦੀ
ਰੁਮਾਲ ਦੀਆਂ ਤਹਿਆਂ
ਖੰਭ ਬਣ ਜਾਂਦੀਆਂ
ਕਸੀਦਾ ਕੱਢਦੀ ਕੁੜੀ
ਉਡੀ ਫਿਰਦੀ ਹਰ ਤੋਪੇ ਦੇ ਨਾਲ-ਨਾਲ •

## 7. ਨਵੀਆਂ ਚੀਜ਼ਾਂ

ਨਵੀਆਂ ਚੀਜ਼ਾਂ ਨਾਲ ਭਰਿਆ
ਪੁਰਾਣੀਆਂ ਨੂੰ ਲੋਚਦਾ
ਇਹ ਮੇਰਾ ਘਰ ਹੈ
ਮਾਈਕਰੋਵੇਵ 'ਚ ਦਾਣੇ ਭੁੰਨਦਿਆਂ
ਪਿੰਡ ਦੀ ਭੱਠੀ ਤੇ ਦਾਣੇ ਭੁੰਨਦੀ
ਪਸੀਨਾ ਪੂੰਝਦੀ ਲੜਦੀ ਹੱਸਦੀ ਪੁੰਨੀ
ਸਾਕਾਰ ਹੋ ਜਾਂਦੀ ਹੈ
ਮਾਈਕਰੋਵੇਵ 'ਚ ਭੁੱਜੇ ਦਾਣਿਆਂ ਦਾ
ਸੁਆਦ ਕਿਰਕਿਰਾ ਕਰ ਜਾਂਦੀ ਹੈ
ਜੂਸ ਪੀਂਦਿਆਂ ਗੁੜ ਦੀ ਘੁਲਾੜੀ
ਯਾਦ ਆਉਂਦੀ ਹੈ
ਤਾਜ਼ਾ ਰਸ, ਪੱਕਦਾ ਗੁੜ
ਗੁੜ ਦੀ ਮਹਿਕ, ਗੰਨਿਆਂ ਦਾ ਫੋਕ
ਬਲਦਾਂ ਦੀਆਂ ਟੱਲੀਆਂ

ਨਵੀਆਂ ਚੀਜ਼ਾਂ ਨਾਲ ਭਰਿਆ
ਕਿੰਨਾ ਖਾਲੀ ਹੈ ਇਹ ਘਰ। •


ਹਰਭਜਨ ਸਿੰਘ ਹੁੰਦਲ
ਦਾ
ਨਵਾਂ ਕਾਵਿ ਸੰਗ੍ਰਹਿ
**ਮੇਰੇ ਬੋਲ**
(2000-2007)
ਪੰਨੇ 184, ਮੁੱਲ 250/-
ਮਨਪ੍ਰੀਤ ਪ੍ਰਕਾਸ਼ਨ
ਗੀਤਾ ਕਾਲੋਨੀ 16/16 ਦਿੱਲੀ-31
ਫੋਨ - 93122-71252






# ਲੀਲਾਧਰ ਜਗੂੜੀ ਦੀਆਂ ਨਜ਼ਮਾਂ

## 1. ਸ਼ੁਕਰੀਆ

ਜਾਣ ਵੇਲੇ ਆਉਂਦੀ ਏ ਇਕ ਯਾਦ
ਆਣ ਵੇਲੇ ਭੁੱਲ ਜਾਂਦਾ ਹਾਂ
ਰਾਤ ਵੇਲੇ ਕਿੱਥੇ ਰਹਿੰਦੇ ਨੇ ਮੰਗਤੇ
ਜੰਗਲ 'ਚ ਹਨੇਰੇ 'ਚ ਤਨਹਾਈ 'ਚ
ਜਾਂ ਕਿਸੇ ਬਹੁਤ ਵੱਡੇ ਕੁਣਬੇ 'ਚ
ਰਾਤ ਵੇਲੇ ਕਿੱਥੇ ਰਹਿੰਦੇ ਨੇ ਮੰਗਤੇ?

ਮੰਗਤੇ ਕਦੀ ਲੁਕਣਾ ਨਹੀਂ ਚਾਹੁੰਦੇ
ਭਿਖਾਰੀ ਬੱਚੇ
ਸਦਾ ਰੋਸ਼ਨੀ 'ਚ ਰਹਿੰਦੇ ਨੇ
ਭੀੜ-ਭਾੜ ਵਾਲੇ ਇਲਾਕਿਆਂ 'ਚ
ਰਹਿੰਦੇ ਨੇ
ਹੁੱਝ ਮਾਰ ਕੇ ਧਿਆਨ ਖਿੱਚਦੇ ਨੇ
ਤਾਂ ਕਿ ਲੋਕ ਉਨ੍ਹਾਂ ਨੂੰ ਵੇਖ ਸਕਣ

ਮੰਗਤੇ
ਬੱਚਿਆਂ ਨੂੰ ਸੜਕਾਂ 'ਤੇ ਛੱਡ ਦਿੰਦੇ ਨੇ
ਰੇਲਵੇ ਸਟੇਸ਼ਨਾਂ 'ਤੇ ਛੱਡ ਦਿੰਦੇ ਨੇ
ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ
ਉਹ ਨਜ਼ਰ ਆ ਸਕਣ

ਮੰਗਤੇ ਸੌਣ ਵੇਲੇ ਵੀ ਖ਼ੁਦ ਨੂੰ ਨਹੀਂ ਢੱਕਦੇ
ਤਾਂ ਕਿ ਨਿਰਲੱਜ ਦਇਆ ਆਉਂਦੀ ਰਹੇ
ਲਾਜਵੰਤ ਲੋਕਾਂ ਨੂੰ

ਮੰਗਤਿਆਂ ਕਰਕੇ ਦਇਆ ਤੇ
ਦਾਨ ਦਾ ਗੁਣ
ਬਚਿਆ ਹੋਇਆ ਏ ਪੂਰੀ ਮਾਨਵਤਾ 'ਚ
ਮੰਗਤਿਆਂ ਨੂੰ ਕਿਹਾ ਜਾਵੇ
ਜਾਂ ਮਾਨਵਤਾ ਨੂੰ ਕਿਹਾ ਜਾਵੇ ਸ਼ੁਕਰੀਆ।

## 2. ਵਿੱਦਿਆ ਦਿਉ

ਵਿੱਦਿਆ ਦਿਉ ਭਿਖਾਰੀ ਨੂੰ
ਉਹ ਸਭ ਕੁਝ
ਆਪਣੇ ਅੰਦਰ ਰਚਾ ਲੈਣਾ ਚਾਹੁੰਦਾ ਏ
ਭੁੱਖੇ ਨੂੰ ਭੋਜਨ ਦੀ ਵਿੱਦਿਆ ਦਿਉ

ਅਪਰਾਧੀ ਨੇ ਰੱਬ ਨੂੰ ਕਿਹਾ
ਹੇ ਈਸ਼ਵਰ! ਮੈਂ ਜੋ ਕੁਝ ਕਰਦਾ ਹਾਂ
ਤੈਨੂੰ ਅਰਪ ਦਿੰਦਾ ਹਾਂ
ਮੈਂ ਹਰੇਕ ਨੂੰ ਮਰਿਆ ਹੋਇਆ ਸਮਝਦਾ ਹਾਂ

ਪ੍ਰਭ ਜੀ! ਜਿਹੜੇ ਪਹਿਲਾਂ ਹੀ ਮਰੇ ਹੋਏ ਨੇ
ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਦਾ ਹਾਂ ਮੈਂ
ਇਸ ਮਹਾਭਾਰਤ 'ਚ

ਵਿੱਦਿਆ ਦਿਉ
ਵਿੱਦਿਆ ਦਿਉ
ਕੋਈ ਹੋਰ ਵਿੱਦਿਆ ਦਿਉ ਭਿਖਾਰੀ ਨੂੰ
ਰੋਟੀ ਨਾਲ ਹੀ ਨਹੀਂ ਮਿਟਣੀ ਭੁੱਖ
ਭੁੱਖੇ ਨੂੰ ਭਰਪੂਰ ਭੋਜਨ ਦੀ ਵਿੱਦਿਆ ਦਿਉ

ਵਰਨਾ ਭੁੱਖਾ
ਭੋਜਨ ਦੀ ਕੋਈ ਇਕ ਵਿੱਦਿਆ
ਖ਼ੁਦ ਛਾਂਟ ਲਵੇਗਾ। •

ਪੰਜਾਬੀ ਅਨੁਵਾਦ - ਪ੍ਰੇਮ ਸਾਹਿਲ

# ਸ਼ਹੀਦ ਭਗਤ ਸਿੰਘ

ਰਾਜਿੰਦਰ ਕੁਮਾਰ

(ਸੌ ਵਰ੍ਹਿਆਂ ਦੇ ਬੁੱਢੇ ਦੇ ਰੂਪ ਵਿਚ ਯਾਦ ਕੀਤੇ ਜਾਣ ਦੇ ਵਿਰੁੱਧ)

ਮੈਂ ਫਿਰ ਕਹਿੰਦਾ ਹਾਂ
'ਫਾਂਸੀ ਦੇ ਤਖਤੇ ਉੱਤੇ ਚੜ੍ਹਾਏ ਜਾਣ ਦੇ
ਪਝੱਤਰ ਸਾਲ ਬਾਅਦ ਵੀ
ਕ੍ਰਾਂਤੀ ਦੀ ਤਲਵਾਰ ਦੀ ਧਾਰ
ਵਿਚਾਰਾਂ ਦੀ ਸਾਣ ਉੱਤੇ ਤੇਜ਼ ਹੁੰਦੀ ਹੈ।'
ਉਹ ਬੰਬ ਜੋ ਮੈਂ ਅਸੈਂਬਲੀ ਵਿਚ ਸੁੱਟਿਆ ਸੀ
ਉਸ ਦਾ ਧਮਕਾ ਸੁਣਨ ਵਾਲਿਆਂ ਵਿਚੋਂ
ਤਾਂ ਹੁਣ ਸ਼ਾਇਦ ਹੀ ਕੋਈ ਜੀਊਂਦਾ ਹੋਵੇ
ਪਰ ਉਹ ਸਿਰਫ਼ ਬੰਬ ਨਹੀਂ, ਇੱਕ ਵਿਚਾਰ ਸੀ
ਤੇ ਵਿਚਾਰ ਸਿਰਫ਼ ਸੁਣੇ ਜਾਣ ਲਈ ਨਹੀਂ ਹੁੰਦੇ।
ਮੰਨਿਆ ਕਿ ਇਹ ਮੇਰੇ ਜਨਮ ਦਾ ਸੌਵਾਂ ਸਾਲ ਹੈ
ਪਰ ਮੇਰੇ ਪਿਆਰੇ
ਮੈਨੂੰ ਸਿਰਫ਼ ਸੌ ਵਰ੍ਹਿਆਂ ਦੇ ਬੁੱਢੇ ਵਿਚ ਮੱਤ ਲੱਭੋ
ਉਹ ਤੇਈ ਸਾਲ, ਕੁਝ ਮਹੀਨੇ
ਜੋ ਮੈਂ ਇੱਕ ਵਿਚਾਰ ਬਣਨ ਦੀ ਪ੍ਰਕਿਰਿਆ ਵਿਚ ਜੀਵੇ
ਉਹ ਇਹਨਾਂ ਸੌ ਵਰ੍ਹਿਆਂ ਵਿਚ ਕਿੱਥੇ ਗੁੰਮ-ਗਵਾਚ ਗਏ
ਖੋਜ ਸਕੋ ਤਾਂ ਖੋਜੋ।
ਉਹ ਤੇਈ ਵਰ੍ਹੇ
ਅੱਜ ਵੀ ਮਿਲ ਜਾਵਣ ਕਿਤੇ
ਕਿਸੇ ਹਾਲਤ ਵਿਚ ਕਿਹੜੇ ਨੌਜਵਾਨਾਂ ਵਿਚ
ਤਾਂ ਉਹਨਾਂ ਨੂੰ ਮੇਰਾ ਸਲਾਮ ਆਖਣਾ
ਤੇ ਉਨ੍ਹਾਂ ਦਾ ਸਾਥ ਦੇਣਾ
ਤੇ ਆਪਣੀ ਉਮਰ ਉੱਤੇ ਮਾਣ ਕਰਨ ਵਾਲੇ ਬੁੱਢਿਆਂ ਨੂੰ ਆਖਣਾ
ਆਪਣੇ ਬੁਢਾਪੇ ਦਾ ਗੌਰਵ ਉਨ੍ਹਾਂ ਉੱਤੇ ਕੁਰਬਾਨ ਕਰ ਦੇਣਾ। ●

ਸਿਰਨਾਵਾਂ - 12/ਬੀ, ਬੰਦ ਰੋਡ, ਏਲਨਗੰਜ, ਇਲਾਹਾਬਾਦ-2 ਉੱਤਰ ਪ੍ਰਦੇਸ਼



# ਗ਼ਜ਼ਲ

- ਸੁਲੱਖਣ ਸਰਹੱਦੀ

ਮੈਂ ਇੱਲਾਂ ਨੂੰ ਬਾਜ਼ ਨਹੀਂ ਲਿਖਦਾ ਨਾ ਧੁੱਪਾਂ ਨੂੰ ਛਾਂ
ਮੈਂ ਤੇ ਮਾਂ ਨੂੰ ਹੀ ਮਾਂ ਲਿਖਨਾਂ, ਗਾਂ ਨੂੰ ਲਿਖਨਾਂ ਗਾਂ।

ਤੂੰ ਕਬਰਾਂ 'ਤੇ ਬੁਰਜ ਬਣਾ ਕੇ ਬਾਂਗਾਂ ਦੇਂਦਾ ਫਿਰ,
ਮੈਂ ਬਾਂਗਾਂ ਨੂੰ ਰੌਲਾ ਲਿਖਨਾਂ ਕਬਰਾਂ ਨੂੰ ਕਬਰਾਂ।

ਉਹ ਪਾਣੀ ਜੋ ਸਿਰਫ਼ ਸ਼ਰਾਬਾਂ ਵਿਚ ਹੈ ਰਲਣ ਲਈ,
ਉਸ ਨੂੰ ਵੀ ਤੂੰ ਪੰਡਿਤਾਂ ਕਿੱਦਾਂ ਗੰਗਾ ਜਲ ਲਿਖਨਾਂ?

ਸ਼ਿਅਰ ਮੈਂ ਜਿਹੜਾ ਵੀ ਲਿਖਨਾਂ ਉਹ ਲਿਖਨਾਂ ਪੜ੍ਹ ਸੁਣ ਕੇ,
ਮੈਂ ਸੜਕਾਂ ਵੀ ਪੜ੍ਹਦਾ ਹਾਂ ਤੇ ਨਾਅਰੇ ਵੀ ਸੁਣਨਾਂ।

ਸ਼ੁਕਰ ਹੈ ਰੱਬਾ ਜੋ ਤੂੰ ਦਿਲ ਨੂੰ ਜੀਭ ਨਹੀਂ ਲਾਈ
ਵਰਨਾ ਰੋਜ਼ ਹੀ ਧੀਆਂ ਸਿਰ ਤਲਵਾਰਾਂ ਲਹਿਰਦੀਆਂ।

ਜ਼ੁਲਮ ਖਿਲਾਫ਼ ਅਨੰਦਪੁਰੀ ਵੀ ਲਿਖਣੀ ਪਊ ਸੂਹੀ
ਅਜੇ ਮੈਂ ਰਾਜੇ ਸ਼ੀਂਹ ਮੁਕੱਦਮ ਕੁੱਤੇ ਹੀ ਲਿਖਨਾਂ।

ਸਰਸਵਤੀ ਤੇ ਲਛਮੀ ਦੋਵੇਂ ਕੱਠੀਆਂ ਰਹਿਣ ਕਿਵੇਂ
ਇਕ ਨਦੀ ਦਾ ਨਾਂ ਮਿਟ ਜਾਵੇ, ਮਿਲਣ ਜੇ ਦੋ ਨਦੀਆਂ।

ਝਟਕੇ ਨਾਲ ਹਲਾਲ ਦੀ ਲੱਗਦੈ ਸੰਧੀ ਹੋ ਗਈ ਹੈ,
ਦਾਲ ਦੁਆਲੇ ਦੋਵੇਂ ਕੱਢੀ ਫਿਰਦੇ ਨੇ ਛੁਰੀਆਂ।

ਆਬ ਦਾ ਪਾਣੀ, ਖ਼ੁਸ਼ਬੂ, ਰਸਤਾ, ਖੰਭ, ਕਲਮ ਜਾਂ ਲੋਅ
ਦਿਲ ਕਰਦੈ 'ਸਰਹੱਦੀ' ਤੈਨੂੰ ਐਸਾ ਲਕਬ ਦਿਆਂ।

●●●

ਵਾਹਗਿਓਂ ਪਾਰ

# ਨਸੀਰ ਕਵੀ

## ਅਸੀਂ ਵਾਲੀ ਤਖ਼ਤ ਹਜ਼ਾਰੇ ਦੇ

ਅਸੀਂ ਸੂਲੀ ਚੜ੍ਹਦੇ ਡੋਲੇ ਨਹੀਂ
ਅਸੀਂ ਸੀ ਨਹੀਂ ਕੀਤੀ, ਬੋਲੇ ਨਹੀਂ
ਅਸੀਂ ਟਿਕਟਿਕੀਆਂ ਤੇ ਚੜ੍ਹੇ ਰਹੇ
ਅਸੀਂ ਆਪਣੀ ਗੱਲ ਤੇ ਅੜੇ ਰਹੇ
ਅਸੀਂ ਕੋੜੇ ਖਾਧੇ ਸ਼ਾਨਾਂ ਨਾਲ
ਅਸੀਂ ਜੇਲ੍ਹਾਂ ਕੱਟੀਆਂ ਆਨਾਂ ਨਾਲ
ਅਸੀਂ ਮਿੱਟੀਆਂ ਪੱਟਦੇ ਥੱਕੇ ਨਹੀਂ
ਅਸੀਂ ਰੱਸੀਆਂ ਵੱਟਦੇ ਅੱਕੇ ਨਹੀਂ
ਅਸੀਂ ਟੈਕਾਂ ਕੋਲੋਂ ਰੁਕੇ ਨਹੀਂ
ਅਸੀਂ ਰੇਨਕਾਂ ਅੱਗੇ ਝੁਕੇ ਨਹੀਂ
ਜ਼ੁਲਮਾਂ ਨੂੰ ਹੱਸ ਕੇ ਸਹਿੰਦੇ ਰਹੇ
ਗ਼ਾਸਬ ਨੂੰ ਗ਼ਾਸਬ ਕਹਿੰਦੇ ਰਹੇ
ਅਸੀਂ ਵਾਲੀ ਤਖਤ ਹਜ਼ਾਰੇ ਦੇ
ਬਣੇ ਪਾਲੀ ਸੱਜਣ ਪਿਆਰੇ ਦੇ
ਜਾ ਟਿੱਲੇ ਕੰਨ ਪੜਵਾਉਂਦੇ ਹਾਂ
ਰੰਗਪੁਰਾ ਵਿਚ ਅਲਖ ਜਗਾਉਂਦੇ ਹਾਂ
ਅਸੀਂ ਹੀਰਾਂ ਦਿਲ 'ਚੋਂ ਕੱਢੀਆਂ ਨਹੀਂ
ਅਸੀਂ ਮੰਗਾਂ ਕਦੇ ਵੀ ਛੱਡੀਆਂ ਨਹੀਂ
ਅਸੀਂ ਸ਼ਾਹ ਹੁਸੈਨ ਤੇ ਬੁੱਲ੍ਹੇ ਆਂ
ਅਸੀਂ ਸਾਦਲ ਬਾਰ ਦੇ ਦੁੱਲੇ ਆਂ
ਅਸੀਂ ਨੱਚ ਕੇ ਯਾਰ ਮਨਾ ਲੈਂਦੇ
ਅਸੀਂ ਹੱਸ ਕੇ ਸੀਸ ਕਟਾ ਲੈਂਦੇ
ਰੱਸੀਆਂ ਦੇ ਸੱਪ ਬਣਾਉਂਦੇ ਨਹੀਂ
ਇਹ ਚੱਕਰ ਸਾਨੂੰ ਆਉਂਦੇ ਨਹੀਂ
ਗੁੱਗੇ ਦੇ ਮੰਤਰ ਜਪ ਲੈਂਦੇ
ਇਕ ਹੱਥ ਨਾਲ ਫਨੀਅਰ ਨੱਪ ਲੈਂਦੇ
ਨਾਗਾਂ ਨਾਲ ਮੰਜੀਆਂ ਬੁਣ ਲੈਂਦੇ,
ਸੂਲਾਂ ਦੀਆਂ ਸੇਜਾਂ ਚੁਣ ਲੈਂਦੇ।

(ਪੰਚਮ ਲਾਹੌਰ)

---

ਵਾਗਿਓਂ ਪਾਰ

## ਗ਼ਜ਼ਲ / ਨਜ਼ਰ ਮਲਕ

ਖਿਜ਼ਾਂ ਦਾ ਐਤਕੀਂ ਆਇਆ ਏ ਚੋਖਾ ਡਰ ਦਰਖ਼ਤਾਂ ਨੂੰ
ਜਿਦਣ ਮੌਸਮ ਨੇ ਪਾਏ ਫੁੱਲਾਂ ਦੇ ਜ਼ੇਵਰ ਦਰਖ਼ਤਾਂ ਨੂੰ।
ਪਰਿੰਦੇ ਅਲਵਿਦਾ ਕਹਿ ਪਹਾੜਾਂ ਵੱਲ ਜਿੱਦਣ ਪਰਤੇ
ਇਹਨਾਂ ਦੇ ਨਾਲ ਉੱਡ ਪੈਂਦੇ ਨੇ ਲੱਗਦੇ ਪਰ ਦਰਖ਼ਤਾਂ ਨੂੰ।
ਅਜੇ ਤਾਈਂ ਤੇ ਇੰਜ ਲਗਦੈ ਪੈ ਨੇ ਜੀਕਣ ਅਪਰਾਧੂ
ਅਸਾਡੀ ਵੀ ਕਦੀ ਏ ਆਵਣੀ ਓਦਰ ਦਰਖ਼ਤਾਂ ਨੂੰ।
ਤਿਰੇ ਮਿਲਣੇ ਦੀ ਹਸਰਤ ਮੇਰੀ ਇੰਜ ਹਾਲਤ ਬਣਾ ਛੋੜੀ
ਜਿਵੇਂ ਕੈਦੀ ਪੰਖੇਰੂ ਵੇਖਦਾ ਏ ਦਿਨ ਭਰ ਦਰਖ਼ਤਾਂ ਨੂੰ।
ਕਦੇ ਬੰਦੇ ਦਾ ਜੰਗਲ ਪਾਰ ਕਰਨਾ ਹਾ ਬੜਾ ਔਖਾ
ਤੇ ਹੁਣ ਇਨਸਾਨ ਨੂੰ ਆਵਣ ਲੱਗਾ ਏ ਡਰ ਦਰਖ਼ਤਾਂ ਨੂੰ।
'ਨਜ਼ਰ' ਸ਼ਾਹ ਹੇਰ ਕੇ ਇੰਜ ਤੇ ਸਿਰ ਢਾਹੀ ਖਲੇ ਨਹੀਂ ਇਹ
ਕੋਈ ਤੇ ਰੋਗ ਹੈ ਚੋਖਾ ਜੋ ਖਾ ਗਿਆ ਏ ਅੰਦਰ ਦਰਖ਼ਤਾਂ ਨੂੰ।

(– ਪੰਚਮ ਲਾਹੌਰ)



ਨਜ਼ਮ

# ਮੌਸਮ ਬਦਲ ਰਿਹਾ ਹੈ

ਪ੍ਰਮਿੰਦਰ ਸੋਢੀ (ਜਾਪਾਨ)

ਪੰਛੀ ਆਲ੍ਹਣਿਆਂ ਨੂੰ
ਰੰਗ ਵਸਤਾਂ ਨੂੰ
ਕਿਰਤ ਖੇਤਾਂ ਨੂੰ
ਅਲਵਿਦਾ ਕਹਿ ਰਹੇ ਨੇ

ਮੌਸਮ
ਬਦਲ ਰਿਹਾ ਹੈ ....

ਹਰੇ ਪਿੰਡ
ਪਥਰੀਲੇ ਸ਼ਹਿਰਾਂ 'ਚ
ਡੁੱਬ ਰਹੇ ਨੇ

ਨੀਲੇ ਅੰਬਰ ਦੀ
ਵਿਸ਼ਾਲ ਛਾਤੀ ਨੂੰ
ਅਸੀਂ ਕੌੜੇ ਧੂੰਏਂ ਨਾਲ
ਛਣਨੀ ਕਰ ਦਿੱਤਾ ਹੈ

ਲੋਕ
ਫੁੱਲਾਂ ਕੋਲੋਂ ਉੱਠ ਕੇ
ਜਾ ਰਹੇ ਨੇ
ਉਹ ਤਾਂ ਬੰਸਰੀ ਨੂੰ
ਕਿਸੇ ਹਨੇਰੇ ਬਕਸੇ 'ਚ
ਭੁੱਲ ਆਏ ਨੇ....

ਲੋਕਾਂ ਨੂੰ ਤਾਂ
ਚਾਨਣੀ ਦਾ ਵੀ
ਨਾਂ ਯਾਦ ਨਹੀਂ ਰਿਹਾ

ਧੁੱਪ ਤੇ ਖ਼ੁਸ਼ਬੂ
ਮਨੁੱਖ ਦੇ ਸਾਹਾਂ ਤੋਂ
ਵਿਦਾ ਹੋ ਰਹੀ ਹੈ

ਅਸੀਂ ਤਾਂ ਦੌੜ ਪਏ ਹਾਂ
ਚੌਰਸ ਧਰਤੀ 'ਤੇ
ਕਾਹਲੀਆਂ ਰੂਹਾਂ ਵਾਂਗ

ਅਸੀਂ ਤਾਂ
ਇਕ ਦੂਜੇ ਨੂੰ ਵੀ
ਚੰਗੇ ਨਹੀਂ ਲੱਗਦੇ

ਸਾਡੇ ਦਿਲ
ਕਾਰਾਂ ਦੀਆਂ ਟੈਂਕੀਆਂ 'ਚੋਂ
ਜ਼ਹਿਰ ਬਣ ਉੱਡ ਰਹੇ ਹਨ

ਅਸੀਂ ਮੌਤ ਦੇ ਸੱਚ ਨੂੰ
ਪਲਾਟਾਂ ਅਤੇ ਕੋਠੀਆਂ
ਹੇਠ ਦਬਾ
ਆਪ ਭਰਮਾਂ ਦੇ ਓਹਲੇ
ਹੋਰ ਵੀ ਉੱਚੇ
ਤਾਣ ਲਏ ਹਨ

ਅਸੀਂ ਆਲ੍ਹਣੇ ਨਹੀਂ
ਤੋਪਾਂ ਦੇ ਸਿਰ ਬਣ ਗਏ ਹਾਂ

ਮੌਸਮ
ਬਦਲ ਰਿਹਾ ਹੈ ......

ਪਰ ਮੌਸਮ
ਕਿੰਨਾ ਵੀ ਬਦਲੇ .....

ਅਸੀਂ ਆਪਣੇ
ਦਿਲ ਦੀ ਆਖ਼ਰੀ
ਨੁੱਕਰ 'ਚ
ਉੱਗ ਰਹੀ
ਘਾਹ ਦੀ ਨਿੱਕੀ ਜਿਹੀ
ਪੱਤੀ ਤੋਂ
ਮੁਨਕਰ ਨਹੀਂ ਹੋ ਸਕਦੇ

ਮੌਸਮ
ਕਿੰਨਾ ਵੀ ਬਦਲੇ....

ਨਿੱਕੇ ਬਾਲ ਦੀ
ਨਿੱਕੀ ਜਿਹੀ ਮੁੱਠੀ
ਮੀਂਹ ਵਿਚ ਭਿੱਜਦਾ ਬਿਰਖ਼
ਅਸਮਾਨੀ ਪਾਣੀਆਂ 'ਚ
ਤੈਰਦਾ ਪੰਛੀ
ਹਵਾ ਵਾਂਗ
ਚੁਫੇਰੇ ਫੈਲਿਆ ਇਹ
ਪਿਆਰ
ਅਤੇ
ਅੱਜ ਦਾ ਇਹ ਦਿਨ
ਸਾਡੇ ਲਈ ਕਾਫ਼ੀ ਹਨ

ਅਸੀਂ
ਦੂਰ ਤੱਕ ਫੈਲੀਆਂ
ਚਰਾਗਾਹਾਂ ਦੇ
ਸੁਪਨੇ ਵੇਖਾਂਗੇ

ਅਤੇ
ਪੂਰੀ ਧਰਤੀ ਨੂੰ
ਕਿਸੇ ਬੋਧੀ ਚਾਨਣ ਦੀ
ਮਹੀਨ ਚਾਦਰ 'ਚ
ਲਪੇਟ ਦੇਵਾਂਗੇ

ਅਸੀਂ
ਪਿਆਰ ਕਰਾਂਗੇ...... •

# ਕਮਲ ਦੀਆਂ ਦੋ ਨਜ਼ਮਾਂ

## 1. ਸਿਤਾਰਾ

ਮੇਰੇ ਸਿਤਾਰੇ,
ਮੈਂ ਤੈਨੂੰ ਆਪਣੇ ਮਨ ਦੇ
ਅੰਬਰ ਤੋਂ ਲੱਭਿਆ ਹੈ।

ਤੇਰੀ ਮੁਸਕੁਰਾਹਟ,
ਮੇਰੀਆਂ ਸੋਚਾਂ ਦੀ ਧਰਤੀ 'ਤੇ
ਕਪਾਹ ਵਾਂਗ ਖਿੜਦੀ ਹੈ
ਤੇਰੀਆਂ ਰੰਗ-ਬਿਰੰਗੀਆਂ ਗੱਲਾਂ,
ਮੇਰੇ ਚੇਤਿਆਂ ਵਿਚ
ਤਿਤਲੀਆਂ ਬਣਕੇ ਉੱਡਦੀਆਂ ਹਨ।

ਤੇਰੀ ਰਹੱਸਮਈ ਆਵਾਜ਼
ਕਿਸੇ ਮੰਦਰ ਦੀਆਂ
ਘੰਟੀਆਂ ਦੀ ਯਾਦ ਦਿਵਾਉਂਦੀ ਹੈ।

ਤੇਰੇ ਜ਼ਿਕਰ ਨਾਲ
ਉਦਾਸ ਮੌਸਮ ਵਿਚ
ਪੁਰਵਾਈ ਚੱਲ ਪੈਂਦੀ ਹੈ।

ਪਰ ਮੇਰੇ ਸਿਤਾਰੇ
ਤੂੰ ਸਿਰਫ਼
ਮੇਰੇ ਲਈ ਹੀ ਨਹੀਂ
ਸਾਰੀ ਦੁਨੀਆਂ ਲਈ
ਚਾਨਣ ਦਾ ਪੈਗ਼ਾਮ ਬਣੀਂ।

ਤੇ ਸੰਸਾਰ ਭਰ ਦੀਆਂ
ਹਨੇਰੀਆਂ ਗਲੀਆਂ ਲਈ
ਇੱਕ ਰੌਸ਼ਨ ਸਿਤਾਰਾ ਬਣੀਂ।

## 2. ਸ਼ਤਰੰਜ

ਅੱਧੀ ਅੱਧੀ ਉਂਗਲ ਜਿੱਡੇ ਪਿਆਦੇ
ਮੇਰਾ ਰਸਤਾ ਰੋਕੀ ਖੜ੍ਹੇ ਹਨ।

ਮੇਰੇ ਖ਼ਿਆਲਾਂ ਦੇ
ਅਰਬੀ ਘੋੜਿਆਂ ਨੂੰ
ਰਿਵਾਜਾਂ ਦੇ ਸੰਗਲ
ਬੰਨ ਮਾਰਨਾ ਚਾਹੁੰਦੇ।

ਮੇਰੇ ਮਨ ਦਾ
ਚਿੱਟਾ ਹਾਥੀ
ਘਣੇ ਹਨੇਰੇ ਜੰਗਲ ਦੀ
ਇਕੱਲ ਨਾਲ ਜੂਝ ਰਿਹਾ।

ਮੇਰੇ ਈਮਾਨ ਦੇ ਊਠ ਨੂੰ
ਹਰ ਕੋਈ
'ਜਸਰਥ' ਦਾ ਰਾਹ
ਭੁਲਾਉਣਾ ਚਾਹੁੰਦਾ।

ਮੇਰੀਆਂ ਸੋਚਾਂ ਦਾ ਵਜ਼ੀਰ
ਅੱਜ ਬੇਹੱਦ ਫ਼ਿਕਰਮੰਦ
ਤੇ ਮੇਰੇ ਫ਼ਨ ਦਾ ਬਾਦਸ਼ਾਹ
ਚਾਰੇ ਪਾਸਿਉਂ ਸ਼ਹਿ ਵਿਚ
ਅੱਧੀ ਅੱਧੀ ਉਂਗਲ ਜਿੱਡੇ ਪਿਆਦੇ
ਮੇਰਾ ਰਸਤਾ ਰੋਕੀ ਖੜ੍ਹੇ ਹਨ।

ਪਤਾ - 9, ਫਤਹਿਗੜ੍ਹ ਰੋਡ, ਅੰਮ੍ਰਿਤਸਰ (ਪੰਜਾਬ)





# ਨੈਤਿਕਤਾ ਦਾ ਪੁਜਾਰੀ

ਲੇਖਕ - ਮੈਕਸਿਮ ਗੋਰਕੀ

ਡੂੰਘੀ ਰਾਤ ਨੂੰ ਅਚਾਨਕ ਉਹ ਮੇਰੇ ਕਮਰੇ ਵਿਚ ਪ੍ਰਗਟ ਹੋਇਆ ਤੇ ਅਤੀ-ਧੀਮੀ, ਖੁਸਰ-ਫੁਸਰ, ਆਵਾਜ਼ ਵਿਚ ਪੁੱਛਣ ਲੱਗਾ, "ਮੁਆਫ਼ ਕਰਨਾ ..... ਕੀ ਮੈਂ ਅੱਧੇ ਕੁ ਘੰਟੇ ਲਈ ਤੁਹਾਡੇ ਨਾਲ ਇਕਾਂਤ ਵਿਚ ਗੱਲਬਾਤ ਕਰ ਸਕਦਾ ਹਾਂ?"

ਕੱਦ-ਕਾਠੀ ਪੱਖੋਂ ਲੰਬੂਤਰਾ, ਸਫਾਚੱਟ ਚਿਹਰਾ, ਰਹੱਸਮਈ ਸਲੇਟੀ ਅੱਖਾਂ ਤੇ ਮੁਆਫੀਆਂ ਮੰਗਦੀ ਹੋਈ ਮੁਸਕਾਨ – ਉਹ ਇਕ ਕੁਰਸੀ ਵਿਚ ਧਸ ਗਿਆ। ਮੇਰੇ ਕਮਰੇ ਵਿਚ ਚਾਰੇ ਪਾਸੇ ਨਿਗਾਹਾਂ ਘੁਮਾਉਂਦਿਆਂ ਉਸਨੇ ਕਿਹਾ, "ਉਹ ਲੋਕ ਹਮੇਸ਼ਾ ਸਾਡੇ ਉੱਤੇ ਨਜ਼ਰ ਰੱਖਦੇ ਨੇ...."

"ਉਹ ਲੋਕ? ਕਿਹੜੇ ਲੋਕ?"

"ਉਹੀ ਖ਼ਬਰਾਂ ਸੁੰਘਣ ਵਾਲੇ .... ਪੱਤਰਕਾਰ।"

ਉਸਦੇ ਉਲਟੇ ਹੱਥ ਵਿਚ ਇਕ ਖ਼ੂਬਸੂਰਤ ਹੈਟ ਝੂਲ ਰਿਹਾ ਸੀ। ਲੰਮੀਆਂ ਉਂਗਲਾਂ ਕਿਸੇ ਡਰ ਦਾ ਕਾਂਬਾ ਸੀ। ਉਸਦੇ ਕੱਪੜਿਆਂ ਤੇ ਚਿਹਰੇ ਉੱਤੇ ਛਾਈ ਸ਼ਰਾਫਤ ਇਸ ਗੱਲ ਦੀ ਗਵਾਹ ਸੀ ਕਿ ਉਸਨੇ ਆਪਣੇ ਕੱਪੜਿਆਂ ਉੱਤੇ ਕਾਫ਼ੀ ਰਕਮ ਖਰਚ ਕੀਤੀ ਹੈ।

ਆਪਣੀਆਂ ਉਦਾਸ ਅੱਖਾਂ ਨਾਲ ਖਿੜਕੀ ਵੱਲ ਦੇਖਦਿਆਂ ਹੋਇਆਂ ਉਸਨੇ ਆਪਣੀ ਗੱਲ ਸ਼ੁਰੂ ਕੀਤੀ, "ਸਭ ਤੋਂ ਪਹਿਲਾਂ ਤਾਂ ਮੈਂ ਤੁਹਾਨੂੰ ਆਪਣੇ ਬਾਰੇ ਕੁਝ ਦੱਸ ਦਿਆਂ। ਅਸਲ ਵਿਚ ਮੈਂ ਇਕ ਪੇਸ਼ਾਵਰ ਅਪਰਾਧੀ ਵਾਂ...."

"ਪੇਸ਼ਾਵਰ ਅਪਰਾਧੀ...." ਜਿਵੇਂ ਮੈਨੂੰ ਕੁਝ ਸੁਣਾਈ ਨਾ ਦਿੱਤਾ ਹੋਵੇ। ਮੈਂ ਉਸਨੂੰ ਦੁਬਾਰਾ ਪੁੱਛਿਆ, "ਕੀ? ਕੀ ਕਿਹਾ ਤੁਸੀਂ?"

"ਜੀ ਹਾਂ ... ਪੇਸ਼ਾਵਰ ਅਪਰਾਧੀ।" ਉਸਨੇ ਆਪਣੇ ਸ਼ਬਦ ਦੁਹਰਾਏ, "ਤੇ ਮੇਰੀ ਵਿਸ਼ੇਸ਼ਤਾ ਇਹ ਵੇ ਕਿ ਮੈਂ ਜਨਤਾ ਦੀ ਨੈਤਿਕਤਾ ਦੇ ਖਿਲਾਫ਼ ਅਪਰਾਧ ਕਰਦਾ ਵਾਂ।"

ਉਂਜ ਤਾਂ ਉਸਦੀ ਗੱਲ ਵਿਚ ਕੁਝ ਵੀ ਵਿਸ਼ੇਸ਼ ਨਹੀਂ ਸੀ ਪਰ ਜਿਸ ਢੰਗ ਨਾਲ ਉਹ ਕਹਿ ਰਿਹਾ ਸੀ, ਉਸ ਲਹਿਜ਼ੇ ਵਿਚ ਇਕ ਅਜੀਬ ਕਿਸਮ ਦਾ ਠੰਡਾਪਨ ਸੀ। ਮੈਂ ਉਸਦੇ ਚਿਹਰੇ ਤੇ ਸ਼ਬਦਾਂ ਵਿਚ ਕਿਤੇ ਵੀ ਪਸ਼ਚਾਤਾਪ ਦੀ ਝਲਕ ਨਹੀਂ ਸੀ ਦੇਖੀ।

"ਪਾਣੀ ਪੀਓਗੇ? ...." ਮੈਂ ਪੁੱਛਿਆ।

"ਨਹੀਂ .... ਧੰਨਵਾਦ।" ਉਸਨੇ ਮਨ੍ਹਾਂ ਕਰ ਦਿੱਤਾ ਤੇ ਉਸ ਦੀਆਂ ਅੱਖਾਂ, ਉਸ ਦੀ ਮੁਆਫੀਆਂ ਮੰਗਦੀ ਮੁਸਕਾਨ ਨਾਲ ਮੇਰੇ ਚਿਹਰੇ ਉੱਤੇ ਟਿਕ ਗਈਆਂ ਜਿਹੜੀ ਸਦਾ ਤੋਂ ਉਸਦੇ ਚਿਹਰੇ ਉੱਤੇ ਬਿਰਾਜਮਾਨ ਜਾਪਦੀ ਸੀ, "ਦਰਅਸਲ ਤੁਸੀਂ ਮੈਨੂੰ ਠੀਕ ਤਰ੍ਹਾਂ ਨਹੀਂ ਸਮਝੇ...."

"ਕਿਉਂ ਨਹੀਂ....?" ਆਪਣੀ ਅਗਿਆਨਤਾ ਛੁਪਾਉਂਦਿਆਂ ਹੋਇਆ, ਮੈਂ ਯੂਰਪ ਦੇ ਪੱਤਰਕਾਰਾਂ ਵਾਂਗ ਹੀ ਵਿਰੋਧ ਕੀਤਾ ਸੀ .... ਪਰ ਮੈਂ ਲੱਗਿਆ ਕਿ ਉਸਨੂੰ ਮੇਰੇ ਉੱਤੇ ਵਿਸ਼ਵਾਸ ਨਹੀਂ ਸੀ ਹੋਇਆ। ਆਪਣੇ ਹੈਟ ਨੂੰ ਹਵਾ ਵਿਚ ਹਿਲਾਂਦਿਆਂ ਤੇ ਸਾਦਗੀ ਨਾਲ ਮੁਸਕਰਾਂਦਿਆਂ ਹੋਇਆਂ, ਉਸਨੇ ਆਪਣੀ ਗੱਲ ਜਾਰੀ ਰੱਖੀ, 'ਅੱਛਾ, ਮੈਂ ਤੁਹਾਨੂੰ ਆਪਣੇ ਪੇਸ਼ੇ ਬਾਰੇ ਰਤਾ ਖੋਲ੍ਹ ਕੇ ਦੱਸਦਾ ਵਾਂ..... ਤਾਂਕਿ ਤੁਸੀਂ ਮੇਰੀ ਗੱਲ ਨੂੰ ਸਮਝ ਸਕੋ...."

ਇਕ ਠੰਡੇ ਹਉਕੇ ਨਾਲ ਉਸਨੇ ਸਿਰ ਝੁਕਾ ਲਿਆ। ਮੈਨੂੰ ਹੈਰਾਨੀ ਹੋਈ ਕਿ ਉਸ ਦੀ 'ਆਹ' ਵਿਚ ਸਿਰਫ ਥਕਾਵਟ ਹੈ।

"ਤੁਹਾਨੂੰ ਯਾਦ ਜੇ .... ਪਿਛਲੇ ਦਿਨੀਂ ਅਖ਼ਬਾਰਾਂ ਵਿਚ ਇਕ ਖ਼ਬਰ ਛਪੀ ਸੀ....ਇਕ ਆਦਮੀ ਬਾਰੇ .... ਜਿਹੜਾ ਸ਼ਰਾਬੀ ਸੀ, ....ਥਿਏਟਰ ਦੀ ਅਗਲੀ ਕਤਾਰ ਵਿਚ...."

"ਅੱਛਾ, ਅੱਛਾ, ਉਹ ਆਦਮੀ ਜਿਹੜਾ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ ਉੱਤੇ ਟੋਪੀ ਹੱਥ ਵਿਚ ਉਛਾਲਦਾ ਹੋਇਆ ਇਕ ਟੈਕਸੀ ਲਿਆਉਣ ਲਈ ਕੂਕਣ ਲੱਗ ਪਿਆ ਸੀ...."

"ਹਾਂ.... ਉਹੀ।" ਮੇਰੀ ਗੱਲ ਸੁਣ ਕੇ ਉਸਨੇ ਅਹਿਸਾਨਮੰਦਾਂ ਵਾਲੀ ਆਵਾਜ਼ ਵਿਚ ਕਿਹਾ, "ਉਹ ਮੈਂ ਸਾਂ...."

"....ਤੇ ਉਹ ਲੇਖ 'ਬੱਚਿਆਂ ਨੂੰ ਕੁੱਟਣ ਵਾਲਾ ਜਾਨਵਰ' ਉਹ ਵੀ ਮੈਂ ਹੀ ਸਾਂ.... ਤੇ 'ਪਤਨੀ ਨੂੰ ਵੇਚਣ ਵਾਲਾ ਪਤੀ' ਤੇ 'ਰਾਹ ਜਾਂਦੀਆਂ ਔਰਤਾਂ ਨਾਲ ਛੇੜ-ਛਾੜ ਕਰਨ ਵਾਲਾ ਆਦਮੀ', ਉਹ ਵੀ ਮੈਂ ਹੀ ਸਾਂ .... ਆਮ ਤੌਰ 'ਤੇ ਇਹ ਅਖ਼ਬਾਰ ਵਾਲੇ ਹਫ਼ਤੇ ਵਿਚ ਇਕ ਵਾਰੀ ਮੇਰੇ ਬਾਰੇ ਕੁਝ ਜ਼ਰੂਰ ਛਾਪਦੇ ਰਹਿੰਦੇ ਨੇ। .... ਤੇ ਉਦੋਂ ਤਾਂ ਜ਼ਰੂਰ ਹੀ, ਜਦੋਂ ਉਹਨਾਂ ਇਹ ਸਾਬਤ ਕਰਨਾ ਹੁੰਦਾ ਜੇ ਕਿ ਕਿੰਜ ਲੋਕਾਂ ਦੇ ਨੈਤਿਕ ਮੁੱਲ ਡਿੱਗ ਰਹੇ ਨੇ ...."

ਉਸਨੇ ਇਹ ਸਭ ਬੜੇ ਸਪੱਸ਼ਟ ਅਤੇ ਸਹਿਜ ਭਾਵ ਨਾਲ ਕਿਹਾ ਸੀ, ਬਿਨਾਂ ਸ਼ੇਖੀ ਮਾਰਿਆਂ। ਉਸ ਦੀਆਂ ਗੱਲਾਂ ਦਾ ਕੋਈ ਵੀ ਸਿਰ-ਪੈਰ ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ.... ਪਰ ਗੱਲਾਂ ਵਿਚ ਮੇਰੀ ਦਿਲਚਸਪੀ ਵਧਦੀ ਜਾ ਰਹੀ ਸੀ। ਅਜਿਹੇ ਮੌਕਿਆਂ ਉੱਤੇ, ਦੂਜੇ ਲੇਖਕਾਂ ਵਾਂਗ ਹੀ, ਮੈਂ ਵੀ ਇਹ ਦਿਖਾਵਾ ਕਰਦਾ ਸਾਂ ਬਈ ਮੈਂ ਆਦਮੀ ਤੇ ਜੀਵਨ ਬਾਰੇ ਓਨਾ ਹੀ ਜਾਣਦਾ ਹਾਂ ਜਿੰਨਾ ਹੱਥ ਦੀ ਹਥੇਲੀ ਬਾਰੇ।

"ਹੂੰ...." ਮੈਂ ਕਿਸੇ ਦਾਰਸ਼ਨਿਕ ਵਾਂਗ ਹੀ ਕਿਹਾ ਸੀ, "ਅੱਛਾ, ਇੰਜ ਕਰਕੇ ਤੁਹਾਨੂੰ ਸਮਾਂ ਬਿਤਾਉਣ ਵਿਚ ਮਜ਼ਾ ਆਉਂਦਾ ਹੋਵੇਗਾ.।"

"ਠੀਕ। ਆਪਣੀ ਜਵਾਨੀ ਦੇ ਦਿਨਾਂ ਵਿਚ ਮੈਨੂੰ ਇਹਨਾਂ ਸਾਰੀਆਂ ਗੱਲਾਂ 'ਤੇ ਖੁਸ਼ੀ ਹੁੰਦੀ ਸੀ, ਮੈਂ ਮੰਨਦਾਂ .... ਪਰ ਹੁਣ .... ਹੁਣ ਮੈਂ ਪੰਤਾਲੀ ਸਾਲ ਦਾ ਹੋ ਗਿਆ .... ਸ਼ਾਦੀਸ਼ੁਦਾ ਵਾਂ .... ਤੇ ਦੋ ਬੇਟੀਆਂ ਵੀ ਨੇ ਮੇਰੀਆਂ ....ਤੇ ਇਸੇ ਲਈ ਅਖ਼ਬਾਰਾਂ ਵਿਚ ਅਜਿਹੀ ਚਰਚਾ ਦਾ ਪਾਤਰ ਬਣਨਾ ਬੜਾ ਤਕਲੀਫ ਦਿੰਦਾ ਜੇ।"

ਆਪਣੀ ਘਬਰਾਹਟ ਨੂੰ ਛਿਪਾਂਦਿਆਂ ਨਿੱਕਾ ਜਿਹਾ ਖੰਘੂਰਾ ਮਾਰ ਕੇ ਮੈਂ ਪੁੱਛਿਆ,



"ਤੁਹਾਨੂੰ ਇਹ ਕੋਈ ਰੋਗ ਏ....ਜਾਂ ਕੋਈ ਬਿਮਾਰੀ....?"

ਉਸਨੇ ਇਨਕਾਰ ਵਿਚ ਸਿਰ ਹਿਲਾਇਆ, ਆਪਣੇ ਹੈਟ ਨਾਲ ਹਵਾ ਕਰਦਿਆਂ ਹੋਇਆਂ ਉੱਤਰ ਦਿੱਤਾ, "ਨਹੀਂ, ਇਹ ਮੇਰਾ 'ਪੇਸ਼ਾ' ਜੇ। ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਿਆ ਕਿ ਮੇਰਾ ਇਹੋ ਕਿੱਤਾ ਜੇ ਕਿ ਮੈਂ ਗਲੀਆਂ ਤੇ ਆਮ ਭੀੜ—ਭਾੜ ਵਾਲੀਆਂ ਥਾਵਾਂ ਉਤੇ ਕੋਈ ਖੁਰਾਫਾਤ (ਪੰਗਾ-ਪੁਆੜਾ) ਕਰਦਾ ਰਵਾਂ.... ਸਾਡੇ ਬਿਊਰੋ ਤਾਂ ਕੁਛ ਲੋਕ ਤਾਂ ਇਸ ਤੋਂ ਵੀ ਵੱਡੇ ਤੇ ਮਹੱਤਵਪੂਰਨ ਕੰਮ ਕਰ ਰਹੇ ਨੇ - ਜਿਵੇਂ ਕਿ ਸੰਪਰਦਾਇਕ ਭਾਵਨਾਵਾਂ ਨੂੰ ਉਕਸਾਉਣਾ, ਔਰਤਾਂ ਤੇ ਕੁੜੀਆਂ ਨੂੰ ਲਾਲਚ ਦੇਂਦੇ ਰਹਿਣਾ, ਕੁਝ ਤਾਂ ਚੋਰੀਆਂ ਵੀ ਕਰਦੇ ਨੇ...." ਉਸਨੇ ਲੰਮਾ ਸਾਹ ਖਿੱਚਿਆ ਤੇ ਚਾਰੇ ਪਾਸੇ ਦੇਖਦਾ ਹੋਇਆ ਬੋਲਿਆ, "ਨੈਤਿਕਤਾ ਦੇ ਖਿਲਾਫ਼ ਕੁਝ ਹੋਰ ਅਪਰਾਧ ਵੀ ਨੇ ....ਮੈਂ ਤਾਂ ਸਿਰਫ਼ ਛੋਟੀਆਂ-ਮੋਟੀਆਂ ਕਾਰਸਤਾਨੀਆਂ ਹੀ ਕਰਦਾ ਵਾਂ....ਬਸ।"

ਉਹ ਇੰਜ ਗੱਲਾਂ ਕਰ ਰਿਹਾ ਸੀ ਜਿਵੇਂ ਕੋਈ ਵਪਾਰੀ ਆਪਣੇ ਵਪਾਰ ਦੀਆਂ ਗੱਲਾਂ ਕਰ ਰਿਹਾ ਹੋਵੇ। ਉਸ ਦੀਆਂ ਗੱਲਾਂ ਤੋਂ ਚਿੜ ਕੇ ਮੈਂ ਵਿਅੰਗ ਨਾਲ ਪੁੱਛਿਆ, "ਤੇ ਇਹ ਸਭ ਕੁਝ ਕਰਕੇ ਵੀ ਤੁਸੀਂ ਸੰਤੁਸ਼ਟ ਨਹੀਂ ਹੋ?"

"ਨਹੀਂ...." ਉਸਦੀ ਸਾਦਗੀ ਨੇ ਮੇਰੀ ਜਗਿਆਸਾ ਵਧਾ ਦਿੱਤੀ।

ਮੈਂ ਪੁੱਛਿਆ, "ਕੀ ਤੁਹਾਨੂੰ ਕਦੀ ਜੇਲ੍ਹ ਵੀ ਹੋਈ ਏ?"

"ਤਿੰਨ ਵਾਰੀ....ਵੈਸੇ ਆਮ ਤੌਰ 'ਤੇ ਮੈਨੂੰ ਜੁਰਮਨਾ ਹੁੰਦਾ ਜੇ ਤੇ ਇਹ ਤਾਂ ਸਪੱਸ਼ਟ ਜੇ ਕਿ ਜੁਰਮਾਨਾ ਬਿਊਰੋ ਹੀ ਤਾਰਦਾ ਜੇ।" ਉਸਨੇ ਦੱਸਿਆ।

"ਬਿਊਰੋ!" ਮੈਂ ਹੈਰਾਨੀ ਨਾਲ ਪੁੱਛਿਆ

"ਹਾਂ, ਤੁਸੀਂ ਸਮਝ ਸਕਦੇ ਹੋ ਕਿ ਮੈਂ ਆਪਣਾ ਜੁਰਮਾਨਾ ਆਪ ਨਹੀਂ ਭਰ ਸਕਦਾ...." ਉਸਨੇ ਮੁਸਕਰਾਉਂਦਿਆਂ ਹੋਇਆਂ ਕਿਹਾ, "ਇਕ ਹਫਤੇ ਵਿਚ 50 ਡਾਲਰ....ਬਹੁਤ ਘੱਟ ਨੇ ਨਾ ਚਾਰ ਜੀਆਂ ਦੇ ਪਰਿਵਾਰ ਲਈ...."

ਆਪਣੇ ਕਮਰੇ ਵਿਚ ਇਧਰੋਂ-ਉਧਰ ਟਹਿਲਦਿਆਂ ਤੇ ਵੱਖ-ਵੱਖ ਕਿਸਮਾਂ ਦੇ ਮਾਨਸਿਕ ਰੋਗੀਆਂ ਬਾਰੇ ਸੋਚਦਿਆਂ- ਮੈਂ ਉਸਦੀ ਬਿਮਾਰੀ ਦਾ ਇਲਾਜ ਲੱਭਣ ਲਈ ਉਤਸੁਕ ਸਾਂ। ਉਸਦੀਆਂ ਗੱਲਾਂ ਤੋਂ ਇਹ ਤਾਂ ਸਾਫ਼ ਸੀ ਕਿ ਉਹ ਉਸ ਬਿਊਰੋ ਸਿਸਟਮ ਦਾ ਕੋਈ ਮਹੱਤਵਪੂਰਨ ਆਦਮੀ ਨਹੀਂ ਸੀ। ਆਪਣੇ ਹੱਡਲ, ਖੁਰਦਰੇ ਚਿਹਰੇ ਉੱਤੇ ਹਲਕੀ ਜਿਹੀ ਮੁਸਕਾਨ ਲਿਆ ਕੇ ਉਹ ਬੜੇ ਸਹਿਜ-ਭਾਅ ਨਾਲ ਮੈਨੂੰ ਘੂਰ ਰਿਹਾ ਸੀ।

"ਅੱਛਾ, ਤਾਂ ਅਜਿਹਾ ਕੋਈ ਬਿਊਰੋ ਵੀ ਹੈ?" ਮੈਂ ਪੁੱਛਿਆ

"ਹਾਂ।" ਉਸਨੇ ਕਿਹਾ। "ਤੇ ਉਹ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਦਿੰਦਾ ਜੇ? .... ਇਸ ਵਿਚ ਇਕ ਸੌ ਪੱਚੀ ਆਦਮੀ ਤੇ ਚੌਹਤਰ ਔਰਤਾਂ ਨੇ।"

"ਇਸ ਸ਼ਹਿਰ ਵਿਚ....। ਤਾਂ ਤੇ ਦੂਜੇ ਸ਼ਹਿਰਾਂ ਵਿਚ ਵੀ....?"

"ਹਾਂ....ਹਾਂ.... ਕਿਉਂ ਨਹੀਂ....ਪੂਰੇ ਦੇਸ਼ ਵਿਚ।" ਉਸਨੇ ਮੁਸਕਰਾਉਂਦਿਆਂ ਹੋਇਆਂ ਕਿਹਾ। ਮੈਨੂੰ ਆਪਣੇ ਅਗਿਆਨ ਉੱਤੇ ਸ਼ਰਮ ਆਉਣ ਲੱਗੀ।

"ਪਰ ਉਹ.... ਇੰਜ ਕਿਉਂ....ਮੇਰਾ ਮਤਲਬ ਏ....ਅਜਿਹੇ ਬਿਊਰੋ ਕਰਦੇ ਕੀ ਨੇ....?" ਮੈਂ ਝਿਜਕਦਿਆਂ ਹੋਇਆਂ ਪੁੱਛਿਆ।

"ਨੈਤਿਕਤਾ ਦੇ ਨਿਯਮਾਂ ਦਾ ਉਲੰਘਣ।" ਕੁਰਸੀ ਤੋਂ ਉੱਠ ਕੇ ਉਹ ਆਰਾਮ ਕੁਰਸੀ ਉੱਤੇ ਬੈਠ ਗਿਆ। ਅੰਗੜਾਈ ਲਈ ਤੇ ਜਗਿਆਸਾ ਨਾਲ ਮੇਰਾ ਚਿਹਰਾ ਪੜ੍ਹਨਾ ਸ਼ੁਰੂ ਕਰ ਦਿੱਤਾ। ਸ਼ਾਇਦ ਉਹ ਮੈਨੂੰ ਅਸਭਿਅ ਸਮਝਦਾ ਸੀ ਤੇ ਜ਼ਿਆਦਾ ਤਕਲੀਫ ਨਹੀਂ ਦੇ ਰਿਹਾ ਸੀ।

'ਬਸ ਬਹੁਤ ਹੋ ਗਿਆ....' ਮੈਂ ਸੋਚਿਆ। 'ਮੈਂ ਨਹੀਂ ਜਾਣਦਾ ਇਸ ਸਭ ਕੀ ਬਕ ਰਿਹਾ ਹੈ।'

ਪਰ ਆਪਣੇ ਹੱਥ ਮਲਦਿਆਂ ਹੋਇਆਂ ਮੈਂ ਪੁੱਛਿਆ, "ਦਿਲਚਸਪ....ਰੋਮਾਂਚਕ.... ਪਰ ਇਹ ਸਭ ਹੋ ਕਿਸ ਖ਼ਾਤਿਰ ਰਿਹਾ ਹੈ?"

"ਨੈਤਿਕਤਾ ਦੇ ਨਿਯਮਾਂ ਦੇ ਵਿਰੋਧ ਵਿਚ...." ਉਹ ਮੁਸਕਰਾਇਆ। ਉਸਦੀ ਮੁਸਕਰਾਹਟ ਇੰਜ ਲੱਗੀ ਜਿਵੇਂ ਸਮਝਦਾਰ ਆਦਮੀ ਕਿਸੇ ਬੱਚੇ ਦੀ ਮੂਰਖਤਾ ਉੱਤੇ ਮੁਸਕਰਾ ਰਿਹਾ ਹੋਵੇ। ਮੈਂ ਉਸ ਵੱਲ ਦੇਖਦਿਆਂ ਤੇ ਸੋਚਿਆ, ਸੱਚਮੁਚ ਅਗਿਆਨਤਾ ਹੀ ਜੀਵਨ ਦੇ ਸਾਰੇ ਝਗੜਿਆਂ ਦੀ ਜੜ੍ਹ ਹੈ।

"ਤੁਸੀਂ ਕੀ ਸੋਚ ਰਹੇ ਹੋ? ਹਰ ਆਦਮੀ ਜਿਊਂਦਾ ਰਹਿਣਾ ਚਾਹੁੰਦਾ ਜੇ?"

"ਕਿਉਂ ਨਹੀਂ?"

"ਤੇ ਉਹ ਜਿਉਂਦਾ ਜੇ ਤਾਂਕਿ ਖੁਸ਼ ਰਹਿ ਸਕੇ।"

"ਯਕੀਨਨ।"

ਉਹ ਉੱਛਲ ਕੇ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਤੇ ਮੇਰੇ ਮੋਢੇ ਨੂੰ ਥਾਪੜਦਾ ਹੋਇਆ ਬੋਲਿਆ, "ਤਾਂ ਫੇਰ ਨੈਤਿਕਤਾ ਦੇ ਨਿਯਮਾਂ ਦਾ ਉਲੰਘਣ ਕੀਤੇ ਬਿਨਾਂ ਇਹ ਕਿੰਝ ਸੰਭਵ ਹੋ ਸਕਦਾ ਜੇ ਕਿ ਤੁਹਾਡਾ ਸਮਾਂ ਐਸ਼ ਨਾਲ ਬੀਤ ਸਕੇ।"

ਉਸਨੇ ਆਪਣੀਆਂ ਅੱਖਾਂ ਫਰਕਾਈਆਂ ਤੇ ਅਸਭਿਅ ਤਰੀਕੇ ਨਾਲ ਆਰਾਮ ਕੁਰਸੀ ਉੱਤੇ ਪਸਰ ਗਿਆ। ਮੇਰੀ ਇਜਾਜ਼ਤ ਦੇ ਬਿਨਾਂ ਹੀ ਸਿਗਾਰ ਕੱਢਿਆ ਤੇ ਸੁਲਗਾ ਲਿਆ।

"ਹੋਏਗਾ ਕੋਈ ਅਜਿਹਾ ਆਦਮੀ ਜਿਹੜਾ ਘਾਹ-ਫੂਸ ਖਾਣਾ ਚਾਹੁੰਦਾ ਹੋਵੇ।"

ਉਸਨੇ ਬਲਦੀ ਹੋਈ ਮਾਚਸ ਦੀ ਤੀਲੀ ਫਰਸ਼ ਉੱਤੇ ਸੁੱਟ ਦਿੱਤੀ।

ਇੰਜ ਅਕਸਰ ਉਦੋਂ ਹੁੰਦਾ ਹੈ ਜਦੋਂ ਕੋਈ ਇਹ ਮਹਿਸੂਸ ਕਰ ਰਿਹਾ ਹੋਵੇ ਕਿ ਉਹ ਦੂਜੇ ਉੱਤੇ ਭਾਰੂ ਹੋ ਗਿਆ ਹੈ ਸੋ ਦੂਜੇ ਸਾਹਮਣੇ ਲੋੜ ਨਾਲੋਂ ਵੱਧ ਲਾਪ੍ਰਵਾਹਾਂ ਵਾਲੀਆਂ ਹਰਕਤਾਂ ਕਰਨ ਲੱਗ ਪੈਂਦਾ ਹੈ।



ਉਸਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਮੈਂ ਕਿਹਾ, "ਮੇਰੀ ਸਮਝ 'ਚ ਨਹੀਂ ਆ ਰਿਹਾ ਕਿ ਤੁਸੀਂ ਬਲਾਅ ਕੀ ਓ?"

ਉਹ ਜ਼ਰਾ ਢਿੱਲਾ ਪੈ ਕੇ ਬੋਲਿਆ, "ਤੁਹਾਡੀ ਯੋਗਤਾ ਬਾਰੇ ਮੇਰੇ ਬੜੇ ਉੱਚੇ ਵਿਚਾਰ ਸੀ।"

ਆਪਣੀ ਨੈਤਿਕਤਾ ਤੋਂ ਹੋਰ ਹੇਠ ਆਉਂਦਿਆਂ ਉਸਨੇ ਸਿਗਾਰ ਦੀ ਸੁਆਹ ਫਰਸ਼ ਉੱਤੇ ਝਾੜ ਦਿੱਤੀ। ਆਪਣੀਆਂ ਅੱਧ ਮਿਚੀਆਂ ਅੱਖਾਂ ਝਪਕਾਉਂਦਿਆਂ ਹੋਇਆਂ ਤੇ ਸਿਗਾਰ ਦੇ ਧੂੰਏਂ ਵੱਲ ਇਕ ਟੱਕ ਵਿਹੰਦਿਆਂ ਉਹ ਸਿੱਧਾ ਹੋ ਕੇ ਬੈਠ ਗਿਆ, "ਸ਼ਾਇਦ ਤੁਹਾਨੂੰ ਨੈਤਿਕਤਾ ਬਾਰੇ ਬਹੁਤੇ ਜਾਣਕਾਰੀ ਨਹੀਂ....।"

"ਮੈਂ ਵੀ ਅਕਸਰ ਇਸਦੇ ਵਿਰੁੱਧ ਹੋ ਜਾਂਦਾ ਹਾਂ।" ਮੈਂ ਆਪਣੇ ਬਚਾਅ ਖ਼ਾਤਰ ਰਤਾ ਢਿੱਲੀ ਆਵਾਜ਼ ਵਿਚ ਕਿਹਾ।

ਆਪਣੇ ਸਿਗਾਰ ਨੂੰ ਮੂੰਹ ਨਾਲੋਂ ਵੱਖ ਕਰਦਿਆਂ, ਉਸਨੇ ਦਾਰਸ਼ਨਿਕਾਂ ਵਾਂਗ ਕਹਿਣਾ ਸ਼ੁਰੂ ਕੀਤਾ, "ਕੰਧ ਨਾਲ ਟੱਕਰਾਂ ਮਾਰਨ ਦਾ ਇਹ ਅਰਥ ਨਹੀਂ ਹੁੰਦਾ ਕਿ ਤੁਹਾਨੂੰ ਅਕਲ ਆ ਜਾਏਗੀ....।"

" ਹੋ ਸਕਦਾ ਹੈ...." ਮੈਂ ਸਹਿਮਤੀ ਵਜੋਂ ਸਿਰ ਹਿਲਾਇਆ, "ਸਭ ਤੋਂ ਵੱਡੇ ਤੇ ਪੱਕੇ ਨੈਤਿਕਤਾਵਾਦੀ ਜੋ ਮੇਰੇ ਜੀਵਨ ਵਿਚ ਆਏ, ਮੇਰੇ ਦਾਦਾ ਜੀ ਸੀ। ਉਹਨਾਂ ਨੂੰ ਉਹ ਸਾਰੇ ਰਸਤੇ ਪਤਾ ਸਨ ਜਿਹੜੇ ਸਵਰਗ ਨੂੰ ਜਾਂਦੇ ਨੇ ਤੇ ਜਿਹੜਾ ਵੀ ਉਹਨਾਂ ਦੇ ਰਸਤੇ ਵਿਚ ਆਉਂਦਾ ਸੀ, ਉਹ ਉਸਨੂੰ ਹਟਾ ਦਿੰਦੇ ਸਨ। ਸੱਚ ਸਦਾ ਉਹਨਾਂ ਦੇ ਮਨ ਵਿਚੋਂ ਉਪਜਦਾ ਸੀ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਭਗਵਾਨ ਆਪਣੇ ਬੰਦੇ ਤੋਂ ਕੀ ਚਾਹੁੰਦਾ ਹੈ .... ਤੇ ਇਥੋਂ ਤੀਕ ਕਿ ਕੁੱਤਿਆਂ ਤੇ ਬਿੱਲੀਆਂ ਨੂੰ ਵੀ ਉਹੀ ਅਜਿਹਾ ਵਿਹਾਰ ਕਰਨਾ ਸਿਖਾਉਂਦਾ ਹੈ ਕਿ ਉਹ ਜੀਵਨ ਦਾ ਪੂਰਾ-ਪੂਰਾ ਆਨੰਦ ਮਾਣ ਸਕਣ। ਏਨਾ ਸਭ ਜਾਣਦੇ ਹੋਣ ਦੇ ਬਾਵਜੂਦ ਵੀ ਉਹ ਲਾਲਚੀ, ਈਰਖਾਲੂ, ਝੂਠੇ ਤੇ ਸੂਦਖੋਰ ਸੀ। ਕਾਇਰਾਂ ਵਾਲੀਆਂ ਕਰਤੂਤਾਂ ਨਾਲ ਭਰਪੂਰ, ਆਸ਼ਾਵਾਦੀਆਂ ਵਾਲੇ ਸਾਰੇ ਗੁਣ ਸਨ ਉਹਨਾਂ ਵਿਚ। ਮੈਂ ਅਕਸਰ ਹੀ ਉਹਨਾਂ ਨੂੰ ਵਧੇਰੇ ਨਿਮਰ ਤੇ ਕ੍ਰਿਪਾਲੂ ਬਣਾਉਣ ਵਾਲੇ ਸੋਚਦਾ। ਇਕ ਵਾਰੀ ਮੈਂ ਉਹਨਾਂ ਨੂੰ ਖਿੜਕੀ 'ਚੋਂ ਧੱਕਾ ਦੇ ਦਿੱਤਾ। ....ਖਿੜਕੀ ਤੇ ਸ਼ੀਸ਼ਾ ਦੋਵੇਂ ਟੁੱਟ ਕੇ ਖਿੱਲਰ ਗਏ ਪਰ ਉਹਨਾਂ ਵਿਚ ਕੋਈ ਤਬਦੀਲੀ ਨਹੀਂ ਆਈ। ਉਹ ਇਕ ਨੈਤਿਕਤਾਵਾਦੀ ਵਾਂਗ ਹੀ ਜੀਏ ਤੇ ਉਵੇਂ ਹੀ ਮਰੇ। ਉਦੋਂ ਤੋਂ ਮੇਰੇ ਅੰਦਰ ਨੈਤਿਕਤਾ ਪ੍ਰਤੀ ਕੋਈ ਰੁਚੀ ਨਹੀਂ ਰਹੀ.... ਸ਼ਾਇਦ ਹੁਣ ਤੁਸੀਂ ਕਹੋ ਕਿ ਮੈਂ ਉਸ ਵਿਚ ਮੁੜ ਰੁਚੀ ਲਵਾਂ....ਪਰ...."

ਉਸਨੇ ਆਪਣੀ ਘੜੀ ਕੱਢੀ ਤੇ ਉਸ ਵਿਚ ਟਾਈਮ ਵੇਖਦਿਆਂ ਹੋਇਆਂ ਕਿਹਾ, "ਤੁਹਾਨੂੰ ਭਾਸ਼ਣ ਦੇਣ ਲਈ ਮੇਰੇ ਕੋਲ ਸਮਾਂ ਨਹੀਂ.... ਫੇਰ ਵੀ ਹੁਣ ਮੈਂ ਆਇਆ ਵਾਂ ਤਾਂ ਕੁਝ ਕਹਿਣਾ ਹੀ ਪਵੇਗਾ। ਇਕ ਵਾਰੀ ਕਿਸੇ ਗੱਲ ਨੂੰ ਸ਼ੁਰੂ ਕੀਤਾ ਜਾਵੇ ਤਾਂ ਉਸ ਨੂੰ

ਸਮਾਪਤ ਵੀ ਕਰਨਾ ਚਾਹੀਦਾ ਜੇ। ਸ਼ਾਇਦ ਤੁਸੀਂ ਮੇਰੇ ਕਿਸੇ ਕੰਮ ਆ ਸਕੋ....ਸੰਖੇਪ ਵਿਚ ਮੈਂ ਤੁਹਾਨੂੰ ਦੱਸਾਂ...." ਮੈਨੂੰ ਪ੍ਰਭਾਵਤ ਕਰਨ ਲਈ ਉਸਨੇ ਫੇਰ ਆਪਣੀਆਂ ਅੱਖਾਂ ਅੱਧੀਆਂ ਮੀਚ ਲਈਆਂ, "ਨੈਤਿਕਤਾ ਤੁਹਾਡੇ ਹਿਤਾਂ ਦੀ ਰਾਖੀ ਕਰਦੀ ਜੇ। ਤੁਹਾਨੂੰ ਕੋਸ਼ਿਸ਼ ਕਰਨੀ ਚਾਹੀਦੀ ਜੇ ਕਿ ਇਹ ਤੁਹਾਡੇ ਚਾਰੇ ਪਾਸੇ ਮੌਜੂਦ ਲੋਕਾਂ ਦੀ ਆਤਮਾ ਵਿਚ ਵੱਸਦੀ ਰਹੇ। ਗਲੀਆਂ ਵਿਚ ਤੁਸੀਂ ਪੁਲਿਸ ਵਾਲੇ ਤੇ ਜਾਸੂਸ ਰੱਖਦੇ ਹੋ ਤੇ ਇਨਸਾਨਾਂ ਦੇ ਉਹਨਾਂ ਅਸੂਲਾਂ ਨੂੰ ਜਿਹੜੇ ਉਹਨਾਂ ਦੇ ਦਿਮਾਗ ਵਿਚ ਘਰ ਕਰ ਰਹੇ ਜੇ .... ਉਹਨਾਂ ਸਾਰੇ ਵਿਚਾਰਾਂ ਨੂੰ, ਜਿਹੜੇ ਤੁਹਾਡੇ ਵਿਰੁੱਧ ਹੁੰਦੇ ਨੇ, ਤੁਸੀਂ ਖ਼ਤਮ ਕਰ ਦਿੰਦੇ ਹੋ। ਉਹਨਾਂ ਸਾਰੀਆਂ ਇੱਛਾਵਾਂ ਨੂੰ ਵੀ ਜਿਹੜੀਆਂ ਤੁਹਾਡੇ ਅਧਿਕਾਰਾਂ ਦੇ ਵਿਰੁੱਧ ਜਾਂਦੀਆਂ ਨੇ, ਤੁਸੀਂ ਖ਼ਤਮ ਕਰ ਦਿੰਦੇ ਹੋ। ਨੈਤਿਕਤਾ ਉੱਥੇ ਕੁਝ ਵਧੇਰੇ ਹੀ ਕਠੋਰ ਹੁੰਦੀ ਜੇ, ਜਿੱਥੇ ਪੈਸੇ ਦੀ ਸਮੱਸਿਆ ਵਧੇਰੇ ਤਗੜੀ ਹੁੰਦੀ ਜੇ। ਜਿੰਨੀ ਵੱਧ ਪੂੰਜੀ ਮੇਰੇ ਕੋਲ ਜੇ, ਉਨਾਂ ਵੱਡਾ ਮੈਂ ਆਦਰਸ਼ਵਾਦੀ ਵਾਂ। ਇਸ ਲਈ ਅਮਰੀਕਾ ਵਿਚ ਜਿੱਥੇ ਵਧੇਰੇ ਆਦਮੀ ਅਮੀਰ ਨੇ, ਉੱਥੇ ਸੌ ਪ੍ਰਤੀਸ਼ਤ ਨੈਤਿਕਤਾ ਮਿਲਦੀ ਜੇ .... ਸਮਝੇ?"

"ਹਾਂ...." ਮੈਂ ਕਿਹਾ, "ਪਰ ਇਹਨਾਂ ਸਭਨਾਂ ਵਿਚਕਾਰ ਇਹ ਖਿਊਰੋ ਕਿਧਰੋਂ ਆ ਗਿਆ?"

"ਠਹਿਰੋ ਸੁਣੋ!" ਆਪਣੇ ਹੱਥ ਉਠਾਉਂਦਿਆਂ ਹੋਇਆ ਉਸਨੇ ਕਿਹਾ, "ਨੈਤਿਕਤਾ ਦਾ ਉਦੇਸ਼ ਹਰ ਉਸ ਆਦਮੀ ਨੂੰ ਪ੍ਰਭਾਵਿਤ ਕਰਨਾ ਜੇ, ਜਿਹੜਾ ਤੁਹਾਡੇ ਲਈ ਖ਼ਤਰਾ ਬਣ ਸਕਦਾ ਜੇ। ਜੇ ਤੁਹਾਡੇ ਕੋਲ ਅਪਾਰ ਸੰਪਤੀ ਹੈ, ਤੁਹਾਡੀਆਂ ਅਪਾਰ ਇੱਛਾਵਾਂ ਨੇ ਤੇ ਉਹਨਾਂ ਨੂੰ ਪੂਰਾ ਕਰਨ ਦੇ ਪੂਰੇ ਮੌਕੇ ਨੇ ਤਾਂ ਨੈਤਿਕਤਾ ਦੇ ਸਿਧਾਂਤ ਦਾ ਉਲੰਘਣ ਕੀਤੇ ਬਿਨਾਂ ਤੁਸੀਂ ਕੀ ਕਰ ਸਕਦੇ ਹੋ? ਤੁਸੀਂ ਦੂਜਿਆਂ ਨੂੰ ਭਾਸ਼ਣ ਨਹੀਂ ਦੇ ਸਕਦੇ ਕਿ ਤੁਸੀਂ ਕੋਈ ਸੰਨਿਆਸੀ ਜਾਂ ਤਿਆਗੀ ਹੋ....ਤੇ ਲੋਕ ਤੁਹਾਡੀ ਇਸ ਗੱਲ ਉੱਤੇ ਵਿਸ਼ਵਾਸ ਵੀ ਨਹੀਂ ਕਰਨਗੇ। ਆਖ਼ਰ ਸਾਰੇ ਤਾਂ ਮੂਰਖ ਨਹੀਂ ਹੁੰਦੇ ਨਾ.... ਮੰਨ ਲਓ ਤੁਸੀਂ ਇਕ ਰੇਸਤਰਾਂ ਵਿਚ ਬੈਠੇ ਸ਼ਰਾਬ ਪੀ ਰਹੇ ਹੋ ਤੇ ਪਿਆਰੀ ਔਰਤ ਨੂੰ ਚੁੰਮ ਰਹੇ ਹੋ, ਹਾਲਾਂਕਿ ਉਹ ਤੁਹਾਡੀ ਪਤਨੀ ਨਹੀਂ.... ਤੁਹਾਡੇ ਸਤਰ ਦੇ ਹਿਸਾਬ ਨਾਲ ਇਹ ਅਨੈਤਿਕਤਾ ਜੇ। ਪਰ ਤੁਹਾਡੇ ਆਪਣੇ ਲਈ, ਇੰਜ ਸਮਾਂ ਬਿਤਾਉਣਾ ਜ਼ਰੂਰੀ ਜੇ, ਕਿਉਂਕਿ ਇਹ ਤੁਹਾਡੀ ਆਦਤ ਜੇ। ਅਜਿਹੀ ਸਥਿਤੀ ਵਿਚ ਤੁਹਾਨੂੰ ਆਪਣੇ ਆਪ ਨੂੰ ਸਾਰਿਆਂ ਨਾਲੋਂ ਵੱਖ ਕਰਨ ਲਈ ਨੈਤਿਕਤਾ ਦੇ ਸਿਧਾਂਤਾਂ ਦੀ ਲੋੜ ਪੈਂਦੀ ਹੈ। ਇਹ ਉਦਾਹਰਨ ਜਿਸ ਵਿਚ ਤੁਸੀਂ ਸਭ ਨੂੰ ਕਹਿੰਦੇ ਹੋ ਕਿ 'ਮਿਹਨਤ ਕਰੋ, ਚੋਰੀ ਨਹੀਂ।' ਹੁਣ ਜੇ ਤੁਹਾਡੇ ਕੋਲ ਅਪਾਰ ਧਨ ਸੰਪਤੀ ਜੇ ਤੇ ਬਹੁਤ ਸਾਰੀਆਂ ਇੱਛਾਵਾਂ ਤੇ ਉਹਨਾਂ ਨੂੰ ਪੂਰਾ ਕਰਨ ਦੇ ਮੌਕੇ ਵੀ ਨੇ.... ਤਾਂ ਵੀ ਤੁਹਾਡੀ ਅੰਦਰੂਨੀ ਇੱਛਾ ਇਹੀ ਹੁੰਦੀ ਜੇ ਕਿ ਥੋੜ੍ਹਾ ਹੋਰ ਚੁਰਾ ਲਈਏ। ਪਰ ਆਮ ਲੋਕਾਂ ਲਈ ਉੱਚੀ ਆਵਾਜ਼ ਵਿਚ ਇਹੀ ਪ੍ਰਚਾਰ ਕਰੋਗੇ ਕਿ 'ਮਿਹਨਤ ਕਰੋ, ਚੋਰੀ ਨਹੀਂ''। ਕਿਉਂਕਿ ਤੁਸੀਂ ਜ਼ਿੰਦਗੀ ਦੀ ਕੀਮਤ ਜਾਣਦੇ ਹੋ।



ਜ਼ਿੰਦਗੀ ਨਾਲ ਖੁਸ਼ੀਆਂ ਤੇ ਉਤਸ਼ਾਹ ਭਰੇ ਪ੍ਰੇਮ ਸੰਬੰਧ ਬਣਾਈ ਬੈਠੇ ਹੋ। ਉਧਰ ਇਕ ਦਿਨ ਤੁਹਾਡੀ ਕੋਇਲੇ ਦੀ ਖਾਨ ਵਿਚ ਮਜ਼ਦੂਰ ਵੱਧ ਮਜ਼ਦੂਰੀ ਦੀ ਮੰਗ ਕਰਦੇ ਨੇ .... ਤੁਸੀਂ ਆਪਣੀ ਸੈਨਾ ਬੁਲਾਓਗੇ ਤੇ ਉਸ ਮੰਗ ਨੂੰ ਦਬਾਅ ਦਿਓਗੇ। ਕੁਝ ਦਰਜਨ ਮਜ਼ਦੂਰ ਮਰਦੇ ਨੇ ਤਾਂ ਮਰਨ ਦਿਓ ਬਸ ਜਾਂ ਫਿਰ ਤੁਹਾਡੇ ਆਪਣੇ ਸਾਮਾਨ ਨੂੰ ਵੇਚਣ ਲਈ ਕੋਈ ਬਾਜ਼ਾਰ ਨਹੀਂ। ਤੁਸੀਂ ਸਰਕਾਰ ਨੂੰ ਕਹਿੰਦੇ ਹੋ। ਤਦ ਸਰਕਾਰ ਥੋੜ੍ਹੀ ਜਿਹੀ ਸੈਨਾ ਏਸ਼ੀਆ ਜਾਂ ਅਫ਼ਰੀਕਾ ਵਿਚ ਭੇਜ ਦਿੰਦੀ ਜੇ ਤੇ ਤੁਹਾਡੀ ਇੱਛਾ ਪੂਰੀ ਕਰਦੀ ਜੇ। ਕੁਝ ਸੌ ਜਾਂ ਹਜ਼ਾਰ ਨਿਵਾਸੀਆਂ ਨੂੰ ਗੋਲੀ ਦਾ ਸ਼ਿਕਾਰ ਬਣਾ ਕੇ ਬਸ। ਹਾਲਾਂਕਿ ਇਹ ਵਰਤਾਰੇ ਤੁਹਾਡੇ ਭਾਈਚਾਰੇ ਦੇ ਨੈਤਿਕਤਾ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੇ, ਪਰ ਯੁੱਧਬੰਦੀ ਤੇ ਸ਼ਾਂਤੀ ਬਹਾਲ ਕਰਨ ਦੇ ਭਾਸ਼ਣ ਦੇ ਕੇ ਤੁਸੀਂ ਮਜ਼ਦੂਰਾਂ ਤੇ ਨਿਵਾਸੀਆਂ ਦੀ ਹੱਤਿਆ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਦੇ ਹੋ, ਰਾਸ਼ਟਰ ਦੇ ਹਿੱਤਾਂ ਦਾ ਲਾਭ ਵਿਖਾ ਕੇ।"

"ਆਮ ਤੌਰ 'ਤੇ ਅਮੀਰ ਆਦਮੀ ਦੀ ਸਥਿਤੀ ਬਹੁਤੀ ਬਿਹਤਰ ਨਹੀਂ ਜੇ। ਇਹ ਉਸ ਲਈ ਜਿਉਣ ਤੇ ਮਰਨ ਦਾ ਸਵਾਲ ਜੇ ਕਿ ਹਰ ਕੋਈ ਉਸਨੂੰ ਪ੍ਰੇਮ ਕਰੇ, ਉਸਦੀ ਪੂੰਜੀ ਉੱਤੇ ਅੱਖ ਰੱਖਣ ਤੋਂ ਬਾਜ਼ ਆਏ, ਉਸਦੇ ਲਾਭ ਵਿਚ ਰੋੜੇ ਨਾ ਅੜਾਏ ਤੇ ਉਸਦੀ ਧੀ, ਭੈਣ ਦਾ ਸਤਿਕਾਰ ਕਰੇ। ਉਸਦੇ ਆਪਣੇ ਲਈ ਇਹ ਜ਼ਰੂਰੀ ਜੇ। ਦੂਜੇ ਪਾਸੇ ਇਹ ਜ਼ਰੂਰੀ ਨਹੀਂ ਕਿ ਉਹ ਵੀ ਸਾਰਿਆਂ ਨੂੰ ਪਿਆਰ ਕਰੇ, ਚੋਰੀ ਤੋਂ ਬਚੇ ਤੇ ਔਰਤ ਦਾ ਸਨਮਾਨ ਕਰੇ। ਸਭ ਕੁਝ ਜੋ ਉਸ ਦੀ ਗਤੀ ਵਿਧੀ ਨੂੰ ਤੋੜਦਾ ਜੇ ਬਿਨਾਂ ਸ਼ੱਕ ਉਸਦੀ ਸਫਲਤਾ ਵਿਚ ਅੜਿੱਕਾ ਲਾਉਂਦਾ ਜੇ। ਇਕ ਨਿਯਮ ਵਾਂਗ ਉਸਦਾ ਜੀਵਨ ਖੋਹਣਾ ਤੇ ਹਜ਼ਾਰਾਂ ਲੋਕਾਂ ਨੂੰ ਲੁੱਟਣਾ ਜ਼ਰੂਰੀ ਜੇ। ਉਹ ਦਰਜਨਾਂ ਔਰਤਾਂ ਦੀ ਇੱਜ਼ਤ ਲੁੱਟਦਾ ਜੇ ਤੇ ਵਿਹਲੇ ਆਦਮੀ ਲਈ ਇੰਜ ਸਮਾਂ ਬਿਤਾਉਣਾ ਕਿੰਨਾ ਰੋਚਕ ਹੁੰਦਾ ਜੇ। ਹੋਰ ਉਹ ਪਿਆਰ ਕਰੇ ਵੀ ਤਾਂ ਕਿਸ ਨੂੰ .... ਉਸ ਲਈ ਸਾਰੇ ਲੋਕ ਦੋ ਧਿਰਾਂ ਵਿਚ ਵੰਡੇ ਹੋਏ ਨੇ। ਇਕ ਧਿਰ ਨੂੰ ਤਾਂ ਉਹ ਲੁੱਟਦਾ ਜੇ, ਦੂਸਰੀ ਇਸ ਲੁੱਟ ਦੇ ਕੰਮ ਵਿਚ ਉਸੇ ਨਾਲ ਕੰਪੀਟੀਸ਼ਨ ਕਰਦੀ ਜੇ।"

ਆਪਣੇ ਵਿਸ਼ੇ ਦੇ ਗਿਆਨ ਤੋਂ ਖੁਸ਼, ਮੈਨੂੰ ਭਾਸ਼ਣ ਦਿੰਦਾ ਹੋਇਆ, ਉਹ ਮੁਸਕਰਾਇਆ ਤੇ ਸਿਗਾਰ ਦੀ ਰਾਖ਼ ਨੂੰ ਇਕ ਕੋਨੇ ਵਿਚ ਛਿੜਕਦੇ ਹੋਏ ਬੋਲਿਆ, 'ਤੇ ਇੰਜ ਨੈਤਿਕਤਾ ਇਕ ਅਮੀਰ ਆਦਮੀ ਲਈ ਲਾਭਦਾਇਕ ਤੇ ਆਮ ਲੋਕਾਂ ਲਈ ਰੁਕਾਵਟ ਵਰਗੀ ਕੋਈ ਸ਼ੈ ਜੇ। ਇਸ ਲਈ ਆਦਰਸ਼ਵਾਦੀ ਨੈਤਿਕਤਾ ਦੇ ਸਿਧਾਂਤ ਨੂੰ ਜਬਰਨ ਲੋਕਾਂ ਦੇ ਦਿਮਾਗ ਵਿਚ ਘੁਸਾਉਣਾ ਚਾਹੁੰਦੇ ਨੇ .... ਪਰ ਖ਼ੁਦ ਨੈਤਿਕਤਾ ਨੂੰ ਇੰਜ ਇਸਤੇਮਾਲ ਕਰਦੇ ਨੇ ਜਿਵੇਂ ਟਾਈ ਜਾਂ ਕੋਟ ਨੂੰ। ਹੁਣ ਅਗਲਾ ਸਵਾਲ ਇਹ ਵੇ ਕਿ ਕਿੰਜ ਨੈਤਿਕਤਾ ਦੇ ਨਿਯਮਾਂ ਨੂੰ ਮੰਨਣ ਲਈ ਆਮ ਆਦਮੀ ਨੂੰ ਤਿਆਰ ਕੀਤਾ ਜਾਵੇ? ਕੋਈ ਨਹੀਂ ਚਾਹੁੰਦਾ ਕਿ ਚੋਰਾਂ ਵਿਚਕਾਰ ਇਕ ਇਮਾਨਦਾਰ ਆਦਮੀ ਵਾਂਗ ਰਿਹਾ ਜਾਵੇ, ਪਰ ਜੇ ਤੁਸੀਂ ਲੋਕਾਂ ਨੂੰ ਰਾਜ਼ੀ ਨਹੀਂ ਕਰ ਸਕਦੇ, ਤਾਂ ਉਹਨਾਂ ਉੱਤੇ ਦਬਾਅ ਪਾਉਣਾ ਪਵੇਗਾ, ਉਹਨਾਂ ਦੇ ਵਿਚਾਰਾਂ ਨੂੰ ਹਿਪਨੋਟਾਈਜ਼ (ਕਾਬੂ ਵਿਚ) ਕਰਨਾ ਪਵੇਗਾ....ਇਹੀ ਤਾਂ ਕੰਮ ਕਰਨ ਦਾ ਤਰੀਕਾ ਜੇ...."

ਉਸਨੇ ਸਿਰ ਹਿਲਾਇਆ ਤਾਂ ਮੈਂ ਅੱਖਾਂ ਮਿਚਮਿਚਾਉਂਦਿਆਂ ਹੋਇਆ ਦੁਹਰਾਇਆ,

"ਤੁਸੀਂ ਲੋਕਾਂ ਨੂੰ ਰਾਜ਼ੀ ਨਹੀਂ ਕਰ ਸਕਦੇ ਤਾਂ ਸੰਮੋਹਿਤ ਕਰਕੇ ਕਾਬੂ ਵਿਚ ਕਰਦੇ ਹੋ...."

ਤਦ ਉਸਨੇ ਆਪਣਾ ਹੱਥ ਮੇਰੇ ਗੋਡੇ ਉੱਤੇ ਰੱਖਿਆ ਤੇ ਧੀਮੀ ਆਵਾਜ਼ ਵਿਚ ਬੋਲਿਆ, "ਜਿਸ ਬਿਊਰੋ ਲਈ ਮੈਂ ਕੰਮ ਕਰ ਰਿਹਾ ਵਾਂ, ਉਹ ਜਨਤਾ ਦੇ ਵਿਚਾਰਾਂ ਨੂੰ ਸੰਮੋਹਿਤ ਕਰਦਾ ਜੇ, ਤੇ ਉਹ ਅਮਰੀਕਾ ਦੇ ਸਭ ਤੋਂ ਮੌਲਿਕ ਬਿਊਰੋਆਂ ਵਿਚੋਂ ਇਕ ਜੇ।" ਉਸਨੇ ਮਾਣ ਨਾਲ ਕਿਹਾ।

"ਕੀ ਤੁਸੀਂ ਜਾਣਦੇ ਹੋ ਕਿ ਸਾਡਾ ਦੇਸ਼ ਪੈਸਾ ਬਣਾਉਣ ਦੇ ਵਿਚਾਰ ਨਾਲ ਜਿਉਂਦਾ ਜੇ.... ਹਰ ਆਦਮੀ ਇੱਥੇ ਅਮੀਰ ਬਣਨਾ ਚਾਹੁੰਦਾ ਜੇ ਤੇ ਇਸੇ ਆਪਾ-ਧਾਪੀ ਵਿਚ ਹਰੇਕ ਆਦਮੀ ਦੂਸਰੇ ਲਈ ਧਨ ਕਮਾਉਣ ਦਾ ਜ਼ਰੀਆ ਬਣਦਾ ਜੇ। ਪੂਰੀ ਜ਼ਿੰਦਗੀ ਹੀ ਆਦਮੀ ਦੇ ਮਾਸ ਤੇ ਖ਼ੂਨ 'ਚੋਂ ਸੋਨਾ ਕੱਢਣ ਦਾ ਧੰਦਾ ਬਣੀ ਹੋਈ ਜੇ। ਇੱਥੋਂ ਦੇ ਲੋਕ ਤਾਂ ਕੀ, ਹਰ ਜਗ੍ਹਾ ਦੇ ਲੋਕ ਹੀ, ਆਦਮੀ ਦੇ ਮਾਸ, ਹੱਡੀ ਤੇ ਨਸਾਂ ਨੂੰ ਸੋਨੇ ਦੇ ਟੁਕੜਿਆਂ ਵਿਚ ਬਦਲਣ ਵਿਚ ਰੁੱਝੇ ਹੋਏ ਨੇ। ਜ਼ਿੰਦਗੀ ਬੜੀ ਉਲਝੀ ਹੋਈ ਸ਼ੈ ਜੇ...."

'ਕੀ ਇਹ ਤੇਰੇ ਆਪਣੇ ਵਿਚਾਰ ਨੇ?" ਮੈਂ ਪੁੱਛਿਆ।

"ਨਹੀਂ.... ਬਿਲਕੁਲ ਨਹੀਂ....ਮੈਨੂੰ ਯਾਦ ਨਹੀਂ ਆਉਂਦਾ ਕਿ ਕਿਸ ਤਰ੍ਹਾਂ ਇਹ ਮੇਰੇ ਦਿਮਾਗ ਵਿਚ ਘੁਸੜ ਗਏ.... ਤੇ ਇਹ ਵਿਚਾਰ ਮੈਂ ਸਿਰਫ਼ ਉਦੋਂ ਹੀ ਪ੍ਰਗਟ ਕਰਦਾ ਹਾਂ ਜਦੋਂ ਉਹਨਾਂ ਲੋਕਾਂ ਨੂੰ ਮਿਲਦਾ ਵਾਂ....ਜਿਹੜੇ ਸਾਧਾਰਣ ਨਹੀਂ.... ਆਮ ਲੋਕਾਂ ਕੋਲ ਦੁਰਾਚਾਰ ਵਿਚ ਮਗਨ ਰਹਿਣ ਦਾ ਸਮਾਂ ਹੀ ਨਹੀਂ ਹੁੰਦਾ....ਉਹਨਾਂ ਕੋਲ ਤਾਂ ਇਸ ਬਾਰੇ ਸੋਚਣ ਦਾ ਵੀ ਸਮਾਂ ਨਹੀਂ ਜੇ। ਕਿਸੇ ਵੀ ਚੀਜ਼ ਦੀ ਇੱਛਾ ਲਈ ਉਹਨਾਂ ਵਿਚ ਊਰਜਾ ਨਹੀਂ....ਉਹ ਆਪਣੇ ਕੰਮ ਵਿਚ ਹੀ ਜਿਉਂਦੇ ਨੇ.... ਤੇ ਜਿਉਂਦੇ ਰਹਿਣ ਲਈ ਕੰਮ ਕਰੀ ਜਾਂਦੇ ਨੇ.... ਇਹੀ ਉਹਨਾਂ ਦੀ ਜ਼ਿੰਦਗੀ ਨੂੰ ਵਧੇਰੇ ਨੈਤਿਕ ਬਣਾਉਂਦਾ ਜੇ...."

"ਇਹ ਭਾਵਹੀਣ, ਰਸਹੀਣ ਅਕੇਵੇਂ ਭਰੀ ਜ਼ਿੰਦਗੀ ਵਿਚ, ਜਿਹੜੀ ਪ੍ਰਾਚੀਨ ਪਾਰਸੀ ਨੈਤਿਕਤਾ ਦੀ ਪੋਟੇ ਜਿੱਡੀ ਕੰਪਾਸ ਤੀਕ ਸੀਮਿਤ ਜੇ .... ਕਿਸੇ ਵੀ ਸਿਧਾਂਤ ਦਾ ਉਲੰਘਣ ਇਕ ਸੰਘਣੇ ਧੂੰਏਂ ਦੇ ਬੱਦਲ ਵਾਂਗ ਜੇ। ਇਹ ਚੰਗੀ ਗੱਲ ਜੇ ਤੇ ਮਾੜੀ ਵੀ। ਸਮਾਜ ਦਾ ਉੱਚ ਵਰਗ, ਹੇਠਲੇ ਵਰਗ ਦਾ ਸੰਚਾਲਨ ਕਰਦਾ ਜੇ। ਉਹਨਾਂ ਕੋਲ ਪੈਸਾ ਜੇ ਇਸਦਾ ਅਰਥ ਜੇ ਕਿ ਉਹਨਾਂ ਨੂੰ ਹੱਕ ਜੇ ਕਿ ਉਹ ਬਿਨਾਂ ਨੈਤਿਕਤਾ ਦੀ ਪ੍ਰਵਾਹ ਕੀਤਿਆਂ ਜਿਵੇਂ ਚਾਹੁਣ ਉਵੇਂ ਜਿਉਣ। ਅਮੀਰ ਜਿਹੜੇ ਲਾਲਚੀ ਹੁੰਦੇ ਨੇ, ਸੁਸਤ ਹੁੰਦੇ ਨੇ, ਭੋਗ-ਵਿਲਾਸੀ ਤੇ ਨਿਕੰਮੇ ਹੁੰਦੇ ਨੇ, ਤੇ ਦੁਰਾਚਾਰੀ ਵੀ। ਉਹਨਾਂ ਦੀ ਆਤਮਾ ਵਿਚ ਸ਼ੈਤਾਨ ਵੱਸਦਾ ਜੇ....ਤਾਂ ਉਹ ਕੀ ਕਰਨ? ਕੀ ਖੁੱਲਮ-ਖੁੱਲਾ ਨੈਤਿਕਤਾ ਨੂੰ ਤਿਆਗ ਦੇਣ? ਇਹ ਅਸੰਭਵ ਜੇ, ਕਿਉਂਕਿ ਇਹ ਪਾਗਲਪਨ ਜੇ। ਜੇ ਤੁਸੀਂ ਆਪਣੇ ਫਾਇਦੇ ਲਈ ਲੋਕਾਂ ਨੂੰ ਨੈਤਿਕਤਾਵਾਦੀ ਬਣਾਉਣਾ ਚਾਹੁੰਦੇ ਹੋ ਤਾਂ ਲੋਕਾਂ ਦੀ ਨਜ਼ਰ ਵਿਚ ਦੁਰਾਚਾਰ ਤੋਂ ਦੂਰ ਰਹਿਣਾ ਪਵੇਗਾ। ਬੱਸ ਇਸ ਵਿਚ ਕੁਝ ਵੀ ਨਵਾਂ ਨਹੀਂ ਜੇ....ਇਹ ਸਭ ਤਾਂ ਹੁੰਦਾ ਆਇਆ ਤੇ ਹੁੰਦਾ ਪਿਆ ਜੇ...." ਆਪਣੇ ਮੋਢਿਆਂ ਵੱਲ ਵਿਹੰਦਿਆਂ ਹੋਇਆ ਉਸਦੀ ਆਵਾਜ਼ ਹੋਰ ਵੀ ਧੀਮੀ ਹੋ ਗਈ।



"ਜਾਣਦੇ ਹੋ, ਨਿਊਯਾਰਕ ਦੇ ਕੁਝ ਧਨਾਢ ਲੋਕਾਂ ਦੇ ਦਿਮਾਗ ਵਿਚ ਕੈਸਾ ਅਜੀਬ ਵਿਚਾਰ ਪੈਦਾ ਹੋਇਆ....ਇਕ ਗੁਪਤ ਸੁਸਾਇਟੀ ਬਣਾਉਣ ਦਾ....ਨੈਤਿਕਤਾ ਦੇ ਸਿਧਾਂਤਾਂ ਦਾ ਖੁੱਲਮ-ਖੁੱਲਾ ਉਲੰਘਣ ਕਰਨ ਲਈ....ਚੰਦਾ ਇਕੱਠਾ ਕਰਕੇ ਉਹਨਾਂ ਇੰਜ ਹੀ ਕੀਤਾ। ਵੱਖ-ਵੱਖ ਕਸਬਿਆਂ ਵਿਚ ਬਿਊਰੋ ਖੋਲ੍ਹੇ ਤੇ ਨੈਤਿਕਤਾ ਦੇ ਵਿਰੁੱਧ ਕੰਮ ਕਰਨ ਲਈ ਲੋਕਾਂ ਨੂੰ ਰੋਜ਼ਗਾਰ ਦਿੱਤੇ। ਹਰੇਕ ਬਿਊਰੋ ਨੂੰ ਚਲਾਉਣ ਵਾਸਤੇ ਇਕ ਅਨੁਭਵੀ ਤੇ ਜਾਣਕਾਰ ਵਿਅਕਤੀ ਨੂੰ ਮੁਖੀ ਬਣਾਇਆ ਗਿਆ, ਜਿਹੜਾ ਹੋਰ ਲੋਕਾਂ ਤੋਂ ਕੰਮ ਲੈਂਦਾ ਸੀ.... ਤੇ ਨਿਯਮ ਬਣਾਉਂਦਾ ਸੀ....ਤੇ ਉਸ ਵਿਚ ਕੁਝ ਅਖ਼ਬਾਰਾਂ ਦੇ ਸੰਪਾਦਕ ਵੀ ਲਏ ਗਏ...."

"ਪਰ ਬਿਊਰੋ ਦਾ ਉਦੇਸ਼ ਮੇਰੀ ਸਮਝ ਵਿਚ ਨਹੀਂ ਆਇਆ...." ਉਸਦੀ ਗੱਲ ਕੱਟਦਿਆਂ ਮੈਂ ਕਿਹਾ।

"ਇਹ ਬੜਾ ਸਰਲ ਜੇ", ਉਹ ਮੁੜਿਆ। ਅਚਾਨਕ ਹੀ ਬੇਚੈਨ ਅਤੇ ਅਸ਼ਾਂਤ ਜਿਹਾ ਉੱਠ ਖੜ੍ਹਾ ਹੋਇਆ ਤੇ ਆਪਣੇ ਹੱਥ ਪਿੱਠ ਪਿੱਛੇ ਕਰਕੇ ਕਮਰੇ ਵਿਚ ਟਹਿਲਣ ਲੱਗਾ।

"ਬੜਾ ਸਰਲ ਤੇ ਸਪੱਸ਼ਟ ਜੇ ਇਹ", ਉਸਨੇ ਫਿਰ ਕਿਹਾ, "ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਹੇਠਲਾ ਵਰਗ ਅਪਰਾਧੀ ਨਹੀਂ....ਉਸ ਕੋਲ ਸਮਾਂ ਹੀ ਨਹੀਂ। ਦੂਜੇ ਪਾਸੇ ਨੈਤਿਕਤਾ 'ਅਪਰਾਧ' ਦੇ ਵਿਰੁੱਧ ਜੇ। ਆਖ਼ਰਕਾਰ ਤੁਸੀਂ ਉਸਨੂੰ ਬੁੱਢੀ ਨੌਕਰਾਣੀ ਵਾਂਗ ਤਿਆਗ ਤਾਂ ਨਹੀਂ ਸਕਦੇ। ਉਹਨਾਂ ਕੋਲ ਨੈਤਿਕਤਾ ਲਈ ਬਰਾਬਰ ਵਿਰੋਧ ਰਹਿੰਦਾ ਜੇ, ਜਿਹੜਾ ਲੋਕਾਂ ਨੂੰ ਬੋਲਾ ਕਰਦਾ ਜੇ, ਉਹਨਾਂ ਨੂੰ ਉਸ ਸੱਚਾਈ ਤੋਂ ਪਰ੍ਹੇ ਰੱਖਦਾ ਜੇ। ਜੇ ਤੁਸੀਂ ਗੁਆਂਢੀ ਦੀ ਜੇਬ ਦਾ ਬਟੂਆ ਕੱਢਦੇ ਹੋ, ਪੂਰੇ ਹੋਸ਼ਹਵਾਸ ਵਿਚ ਤੇ ਸ਼ਰਾਰਤੀ ਬੱਚੇ ਵਰਗਾ ਵਿਹਾਰ ਕਰਦੇ ਹੋ। ਜਿਵੇਂ ਤੁਸੀਂ ਮੁੱਠੀ ਭਰ ਮੇਵੇ ਚੁਰਾਏ ਹੋਣ....ਅਜਿਹਾ ਵਿਹਾਰ ਹੀ ਤੁਹਾਨੂੰ ਖ਼ੁਸ਼ ਰੱਖ ਸਕਦਾ ਜੇ। ਸਿਰਫ਼ ਚੀਕੋ 'ਰੋਕੋ, ਚੋਰ ਨੂੰ' ਏਨੀ ਜ਼ੋਰ ਨਾਲ ਜਿੰਨਾ ਤੁਸੀਂ ਚੀਕ ਸਕਦੇ ਹੋ। ਸਾਲਾ ਬਿਊਰੋ ਕੀ ਕਰਦਾ ਜੇ, ਸਿਰਫ਼ ਛੋਟੀਆਂ-ਮੋਟੀਆਂ ਖ਼ੁਰਾਫ਼ਾਤਾਂ....ਵੱਡੇ ਵਿਰੋਧ ਨੂੰ ਦਬਾਉਣ ਲਈ...."

ਉਸਨੇ ਲੰਮਾ ਸਾਹ ਖਿੱਚਿਆ। ਕਮਰੇ ਵਿਚਕਾਰ ਰੁਕਿਆ ਤੇ ਥੋੜ੍ਹੀ ਦੇਰ ਲਈ ਚੁੱਪ ਰਿਹਾ। ਫਿਰ ਉਸਨੇ ਸ਼ੁਰੂ ਕੀਤਾ, "ਉਦਾਹਰਨ ਵਜੋਂ ਕਿਸੇ ਸ਼ਹਿਰ ਵਿਚ ਜੇ ਇਹ ਅਫ਼ਵਾਹ ਫੈਲੀ ਜੇ ਕਿ ਇਕ ਮਾਣਯੋਗ ਤੇ ਵਿਸ਼ੇਸ਼ ਵਿਅਕਤੀ ਆਪਣੀ ਪਤਨੀ ਨੂੰ ਕੁੱਟਦਾ ਜੇ। ਹੁਣ ਬਿਊਰੋ ਜਾਣਬੁੱਝ ਕੇ ਮੈਨੂੰ ਤੇ ਦੂਜੇ ਏਜੰਟਾਂ ਨੂੰ ਆਪੋ ਆਪਣੀਆਂ ਪਤਨੀਆਂ ਨੂੰ ਕੁੱਟਣ ਦਾ ਹੁਕਮ ਦੇਵੇਗਾ ਤੇ ਅਸੀਂ ਉਹਨਾਂ ਨੂੰ ਕੁੱਟ ਦਿਆਂਗੇ। ਪਤਨੀਆਂ ਨੂੰ ਵੀ ਇਸ ਬਾਰੇ ਪਹਿਲਾਂ ਜਾਣਕਾਰੀ ਹੋਵੇਗੀ ਤੇ ਉਹ ਵੀ ਖ਼ੂਬ ਜ਼ੋਰ-ਜ਼ੋਰ ਨਾਲ ਚੀਕਣ-ਕੂਕਣਗੀਆਂ ਤੇ ਅਖ਼ਬਾਰ ਇਸ ਵਿਸ਼ੇ ਉੱਤੇ ਖ਼ਬਰਾਂ ਦੇਣ ਲੱਗ ਪੈਣਗੇ। ਇੰਜ ਕਰਨ ਨਾਲ ਉਸ ਮਾਣਯੋਗ ਤੇ ਪਤਵੰਤੇ ਨਾਗਰਿਕ ਸੱਜਣ ਦੇ ਆਪਣੀ ਪਤਨੀ ਨੂੰ ਕੁੱਟਣ ਵਾਲੀ ਘਟਨਾ ਅਫ਼ਵਾਹ ਵਾਂਗ ਹੇਠਾਂ ਦੱਬੀ ਜਾਏਗੀ ਤੇ ਸੱਚਾਈ ਗੌਣ ਹੋ ਜਾਏਗੀ....।"

ਉਹ ਖਿੜਕੀ ਕੋਲ ਗਿਆ ਤੇ ਗਲੀ ਵਿਚ ਝਾਕ ਕੇ ਵਾਪਿਸ ਆ ਕੇ ਬੈਠ ਗਿਆ। ਉਸਦੀ ਧੀਮੀ ਆਵਾਜ਼ ਫਿਰ ਕਮਰੇ ਵਿਚ ਸੁਣਾਈ ਦੇਣ ਲੱਗੀ, "ਬਿਊਰੋ ਅਮਰੀਕਾ ਦੇ ਉੱਚੇ

ਵਰਗ ਨੂੰ ਆਮ ਲੋਕਾਂ ਦੇ ਇਨਸਾਫ ਤੋਂ ਬਚਾਉਂਦਾ ਜੇ, ਨੈਤਿਕਤਾ ਦੇ ਅਨੁਸ਼ਾਸਨ ਭੰਗ ਦੇ ਲਈ ਕਰੜੇ ਵਿਰੋਧ ਨੂੰ ਪੱਕਿਆਉਂਦਾ ਜੇ। ਛੋਟੇ-ਛੋਟੇ ਸਕੈਂਡਲਾਂ ਦੀ ਓਟ ਵਿਚ ਉਹ ਅਮੀਰਾਂ ਦੀਆਂ ਦੁਰਾਚਾਰੀਆਂ ਦੀ ਰਾਖੀ ਕਰਦਾ ਜੇ। ਤੇ ਲੋਕ ਜਿਨ੍ਹਾਂ ਕੋਲ ਸੋਚਣ ਦਾ ਸਮਾਂ ਨਹੀਂ, ਉਹ ਉਹੀ ਸੁਣਦੇ ਸਮਝਦੇ ਨੇ ਜੋ ਉਹਨਾਂ ਨੂੰ ਅਖ਼ਬਾਰਾਂ ਦੇ ਜ਼ਰੀਏ ਦੱਸਿਆ ਜਾਂਦਾ ਜੇ। ਤੇ ਅਖ਼ਬਾਰ ਉਹਨਾਂ ਕਰੋੜ-ਪਤੀਆਂ ਦੇ ਹੁੰਦੇ ਨੇ ਜਿਹੜੇ ਬਿਊਰੋ ਨੂੰ ਚਲਾਉਣ ਦਾ ਖਰਚਾ ਦਿੰਦੇ ਨੇ.... ਹੁਣ ਸਮਝੇ...."

"ਧੰਨਵਾਦ, ਮੈਂ ਕਿਹਾ, "ਤੂੰ ਮੈਨੂੰ ਬੜੀ ਵੱਡੀ ਜਾਣਕਾਰੀ ਦਿੱਤੀ....।"

"ਹਾਂ...." ਉਸਨੇ ਸਿਰ ਚੁੱਕ ਕੇ ਆਪਣੀਆਂ ਚਮਕਦੀਆਂ ਹੋਈਆਂ ਅੱਖਾਂ ਨਾਲ ਮੇਰੇ ਵੱਲ ਤੱਕਿਆ। ਫੇਰ ਹੌਲੀ ਜਿਹੀ ਕਿਹਾ, "ਪਰ ਇਹ ਸਭ ਮੈਨੂੰ ਥਕਾਅ ਦੇਣ ਦੀ ਸ਼ੁਰੂਆਤ ਜੇ। ਮੈਂ ਇਕ ਕਬੀਲਦਾਰ ਆਦਮੀ ਹਾਂ। ਤਿੰਨ ਸਾਲ ਪਹਿਲਾਂ ਮੈਂ ਆਪਣਾ ਘਰ ਬੰਨ੍ਹਿਆ ਸੀ.... ਹੁਣ ਮੈਂ ਥੋੜ੍ਹਾ ਆਰਾਮ ਚਾਹੁੰਦਾ ਹਾਂ....ਮੇਰੀ ਇਹ ਨੌਕਰੀ ਬੜੀ ਅਕਾ ਦੇਣ ਵਾਲੀ ਜੇ.... ਨੈਤਿਕਤਾ ਦੇ ਨਿਯਮਾਂ ਦੇ ਪ੍ਰਤੀ ਆਦਰ ਸਨਮਾਨ ਬਣਾਈ ਰੱਖਣਾ ਏਨਾ ਆਸਾਨ ਨਹੀਂ ਜੇ। ਮੇਰੇ ਉੱਤੇ ਵਿਸ਼ਵਾਸ ਕਰੋ। ਹੁਣ ਤੁਸੀਂ ਦੇਖੋ, ਸ਼ਰਾਬ ਮੇਰੇ ਲਈ ਬੁਰੀ ਜੇ ਪਰ ਮੈਨੂੰ ਪੀਣੀ ਪੈਂਦੀ ਜੇ। ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ ਤੇ ਇੱਥੇ ਮੈਨੂੰ ਰੇਸਤਰਾਵਾਂ ਵਿਚ ਭਟਕਣਾ ਪੈਂਦਾ ਜੇ.... ਤੇ ਹਮੇਸ਼ਾ ਆਪਣੇ ਆਪ ਨੂੰ ਅਖ਼ਬਾਰਾਂ ਵਿਚ ਦੇਖਣਾ ਪੈਂਦਾ ਜੇ.... ਝੂਠੇ ਨਾਵਾਂ ਨਾਲ.... ਸੱਚ.... ਪਰ ਫਿਰ ਵੀ ਕਿਸੇ ਦਿਨ ਮੇਰਾ ਅਸਲੀ ਨਾਂ ਵੀ ਆਵੇਗਾ ਤੇ ਉਦੋਂ ਮੈਨੂੰ ਆਪਣੇ ਸ਼ਹਿਰ ਵਿਚੋਂ ਭੱਜਣਾ ਪਵੇਗਾ.... ਦਰਅਸਲ ਮੈਨੂੰ ਤੁਹਾਡੀ ਮਦਦ ਚਾਹੀਦੀ ਜੇ...."

"ਕਿਸ ਕਿਸਮ ਦੀ ਮਦਦ?" ਮੈਂ ਪੁੱਛਿਆ।

"ਦੇਖੋ....ਤੁਸੀਂ...." ਉਸਨੇ ਸ਼ੁਰੂ ਕੀਤਾ, "ਇਹ ਇਸ ਤਰ੍ਹਾਂ ਜੇ.... ਕਿ ਦੱਖਣੀ ਰਾਜਾਂ ਵਿਚ ਉੱਚੇ ਵਰਗ ਦੇ ਲੋਕ ਨੀਗਰੋ ਰਖੈਲਾਂ ਰੱਖਦੇ ਨੇ.... ਦੋ-ਦੋ, ਤਿੰਨ-ਤਿੰਨ ਇਕੋ ਸਮੇਂ। ਆਮ ਲੋਕ ਇਸ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦੇ ਨੇ। ਪਤਨੀਆਂ ਇਸ ਨੂੰ ਪਸੰਦ ਨਹੀਂ ਕਰਦੀਆਂ। ਕੁਝ ਔਰਤਾਂ ਨੂੰ ਅਜਿਹੇ ਅਖ਼ਬਾਰ ਮਿਲਦੇ ਨੇ ਜਿਸ ਵਿਚ ਉਹਨਾਂ ਦੇ ਪਤੀਆਂ ਨੂੰ ਖੋਲ੍ਹ ਕੇ ਰੱਖ ਦਿੱਤਾ ਜਾਂਦਾ ਜੇ। ਇੰਜ ਇਹ ਇਕ ਬੜਾ ਵੱਡਾ ਸਕੈਂਡਲ ਹੋ ਸਕਦਾ ਜੇ। ਹੁਣ ਬਿਊਰੋ ਨੂੰ 'ਵਿਰੋਧੀ-ਤੱਥ' ਚਾਹੀਦੇ ਨੇ, ਅਫ਼ਵਾਹਾਂ ਉਡਾਉਣ ਲਈ.... ਏਜੰਟ ਤੇ ਮੈਨੂੰ, ਸਾਨੂੰ ਸਾਰਿਆਂ ਨੂੰ ਨੀਗਰੋ ਰਖੈਲਾਂ ਰੱਖਣ ਦਾ ਹੁਕਮ ਹੋਇਆ ਜੇ.... ਦੋ ਜਾਂ ਤਿੰਨ ਵੀ ਇਕੱਠੀਆਂ..." ਉਹ ਘਬਰਾਹਟ ਵਿਚ ਲਗਭਗ ਭੁੜਕਿਆ। ਆਪਣੀ ਜੇਬ ਉੱਪਰ ਹੱਥ ਰੱਖਦੇ ਹੋਏ ਉਸਨੇ ਕਿਹਾ, "ਤੇ ਇਹ ਮੈਂ ਨਹੀਂ ਕਰ ਸਕਦਾ.... ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ.... ਤੇ ਉਹ ਮੈਨੂੰ ਇੰਜ ਬਿਲਕੁਲ ਨਹੀਂ ਕਰ ਦੇਵੇਗੀ.... ਘੱਟੋ-ਘੱਟ ਜੇ ਇੱਕ ਵੀ ਰੱਖਣੀ ਹੋਵੇ ਤਾਂ ਵੀ...."

"ਤੂੰ ਮਨ੍ਹਾਂ ਕਿਉਂ ਨਹੀਂ ਕਰ ਦਿੰਦਾ?" ਮੈਂ ਕਿਹਾ।

ਉਸਨੇ ਦਯਾ ਭਾਵ ਨਾਲ ਮੇਰੇ ਵੱਲ ਦੇਖਿਆ, "ਤੇ ਫਿਰ 50 ਡਾਲਰ ਹਰ ਹਫ਼ਤੇ....ਕੌਣ



ਦਏਗਾ ਮੈਨੂੰ....ਤੇ ਬੋਨਸ, ਜੇ ਮੈਂ ਸਫ਼ਲ ਹੋ ਜਾਂਦਾ ਵਾਂ....ਨਹੀਂ ਨਹੀਂ.... ਇਸ ਤਰ੍ਹਾਂ ਦੀ ਸਲਾਹ ਨਹੀਂ ਚਾਹੀਦੀ.... ਇਕ ਅਮਰੀਕਨ ਇਕ ਦਿਨ ਲਈ ਵੀ ਪੈਸੇ ਲੇਟ ਨਹੀਂ ਕਰਦਾ....ਕੁਝ ਹੋਰ ਸੋਚੋ...."

"ਮੈਨੂੰ ਤਾਂ ਇਹ ਬੜਾ ਮੁਸ਼ਕਿਲ ਲੱਗ ਰਿਹਾ ਹੈ।" ਮੈਂ ਕਿਹਾ

"ਮੁਸ਼ਕਿਲ? ਤੁਹਾਨੂੰ ਕਿਉਂ ਮੁਸ਼ਕਿਲ ਲੱਗ ਰਿਹਾ ਜੇ ਭਾਅ ਜੀ? ਤੁਸੀਂ ਯੂਰੋਪੀਅਨ ਤਾਂ ਨੈਤਿਕਤਾ ਦੇ ਅਸਲੀ ਦਾਅਵੇਦਾਰ ਬਣਦੇ ਹੋ। ਤੇ ਤੁਹਾਡੀ ਨੈਤਿਕਤਾ ਬੜੀ ਪ੍ਰਸਿੱਧ ਜੇ...."

ਉਸਨੇ ਇਹ ਸਭ ਬੜੇ ਆਤਮ ਵਿਸ਼ਵਾਸ ਨਾਲ ਕਿਹਾ ਜਿਵੇਂ ਉਸਨੂੰ ਸਭ ਪਤਾ ਹੋਵੇ।

"ਇਹ ਦੇਖੋ," ਉਸਨੇ ਫਿਰ ਕਿਹਾ ਮੇਰੇ ਵੱਲ ਝੁਕਦਿਆਂ ਹੋਇਆਂ, "ਤੁਹਾਡੇ ਕੁਝ ਯੋਰਪੀਅਨ ਦੋਸਤ ਤਾਂ ਹੋਣਗੇ..."

"ਤੂੰ ਉਹਨਾਂ ਤੋਂ ਕੀ ਚਾਹੁੰਦਾ ਏਂ?"

"ਮੈਂ.... ਮੈਂ ਉਹਨਾਂ ਤੋਂ ਕੀ ਚਾਹਾਂਗਾ," ਬੜੀ ਰੁੱਖੀ ਆਵਾਜ਼ ਵਿਚ ਉਸਨੇ ਕਿਹਾ, "ਮੈਂ ਤੁਹਾਨੂੰ ਇਹੀ ਕਹਿ ਰਿਹਾ ਵਾਂ ਕਿ ਨੀਗਰੋ ਕੁੜੀਆਂ ਨਾਲ ਮੈਂ ਕੋਈ ਧੰਦਾ ਨਹੀਂ ਕਰ ਸਕਦਾ... ਬਸ। .... ਤੇ ਮੇਰੀ ਪਤਨੀ, ਉਹ ਇੰਜ ਨਹੀਂ ਹੋਣ ਦੇਵੇਗੀ ਤੇ ਮੈਂ ਉਸਨੂੰ ਪਿਆਰ ਕਰਦਾ ਵਾਂ... ਮੈਂ ਇੰਜ ਨਹੀਂ ਕਰ ਸਕਦਾ...."

ਉਸਨੇ ਆਪਣਾ ਸਿਰ ਤੇਜ਼ੀ ਨਾਲ ਹਿਲਾਇਆ। ਆਪਣੇ ਗੰਜੇ ਸਿਰ ਉੱਤੇ ਹੱਥ ਫੇਰਿਆ ਤੇ ਫਿਰ ਕਿਹਾ, "ਸ਼ਾਇਦ ਤੁਸੀਂ ਕੁਝ ਯੂਰੋਪੀਅਨਾਂ ਨੂੰ ਇਸ ਕੰਮ 'ਤੇ ਲਾ ਸਕੋ....ਉਹ ਤਾਂ ਨੈਤਿਕਤਾ ਬਾਰੇ ਕੁਝ ਨਹੀਂ ਜਾਣਦੇ.... ਇਸ ਲਈ ਉਹਨਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ....ਕੁਝ ਗਰੀਬ....ਭੁੱਖੜ....ਮੈਂ ਉਹਨਾਂ ਨੂੰ ਦਸ ਡਾਲਰ ਇੱਕ ਹਫ਼ਤੇ ਦੇ ਦੇਵਾਂਗਾ....ਦਸ ਡਾਲਰ....ਅਸਲ ਵਿਚ ਸਭ ਕੁਝ ਤਾਂ ਮੈਂ ਹੀ ਕਰਾਂਗਾ....ਉਹਨਾਂ ਨੂੰ ਸਿਰਫ਼ ਦਿਖਾਵਾ ਕਰਨਾ ਪਏਗਾ....ਔਹ। ਇਹ ਗੱਲ ਦਾ ਫੈਸਲਾ ਅੱਜ ਦੀ ਰਾਤ ਹੀ ਕਰਨਾ ਜੇ ਮੈਂ....ਜ਼ਰਾ ਸੋਚੋ ਕੇਡਾ ਸਕੈਂਡਲ ਖੜ੍ਹਾ ਹੋ ਜਾਵੇਗਾ, ਜੇ ਦੱਖਣ ਵਿਚ ਇਹ ਸਭ ਕੁਝ ਛੋਟੇ-ਮੋਟੇ ਦੁਰਾਚਾਰੀਆਂ ਦੇ ਨਾਂ ਨਾ ਮੜ੍ਹ ਦਿੱਤਾ ਗਿਆ। ਜੇ ਨੈਤਿਕਤਾ ਨੂੰ ਬਚਾਉਣਾ ਜੇ ਤਾਂ ਇਹ ਸਭ ਕਰਨਾ ਪਵੇਗਾ...."

"ਜਦੋਂ ਉਹ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਮੈਂ ਖਿੜਕੀ ਕੋਲ ਚਲਾ ਗਿਆ। ਉਹ ਹੇਠਾਂ ਖੜ੍ਹਾ ਸੀ ਤੇ ਮੈਨੂੰ ਇਸ਼ਾਰੇ ਨਾਲ ਕੁਝ ਕਹਿ ਰਿਹਾ ਸੀ।

"ਕੀ ਚਾਹੀਦਾ ਏ ਤੈਨੂੰ...." ਮੈਂ ਖਿੜਕੀ ਖੋਹਲਦਿਆਂ ਹੋਇਆਂ ਪੁੱਛਿਆ।

"ਮੈਂ ਆਪਣੀ ਹੈਟ ਭੁੱਲ ਗਿਆ ਵਾਂ...." ਉਸਨੇ ਬੜੇ ਨਾਟਕੀ ਢੰਗ ਨਾਲ ਕਿਹਾ।

ਮੈਂ ਹੈਟ ਫਰਸ਼ ਤੋਂ ਚੁੱਕਿਆ, ਉਸਨੂੰ ਗਲੀ ਵਿਚ ਉਛਾਲ ਦਿੱਤਾ ਤੇ ਖਿੜਕੀ ਬੰਦ ਕਰ ਦਿੱਤੀ। ਤੇ ਉਸਨੂੰ ਇਹ ਕਹਿੰਦਿਆਂ ਸੁਣਿਆ, "ਤੇ ਜੇ ਮੈਂ ਪੰਦਰਾਂ ਡਾਲਰ ਇਕ ਹਫ਼ਤੇ ਦੇ ਦਿਆਂ ਤਦ....ਤਦ ਚੱਲੇਗਾ ਨਾ....? ਇਹ ਤਾਂ ਚੋਖੀ ਰਕਮ....ਜੇ?" ●

**ਹਿੰਦੀ ਤੋਂ ਅਨੁਵਾਦ - ਮਹਿੰਦਰ ਬੇਦੀ, ਜੈਤੋ**

**ਉਰਦੂ ਗ਼ਜ਼ਲਾਂ**

## 1. ਵਿਕਾਸ

ਪਰੋਂ ਕੋ ਕਾਟ ਕਰ ਸੁਨਵਾਈਆਂ ਕਰਨੇ ਲਗਾ ਕਾਤਿਲ।
ਪਰਿੰਦੇ ਹੈ ਬਹੁਤ ਮਾਸੂਮ 'ਯੇ ਕਹਿਨੇ ਲਗਾ ਕਾਤਿਲ।

ਹਜ਼ਾਰੋਂ ਅਧਮਰੇ ਸਪਨੇ ਘਟਾ ਕੀ ਆਂਖ ਸੇ ਲੇਕਰ,
ਕਿਸੀ ਬਾਰਿਸ਼ ਕੇ ਮੌਸਮ ਮੇਂ ਉਨਹੇਂ ਰਖਨੇ ਲਗਾ ਕਾਤਿਲ।

ਨਦੀ ਕੋ ਲਾਂਘ ਕਰ ਜਬ ਸਾਮਨੇ ਆਇਆ ਪਰਿੰਦਾ ਤੋਂ,
ਇਮਾਰਤ ਕੀ ਕਿਸੀ ਬੁਨਿਆਦ ਸਾ ਹਿਲਨੇ ਲਗਾ ਕਾਤਿਲ।

ਕਿਸੀ ਕੀ ਝੀਲ ਸੀ ਆਖੋਂ ਮੇਂ ਸਪਨੋਂ ਕੋ ਬਿਖਰਤੇ ਦੇਖ,
ਉਦਾਸੀ ਓੜ ਕਰ ਜਜ਼ਬਾਤ ਕੀ ਪੜ੍ਹਨੇ ਲਗਾ ਕਾਤਿਲ।

ਕਿਰਾਏ ਕੇ ਘਰੋਂ ਮੇਂ ਕੈਦ ਉਨ ਬੀਮਾਰ ਬੱਚੋਂ ਕੇ,
ਦਵਾ ਕੇ ਖਰਚ ਕਾ ਅਨੁਮਾਨ ਕਰ ਹੰਸਨੇ ਲਗਾ ਕਾਤਿਲ।

## 2. ਇੰਦਰਪਾਲ ਸਿੰਘ ਤਨਹਾ

ਅਰਥ ਕੀ ਖੁਸ਼ਬੂ ਨਹੀਂ, ਬਸ ਰੰਗ ਹੈ ਅੰਦਾਜ਼ ਕਾ।
ਕਿਆ ਕਰੇਂ ਹਮ ਆਪਕੇ ਇਨ ਖੋਖਲੇ ਅਲਫਾਜ਼ ਕਾ।

ਰਫਤਾ ਰਫਤਾ ਗ਼ਮ ਭੀ ਉਸਕਾ ਢਲ ਗਿਆ ਮਾਮੂਲ ਮੇਂ
ਥਾ ਬੜਾ ਅਰਸਾ ਅਗਰਚੇ ਪਰ ਫ਼ਕਤ ਆਵਾਜ਼ ਕਾ।

ਮੇਰੀ ਇਕ  ਇਕ ਬਾਤ ਦੁਹਰਾਤਾ ਫਿਰੇ ਹੈ ਗ਼ੈਰ ਅਬ,
ਕਿਆ ਹੂਆ, ਮਤ ਪੂਛੀਏ, ਦਾਹਵਾ ਮੇਰੇ ਹਮਰਾਜ਼ ਕਾ।

ਕਮ ਨਹੀਂ ਹੋਤੀ ਹੈ, ਫਿਰ ਵੀ ਅਸਮਾਨੋਂ ਕੀ ਕਸ਼ਿਸ਼
ਜਾਨਤਾ ਹੂੰ ਹਸ਼ਰ ਕਿਆ ਹੋਗਾ, ਮੇਰੀ ਪਰਵਾਜ਼ ਕਾ।

ਅਬ ਕਿ ਜਬ ਤੇਰਾ ਨਾ ਹੋਨਾ, ਏਕ ਕੜਵਾ ਸੱਚ ਹੈ ਫਿਰ
ਕਿਉਂ ਗੁੰਮ ਹੋਤਾ ਹੈ ਮੁਝਕੋ, ਯੂੰ ਤੇਰੀ ਆਵਾਜ਼ ਕਾ।

ਕਾਮਯਾਬੀ ਕੇ ਬਰਕਸ ਅਬ ਦੋਸਤੀ ਕਿਆ ਚੀਜ਼ ਹੈ
ਕਿਆ ਕਹੂੰ ਅਬ ਕਿਆ ਹੈ, ਤੇਵਰ ਇਸਕੇ ਏਕ ਦਮਸਾਜ਼ ਕਾ।

ਐਚ-82, ਆਧਾਰ ਸ਼ਿਲਾ, ਬਰਖੇੜਾ ਪਠਾਣੀ, ਭੋਪਾਲ



## 3. ਖਲੀਲ

ਅਬ ਮੈਂ ਰਾਸ਼ਨ ਕੀ ਕਤਾਰੋਂ ਮੇਂ ਨਜ਼ਰ ਆਤਾ ਹੂੰ।
ਅਪਨੇ ਖੇਤੋਂ ਸੇ ਬਿਛੜਨੇ ਕੀ ਸਜ਼ਾ ਪਾਤਾ ਹੂੰ।

ਇਤਨੀ ਮਹਿੰਗਾਈ ਮੇਂ ਬਾਜ਼ਾਰ ਸੇ ਕੁਝ ਲਾਤਾ ਹੂੰ।
ਅਪਨੇ ਬੱਚੋਂ ਮੇਂ ਬਾਂਟ ਕਰ ਸ਼ਰਮਾਤਾ ਹੂੰ।

ਅਪਨੀ ਨੀਂਦੋਂ ਕਾ ਲਹੂ ਪੋਂਛਨੇ ਕੀ ਕੋਸ਼ਿਸ਼ ਮੇਂ,
ਜਾਗਤੇ ਜਾਗਤੇ ਥੱਕ ਜਾਤਾ ਹੂੰ, ਸੋ ਜਾਤਾ ਹੂੰ।

ਕੋਈ ਚਾਦਰ ਸਮਝ ਕੇ ਖੀਂਚ ਨਾ ਲੇ ਫਿਰ ਸੇ 'ਖ਼ਲੀਲ'
ਮੈਂ ਕਫ਼ਨ ਓੜ ਕਰ ਫੁੱਟਪਾਥ ਪੇ ਸੋ ਜਾਤਾ ਹੂੰ।

**ਪੰਜਾਬੀ ਗ਼ਜ਼ਲ**

## ਪ੍ਰਸ਼ੋਤਮ ਪੱਤੋ

ਹੱਕਾਂ ਦੇ ਲਈ ਲਹੂ ਪੈਣਾ ਡੋਲ੍ਹਣਾ ਹੈ ਦੋਸਤੋ।
ਗੂੰਗਿਆਂ ਨੂੰ ਪੈਣਾ ਹੁਣ ਬੋਲਣਾ ਹੈ ਦੋਸਤੋ।

ਕਾਲਖਾਂ ਦੇ ਸੰਗ ਹੁਣ ਨਿਭਣੀ ਨਹੀਂ ਦੋਸਤੀ,
ਖ਼ੂਨ ਤੇ ਚੰਗਿਆਰੀਆਂ ਨੇ ਖੌਲਣਾ ਹੈ ਦੋਸਤੋ।

ਦੀਵਿਆਂ ਨੂੰ ਹਿੰਡ ਲੱਗੀ ਰੌਸ਼ਨੀ ਲਿਆਉਣ ਦੀ,
ਤਲੀ ਉੱਤੇ ਸਿਰ ਪੈਂਦਾ ਤੋਲਣਾ ਹੈ ਦੋਸਤੋ।

ਬੜੀ ਦੇਰ ਨੇਰ੍ਹਿਆਂ ਡਰਾਇਆ ਸਾਡੀ ਹੋਂਦ ਨੂੰ,
ਨੇਰ੍ਹਿਆਂ ਨੂੰ ਪੈਰਾਂ 'ਚ ਮਧੋਲਣਾ ਹੈ ਦੋਸਤੋ।

ਸੱਚ ਹੱਕ ਦੀਵਾ ਲੈ ਕੇ ਚੱਲ 'ਪ੍ਰਸ਼ੋਤਮਾ',
ਜਬਰ ਮੂਹਰੇ ਸੱਚ ਨੇ ਨਹੀਂ ਡੋਲਣਾ ਹੈ ਦੋਸਤੋ।

(ਪਿੰਡ ਤੇ ਡਾਕ, ਪੱਤੋਹੀਰਾ ਸਿੰਘ, ਮੋਗਾ)

ਵਿਸ਼ਵ ਕਵਿਤਾ
( ਇਰਾਕ)

## ਆਤਮਾ ਦੀ ਆਵਾਜ਼

- ਮੁਰਾਦ ਮੀਖਾਇਲ

ਮੈਂ ਆਪਣੀ ਉਦਾਸੀ ਦੀ ਰਾਤ
ਜਿੰਨਾ ਗੂੰਗਾ ਹਾਂ
ਮੇਰੀ ਕਲਪਨਾ ਦੇ ਆਕਾਸ਼
ਦੀ ਕੋਈ ਸੀਮਾ ਨਹੀਂ ਹੈ
ਨਾ ਹੀ ਮੇਰੇ ਸਿਮਰਨ ਦੇ ਸਮੁੰਦਰ ਨੂੰ
ਕੋਈ ਤੱਟ ਕਾਬੂ ਕਰ ਸਕਦਾ ਹੈ
ਆਪਣੀ ਸਵੱਛਤਾ ਵਿਚ
ਮੈਂ ਮੌਤ ਦੀ ਸ਼ਾਨ ਦਾ
ਸਵਾਗਤ ਕਰਦਾ ਹਾਂ
ਆਪਣੀ ਹੋਂਦ ਵਿਚ
ਮੈਂ ਸਵੇਰ ਦੀ ਅਰਾਧਨਾ ਕਰਦਾ ਹਾਂ
ਤੇ ਸਰਘੀ ਨੂੰ ਸਵੱਛ ਕਰਦਾ ਹਾਂ
ਆਪਣੀ ਰੂਹ ਦੀ ਡੂੰਘਾਈ ਵਿਚ
ਮੈਂ ਪਰਾਂ ਵਾਲੇ ਰੌਸ਼ਨੀ ਦੇ ਫੁੱਲ
ਬੀਜ ਲਾਉਂਦਾ ਹਾਂ
ਜਿਹੜੇ ਪਿਆਰ ਦੀ ਲੋਅ ਨਾਲ
ਚਮਕਦੇ ਨੇ
ਮੈਂ ਆਪਣੀ ਆਤਮਾ ਨੂੰ
ਪ੍ਰਗਟ ਕਰਨ ਲਈ
ਜਾਦੂਮਈ ਤਸਵੀਰਾਂ ਸਿਰਜਦਾ ਹਾਂ
ਘਿਰਣਾ ਮੇਰੀ ਸ਼ਾਂਤੀ ਨੂੰ ਢੱਕ ਲੈਂਦੀ ਹੈ
ਸ਼ੇਰ ਮੇਰੇ ਜਾਮ ਨੂੰ ਗੰਦਲਾ ਕਰ ਦਿੰਦਾ ਹੈ
ਨਿਰਾਸਤਾ ਅਗਿਆਤ ਦੇ
ਪਰਦੇ ਚੁੱਕ ਦਿੰਦੀ ਹੈ
ਮੈਂ ਉਹ ਫੁੱਲ ਹਾਂ
ਜੋ ਪੱਤਝੜ ਦੇ ਮਾਰੂਥਲ ਦੀਆਂ ਹਵਾਵਾਂ
ਕਾਰਨ ਮੁਰਝਾਉਂਦਾ ਨਹੀਂ ਹੈ
ਮੈਂ ਉਹ ਟਾਹਣੀ ਹਾਂ ਜੋ
ਸਰਦੀ ਦੇ ਝੱਖੜਾਂ ਨਾਲ ਟੁੱਟਦੀ ਨਹੀਂ
ਮੈਂ ਉਹ ਸੁਪਨਾ ਹਾਂ ਜੋ
ਜਾਗਣ ਨਾਲ ਖ਼ਤਮ ਨਹੀਂ ਹੁੰਦਾ
ਮੈਂ ਨਿਰਬਲ ਹਾਂ
ਪਰ ਸ਼ਕਤੀਸ਼ਾਲੀ ਮੈਨੂੰ
ਹੜੱਪ ਨਹੀਂ ਸਕਦਾ
ਮੈਂ ਆਪਣੀ ਨਾਤਾਕਤੀ ਵਿਚੋਂ
ਤਾਕਤ ਲੱਭਦਾ ਹਾਂ
ਸਮਾਜ ਤੋਂ ਪਰੇਡੇ
ਤੇ ਹੇਡਜ਼ (Hodes) ਦੀਆਂ ਡੂੰਘਾਣਾ 'ਚੋਂ
ਮੈਂ ਆਪਣੀ ਰੂਹ ਦਾ ਵਿਰਲਾਪ
ਤੇ ਨਿਰਾਸਤਾ ਸੁਣਦਾ ਹਾਂ
ਮੈਂ ਆਪਣੇ ਦਿਲ ਦੇ ਜ਼ਖ਼ਮਾਂ
ਦੇ ਲਹੂ ਨੂੰ ਢੂੰਹਦਾ ਹਾਂ
ਜੋ ਤੂੰ ਕਹਿੰਦੀ ਹੈ
ਮੈਨੂੰ ਸੁਣਦਾ ਹੈ
ਤੇ ਮੈਂ ਇਸ ਉੱਤੇ ਵਿਚਾਰ ਕਰਦਾ ਹਾਂ
ਮੈਂ ਤੇਰੇ ਖ਼ਤਾਂ ਦੀਆਂ ਪੰਗਤੀਆਂ ਵਿਚੋਂ
ਦਰਦ ਤੇ ਕਲੇਸ਼ ਨੂੰ ਪੜ੍ਹਦਾ ਹਾਂ
ਤੇ ਮੈਂ ਆਪਣੀ ਆਸ ਦੀ ਹਨ੍ਹੇਰੀ ਗੁਫ਼ਾ
ਵਿਚ ਵਾਸ ਕਰਦੇ
ਭੂਤਾਂ ਦੇ ਪਛਾਵੇਂ ਵੇਖਦਾ ਹਾਂ।
ਤੂੰ ਆਪਣੀ ਵਾਈਨ
ਮੇਰੀ ਵਾਈਨ ਨਾਲ ਮਿਲਾ ਲੈ
ਤੇ ਮੈਂ ਵੀ ਆਪਣੀ ਵਾਈਨ
ਤੇਰੇ ਨਾਲ ਮਿਲਾ ਰਿਹਾਂ ਹਾਂ
ਤੇਰੀਆਂ ਆਤਮਿਕ ਤ੍ਰਿਸ਼ਨਾਵਾਂ
ਮੇਰੀ ਆਤਮ ਦੇ ਸ਼ੀਸ਼ੇ ਵਿਚੋਂ
ਪ੍ਰਤੀਬਿੰਬਤ ਹੁੰਦੀਆਂ ਹਨ
ਤੇ ਮੈਂ ਹਾਜ਼ਰ ਹਾਂ
ਮੇਰੀਆਂ ਤਾਘਾਂ ਤੇਰੀ ਰੂਹ ਦੇ
ਸ਼ੀਸ਼ੇ ਵਿਚੋਂ ਦਿਸਦੀਆਂ ਹਨ
ਤੂੰ ਮੈਨੂੰ ਜਸ਼ਨਾਂ ਵਿਚ ਰੋਂਦਾ ਸੁਣਦੀ ਹੈਂ
ਤੂੰ ਮੈਨੂੰ ਦੁੱਖ ਵਿਚ ਨੱਚਦੇ ਤੱਕਦੀ ਹੈਂ। ●

ਪੰਜਾਬੀ ਅਨੁਵਾਦ ਹ. ਸ. ਹ.



ਪੰਜਾਬੀ ਕਹਾਣੀ

## ਛਿਲਤਰ

ਨਿਰੰਜਨ ਬੋਹਾ

ਅੱਖਾਂ ਮੀਚ ਕੇ ਸੌਣ ਦਾ ਨਾਟਕ ਜ਼ਰੂਰ ਕਰ ਲੈਂਦੀ ਹਾਂ ਪਰ ਨੀਂਦ ਆਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸੁਖਵਿੰਦਰ ਦੇ ਸੁਆਲਾਂ ਤੋਂ ਬਚਣ ਲਈ ਮੈਨੂੰ ਇਹ ਨਾਟਕ ਕਰਨਾ ਪੈਂਦਾ ਹੈ। ਸਾਰੀ ਰਾਤ ਬੇ-ਚੈਨੀ ਨਾਲ ਪਾਸੇ ਪਲਟਦਿਆਂ ਜੇ ਘੰਟੇ-ਅੱਧ ਘੰਟੇ ਲਈ ਅੱਖ ਲੱਗ ਵੀ ਜਾਵੇ ਤਾਂ ਭੈੜੇ-ਭੈੜੇ ਸੁਪਨੇ ਆਉਣ ਤੇ ਤ੍ਰਬਕ ਕੇ ਜਾਗ ਪੈਂਦੀ ਹਾਂ। ਪਿਛਲੇ ਡੇਢ ਮਹੀਨੇ ਤੋਂ ਮੇਰਾ ਇਹੀ ਹਾਲ ਹੈ। ਲਗਾਤਾਰ ਦੇ ਉਨੀਂਦਰੇ ਨੇ ਭਾਵੇਂ ਮੇਰੀ ਸਿਹਤ ਤੇ ਸੁਭਾਅ ਵਿਚ ਵੀ ਕੁਝ ਅੰਤਰ ਲੈ ਆਂਦਾ ਜੇ ਪਰ ਸੱਸ ਤੇ ਪਤੀ ਨਾਲ ਸਾਹਮਣਾ ਹੋਣ ਤੇ ਮੈਂ ਆਪਣੇਆਪ ਨੂੰ ਸਹਿਜ ਦਰਸਾਉਣ ਸੰਬੰਧੀ ਹਰ ਸੰਭਵ ਕੋਸ਼ਿਸ਼ ਕਰਦੀ ਹਾਂ। ਆਪਣਾ ਧਿਆਨ ਵੰਡਾਉਣ ਲਈ ਮੈਂ ਸਾਰਾ ਦਿਨ ਆਪਣੇ-ਆਪ ਨੂੰ ਘਰੇਲੂ ਕੰਮਾਂ ਦੇ ਆਹਰ ਵਿਚ ਲਾਈ ਰੱਖਦੀ ਹਾਂ। ਬਹੁਤ ਯਤਨ ਕਰਦੀ ਹਾਂ ਕਿ ਸੁਖਵਿੰਦਰ ਤੇ ਉਸਦੀ ਮਾਂ ਨੂੰ ਮੇਰੀ ਮਾਨਸਿਕ ਹਾਲਤ ਦਾ ਪਤਾ ਨਾ ਲੱਗੇ, ਪਰ ਕੀ ਕਰਾਂ? ਉਨੀਂਦਰੇ ਨਾਲ ਲਾਲ ਹੋਈਆਂ ਅੱਖਾਂ ਤੇ ਪੀਲਾ ਜ਼ਰਦ ਚਿਹਰਾ ਉਨ੍ਹਾਂ ਕੋਲ ਮੇਰੇ ਮਨ ਦਾ ਭੇਦ ਖੋਲ੍ਹ ਹੀ ਦਿੰਦਾ ਹੈ।

"ਬਬਲੀ! ਏਨੀ ਉਦਾਸ ਕਿਉਂ ਏ.... ਆਪਣੀ ਸਿਹਤ ਦਾ ਧਿਆਨ ਰੱਖਿਆ ਕਰ।" ਸੁਖਵਿੰਦਰ ਮੋਹ ਭਰੇ ਅੰਦਾਜ਼ ਵਿਚ ਆਖਦਾ ਹੈ।

"ਕੁੜੇ ਕੀ ਹੁੰਦਾ ਜਾ ਰਿਹੈ ਤੈਨੂੰ.... ਦਿਨੋਂ ਦਿਨ ਨਿਘਰਦੀ ਜਾਂਦੀ ਏਂ" ਮੇਰੀ ਸੱਸ ਦੇ ਬੋਲਾਂ ਵਿਚ ਵੀ ਅੰਤਾਂ ਦੀ ਚਿੰਤਾ ਸ਼ਾਮਿਲ ਹੁੰਦੀ ਹੈ।

'ਕੁਝ ਨਹੀਂ ਐਵੇਂ ਵਹਿਮ ਹੋ ਗਿਆ ਥੋਨੂੰ.... ਮੈਂ ਚੰਗੀ ਭਲੀ ਹਾਂ।" ਉਨ੍ਹਾਂ ਦਾ ਦਿਲ ਰੱਖਣ ਲਈ ਮੈਂ ਕਹਿ ਦਿੰਦੀ ਹਾਂ।

ਪਤੀ ਤੇ ਸੱਸ ਕੋਲ ਤਾਂ ਮੈਂ ਝੂਠ ਬੋਲ ਦਿੰਦੀ ਹਾਂ ਪਰ ਆਪਣੇ ਆਪ ਨਾਲ ਝੂਠ ਕਿਵੇਂ ਬੋਲਾਂ? ਹੁਣ ਤਾਂ ਦਿਨ ਵੇਲੇ ਵੀ ਮੇਰੇ ਮਨ ਵਿਚ ਬੜੇ ਡਰਾਉਣੇ ਜਿਹੇ ਖ਼ਿਆਲ ਪੈਦਾ ਹੁੰਦੇ ਰਹਿੰਦੇ ਨੇ। ਹਰ ਵੇਲੇ ਮੈਨੂੰ ਲੱਗਦਾ ਹੈ ਕਿ ਮੇਰੇ ਨਾਲ ਕੋਈ ਅਣਹੋਣੀ ਜ਼ਰੂਰ ਵਾਪਰੇਗੀ। ਕੋਸ਼ਿਸ਼ ਕਰਦੀ ਹਾਂ ਕਿ ਮੈਂ ਆਪਣੇ ਬਾਰੇ ਚੰਗਾ ਹੀ ਚੰਗਾ ਸੋਚਾਂ ਪਰ ਪਤਾ ਨਹੀਂ ਕਿਹੜੇ ਵੇਲੇ ਢਾਹੂ ਜਿਹੀਆਂ ਕਲਪਨਾਵਾਂ ਮੇਰੀਆਂ ਸੋਚਾਂ ਤੇ ਹਾਵੀ ਹੋ ਜਾਂਦੀਆਂ ਨੇ। ਮੇਰੇ ਲਈ ਹੁਣ ਦਿਨ ਤੇ ਰਾਤ ਵਿਚ ਬਹੁਤਾ ਫ਼ਰਕ ਨਹੀਂ ਰਿਹਾ। ਦਿਨੇ ਵੀ ਸਾਰਾ ਸਮਾਂ ਬੇ-ਚੈਨ ਰਹਿੰਦੀ ਹਾਂ ਤੇ ਰਾਤ ਨੂੰ ਵੀ ਚੈਨ ਨਹੀਂ ਪੈਂਦੀ। ਕੱਲ ਰਾਤ ਵੀ ਦੇਰ ਤੀਕ ਜਾਗਦੀ ਰਹੀ ਸਾਂ। ਤੀਜੇ ਪਹਿਰ ਅੱਖ ਲੱਗੀ ਤਾਂ ਮੰਦੇ ਸੁਪਨੇ ਨੇ ਮੇਰੀ ਹਾਲਤ ਪਾਣੀ ਬਿਨ ਤੜਫਦੀ ਮੱਛੀ ਜਿਹੀ ਕਰ ਦਿੱਤੀ ਹੈ।

ਮੈਂ ਪੱਪੀ ਨੂੰ ਸਕੂਲ ਛੱਡਣ ਜਾ ਰਹੀ ਹਾਂ। ਅਚਾਨਕ ਇਕ ਚਿੱਟੇ ਰੰਗ ਦੀ ਕਾਰ ਸਾਡੇ

ਕੋਲ ਆ ਕੇ ਰੁਕਦੀ ਹੈ ਤੇ ਉਸ ਵਿਚਲੇ ਬਦਮਾਸ਼ ਜਿਹੇ ਵਿਖਾਈ ਦਿੰਦੇ ਬੰਦਿਆਂ ਨੇ ਤੇਜ਼ੀ ਨਾਲ ਪੱਪੀ ਨੂੰ ਕਾਰ ਵਿਚ ਸੁੱਟ ਲਿਆ ਹੈ। ਪੱਪੀ ਉੱਚੀ-ਉੱਚੀ ਮੈਨੂੰ ਹਾਕਾਂ ਮਾਰ ਰਿਹਾ ਹੈ। ਮੈਂ ਕਾਰ ਵੱਲ ਭੱਜਦੀ ਹਾਂ ਪਰ ਉਹ ਮੇਰੀਆਂ ਨਜ਼ਰਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਮੈਂ... ਮੈਂ ਚੀਕਣ ਦੀ ਕੋਸ਼ਿਸ਼ ਕਰਦੀ ਹਾਂ ਪਰ ਆਵਾਜ਼ ਮੇਰੇ ਸੰਘ ਵਿਚੋਂ ਨਹੀਂ ਨਿਕਲ ਰਹੀ। ਫਿਰ ਇਕ ਦਮ ਜਾਗ ਖੁੱਲ੍ਹੀ ਤਾਂ ਮੇਰਾ ਦਿਲ ਤੇਜ਼ੀ ਨਾਲ ਧੜਕ ਰਿਹਾ ਸੀ। ਆਪਣੇ ਸੀਨੇ ਤੋਂ ਹੱਥ ਚੁੱਕਦਿਆਂ ਮੈਂ ਥੋੜ੍ਹਾ ਸੁੱਖ ਦਾ ਸਾਹ ਲਿਆ ਕਿ ਮੇਰੇ ਵਲੋਂ ਚਿਤਵਿਆ ਦ੍ਰਿਸ਼ ਸੁਪਨਾ ਹੀ ਸੀ, ਹਕੀਕਤ ਨਹੀਂ। ਅਕਸਰ ਮੈਨੂੰ ਹੁਣ ਅਜਿਹੇ ਸੁਪਨੇ ਆਉਣ ਲੱਗ ਪਏ ਹਨ, ਜਿਸ ਵਿਚ ਪਹਿਲੋਂ ਮੈਂ ਤੇ ਪੱਪੀ ਇਕੱਠੇ ਹੁੰਦੇ ਹਾਂ, ਫਿਰ ਕੋਈ ਹੋਣੀ ਮੈਥੋਂ ਜਬਰੀ ਪੱਪੀ ਨੂੰ ਖੋਹ ਕੇ ਲੈ ਜਾਂਦੀ ਹੈ। ਕਦੇ ਸੁਪਨੇ ਵਿਚ ਮੈਂ ਉਸਦਾ ਐਕਸੀਡੈਂਟ ਹੋਇਆ ਵੇਖਦੀ ਹਾਂ ਤੇ ਕਦੇ ਉਸਦੇ ਪਾਣੀ ਵਿਚ ਡੁੱਬਦੇ ਦੇ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਹੰਦੇ ਹਨ। ਜਾਗ ਖੁੱਲ੍ਹਣ ਤੋਂ ਬਾਅਦ ਮੇਰੇ ਹੱਥ ਆਪਣੇ ਆਪ ਬਾਬੇ ਨਾਨਕ ਦੀ ਫੋਟੋ ਅੱਗੇ ਜੁੜ ਜਾਂਦੇ ਹਨ, 'ਹੇ ਸੱਚੇ ਪਾਤਸ਼ਾਹ! ਮੇਰੇ ਲਾਲ ਨੂੰ ਤੱਤੀ ਵਾਅ ਨਾ ਲਾਈਂ।"

ਸਵੇਰੇ ਆਪਣੇ ਹੀ ਖ਼ਿਆਲਾਂ ਵਿਚ ਗੁਆਚੀ ਵਰਾਂਡੇ ਵੱਲ ਮੰਜਾ ਚੁੱਕ ਕੇ ਲਿਜਾ ਰਹੀ ਸਾਂ ਤਾਂ ਮੰਜੇ ਦੀ ਬਾਹੀ ਦੀ ਛਿਲਤਰ ਮੇਰੇ ਸੱਜੇ ਹੱਥ ਦੇ ਅੰਗੂਠੇ ਵਿਚ ਚੁੱਭ ਗਈ। ਭਾਵੇਂ ਇਹ ਛਿਲਤਰ ਮੈਂ ਸੂਈ ਦੀ ਮੱਦਦ ਨਾਲ ਕੱਢ ਲਈ ਸੀ ਪਰ ਇਸ ਦੀ ਰੜਕ ਅਜੇ ਵੀ ਮੌਜੂਦ ਹੈ। ਸਵੇਰ ਤੋਂ ਹੀ ਇਹੀ ਸੋਚ ਰਹੀ ਹਾਂ ਕਿ ਆਪਣੇ ਮਨ ਵਿਚ ਪੁੜੀ ਛਿਲਤਰ ਨੂੰ ਕੱਢਣ ਲਈ ਕੀ ਕਰਾਂ? ਮੇਰੀ ਘੱਟ ਰਹੀ ਸਿਹਤ ਤੋਂ ਫ਼ਿਕਰਮੰਦ ਸੁਖਵਿੰਦਰ ਮੈਨੂੰ ਕਈ ਵਾਰ ਡਾਕਟਰ ਕੋਲ ਵਿਖਾਉਣ ਲਈ ਕਹਿ ਚੁੱਕਾ ਹੈ, ਪਰ ਮੈਂ ਜਾਣਦੀ ਹਾਂ ਕਿ ਕਿਸੇ ਡਾਕਟਰ ਕੋਲ ਅਜਿਹੇ ਔਜ਼ਾਰ ਨਹੀਂ ਹਨ ਜੋ ਮੇਰੇ ਮਨ ਵਿਚ ਪੁੜੀ ਇਸ ਛਿਲਤਰ ਨੂੰ ਪਕੜ ਸਕਣ। ਮਨ ਦੀ ਪੀੜ ਤਾਂ ਹੁਣ ਮੇਰੇ ਨਾਲ ਹੀ ਨਿਭੇਗੀ, ਇਸਦਾ ਕੋਈ ਵੀ ਇਲਾਜ ਮੈਨੂੰ ਕਾਰਗਾਰ ਦਿਖਾਈ ਨਹੀਂ ਦਿੰਦਾ।

ਜਦੋਂ ਆਪਣੀ ਦਰਦ ਕਹਾਣੀ ਛੇੜ ਹੀ ਲਈ ਹੈ ਤਾਂ ਇਹ ਦੱਸਣ ਵਿਚ ਵੀ ਸੰਕੋਚ ਕਿਉਂ ਕਰਾਂ ਕਿ ਸੁਖਵਿੰਦਰ ਨਾਲ ਵਿਆਹ ਬੰਧਨ ਵਿਚ ਬੰਨੇ ਜਾਣ ਤੋਂ ਪਹਿਲਾਂ ਵੀ ਅਸੀਂ ਦੋਂਹੇ ਗ੍ਰਿਹਸਥ ਜੀਵਨ ਨੂੰ ਹੰਢਾ ਚੁੱਕੇ ਹਾਂ। ਮੇਰਾ ਪਹਿਲਾ ਵਿਆਹ ਬਰਨਾਲੇ ਲਾਗੇ ਸ਼ੇਖੇ ਪਿੰਡ ਵਿਚ ਹੋਇਆ ਸੀ। ਪਹਿਲੇ ਪਤੀ ਗੁਰਪਿਆਰ ਨਾਲ ਗੁਜ਼ਾਰੇ ਚਾਰ ਸੁਖਦਾਇਕ ਗ੍ਰਿਹਥੀ ਵਰ੍ਹਿਆਂ ਦੀ ਯਾਦ ਹੁਣ ਵੀ ਮੇਰੇ ਕਾਲਜੇ ਵਿਚੋਂ ਰੁਗ ਭਰਕੇ ਲੈ ਜਾਂਦੀ ਹੈ। ਪੱਪੀ ਮੇਰੇ ਪਹਿਲੇ ਪਤੀ ਦੀ ਹੀ ਨਿਸ਼ਾਨੀ ਹੈ।

ਹੁਣ ਜਦੋਂ ਗੁਰਪਿਆਰ ਦੇ ਸੀਨੇ ਵਿਚ ਉੱਠੇ ਦਰਦ ਦੀ ਘਟਨਾ ਬਿਆਨ ਕਰ ਰਹੀ ਹਾਂ ਤਾਂ ਮੇਰਾ ਮਨ ਪੀੜ ਨਾਲ ਨੱਕੋ-ਨੱਕ ਭਰਿਆ ਪਿਆ ਹੈ। ਰਾਤੀ ਰੋਟੀ ਖਾਣ ਤੋਂ ਬਾਅਦ ਗੁਰਪਿਆਰ ਨੇ ਇਸ ਦਰਦ ਬਾਰੇ ਦੱਸਿਆ ਤਾਂ ਮੇਰੇ ਜੇਠ ਉਸੇ ਵੇਲੇ ਉਸਨੂੰ ਜੀਪ ਵਿਚ ਪਾ



ਕੇ ਲੁਧਿਆਣੇ ਅਪੋਲੋ ਹਸਪਤਾਲ ਵਿਚ ਲੈ ਗਏ ਸਨ। ਮੈਂ ਵੀ ਉਸ ਵੇਲੇ ਨਾਲ ਹੀ ਸਾਂ। ਡਾਕਟਰ ਵੱਲੋਂ ਮੂੰਹ ਮੰਗੀ ਫੀਸ ਵਸੂਲ ਲਏ ਜਾਣ ਦੇ ਬਾਵਜੂਦ ਉਹ ਵੇਖਦਿਆਂ ਹੀ ਵੇਖਦਿਆਂ ਰੇਤ ਵਾਂਗ ਮੇਰੀ ਮੁੱਠੀ ਵਿਚ ਕਿਰ ਗਿਆ ਸੀ। ਮੇਰੇ ਤੇ ਤਾਂ ਉਸ ਵੇਲੇ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ ਸੀ, ਪਰ ਸਾਲ ਕੁ ਭਰ ਦਾ ਪੱਪੀ ਵਿਚਾਰਾ ਕੀ ਜਾਣਦਾ ਸੀ ਕਿ ਸਾਡੇ ਨਾਲ ਕੀ ਭਾਣਾ ਵਰਤ ਗਿਆ ਹੈ।

ਗੁਰਪਿਆਰ ਦੀ ਮੌਤ ਤੋਂ ਬਾਅਦ ਤਾਂ ਜਿਵੇਂ ਮੈਂ ਸ਼ੇਖੇ ਵਾਲਿਆਂ ਲਈ ਬਿਗਾਨੀ ਹੀ ਹੋ ਗਈ ਸਾਂ। ਮਹੀਨਾ ਕੁ ਭਰ ਉਨ੍ਹਾਂ ਦੇ ਜਵਾਨ ਪੁੱਤ ਨੂੰ ਖਾ ਜਾਣ ਦੇ ਇਲਜ਼ਾਮ ਮੈਂ ਸੁਣੇ ਤੇ ਫਿਰ ਸਬਰ ਦਾ ਪਿਆਲਾ ਭਰ ਜਾਣ 'ਤੇ ਆਪਣੇ ਪੇਕੇ ਘਰ ਆ ਗਈ ਸਾਂ। ਉਂਝ ਵੀ ਗੁਰਪਿਆਰ ਆਪਣੇ ਸਾਰੇ ਭਰਾਵਾਂ ਤੋਂ ਛੋਟਾ ਸੀ, ਇਸ ਲਈ ਸਹੁਰੇ ਘਰ ਮੈਨੂੰ ਆਸਰਾ ਦੇਣ ਦੇ ਯੋਗ ਕੋਈ ਮਰਦ ਮੈਂਬਰ ਨਹੀਂ ਸੀ। ਸਾਢੇ ਤਿੰਨ ਸਾਲ ਮੈਂ ਪੱਪੀ ਦੇ ਸਹਾਰੇ ਪੇਕਿਆਂ ਦੇ ਘਰ ਬੈਠੀ ਰਹੀ ਸਾਂ। ਮੇਰੀ ਉਮਰ ਨੇ ਅਜੇ ਤੀਹਾਂ ਨੂੰ ਹਿੰਦਸਾ ਪਾਰ ਨਹੀਂ ਸੀ ਕੀਤਾ। ਮੇਰਾ ਬਾਪੂ ਚਾਹੁੰਦਾ ਸੀ ਕਿ ਮੇਰਾ ਮੁੜ ਵਸੇਬਾ ਕਰਨ ਲਈ ਕੋਈ ਹੀਲਾ-ਵਸੀਲਾ ਬਣ ਜਾਵੇ। ਬਾਪੂ ਨੇ ਬਹੁਤ ਭੱਜ ਨੱਠ ਕੀਤੀ ਕਿ ਦਹਾਜੂ ਜਾਂ ਕੋਈ ਥੁੜ੍ਹਿਆ ਗਰੀਬ ਮੁੰਡਾ ਮਿਲ ਜਾਵੇ ਪਰ ਇਧਰੋਂ ਜਾਂ ਉਧਰੋਂ ਕੋਈ ਰੁਕਾਵਟ ਪੈ ਹੀ ਜਾਂਦੀ। ਆਖ਼ਿਰ ਮੇਰੇ ਮਾਮਿਆਂ ਦੀ ਥਾਂ ਲੱਗੇ ਜਰਨੈਲ ਨੇ ਦੱਸ ਪਾਈ ਕਿ ਆਬਦਾਂ ਵਾਲੇ ਨੰਬਰਦਾਰਾਂ ਦੇ ਮਾਸਟਰ ਲੱਗੇ ਮੁੰਡੇ ਦੀ ਘਰ ਵਾਲੀ ਕੁਝ ਮਹੀਨੇ ਪਹਿਲੋਂ ਗੁਜ਼ਰ ਗਈ ਹੈ ਤੇ ਹੁਣ ਉਹ ਢੁੱਕਵੇਂ ਰਿਸ਼ਤੇ ਦੀ ਭਾਲ ਵਿਚ ਨੇ। ਮੁੰਡੇ ਦੀ ਉਮਰ ਤਾਂ ਭਾਵੇਂ 40 ਸਾਲ ਦੇ ਨੇੜ-ਤੇੜ ਹੈ ਪਰ ਉਸਦੇ ਨਾਂ ਜ਼ਮੀਨ ਜਾਇਦਾਦ ਚੰਗੀ ਹੈ।

ਬਾਪੂ ਨੇ ਦੂਰ ਨੇੜ ਦੀ ਰਿਸ਼ਤੇਦਾਰੀ ਰਾਹੀਂ ਆਬਦਾਂ ਵਾਲਿਆਂ ਦੇ ਘਰ ਪਰਿਵਾਰ ਅਤੇ ਜ਼ਮੀਨ ਜਾਇਦਾਦ ਬਾਰੇ ਸੂਹ ਕੱਢੀ ਤਾਂ ਇਹ ਵੀ ਪਤਾ ਲੱਗਿਆ ਕਿ ਮਰਨ ਵਾਲੀ ਆਪਣੇ ਪਿੱਛੇ ਧੀ ਤੇ ਪੁੱਤ ਦੇ ਰੂਪ ਵਿਚ ਦੋ ਬੱਚੇ ਵੀ ਛੱਡ ਗਈ ਹੈ। ਸਭ ਕੁਝ ਸੋਚ ਵਿਚਾਰ ਕੇ ਬਾਪੂ ਨੇ ਜਰਨੈਲ ਨੂੰ ਵਿਚੋਲਾ ਬਣਾ ਕੇ ਉਨ੍ਹਾਂ ਨਾਲ ਮੇਰੇ ਰਿਸ਼ਤੇ ਦੀ ਗੱਲ ਤੋਰੀ ਤਾਂ ਉਨ੍ਹਾਂ ਠੋਸ ਹੁੰਗਾਰਾ ਨਾ ਭਰਿਆ। ਸੁਖਵਿੰਦਰ ਦੀ ਬੇਬੇ ਨੇ ਉਸਦੇ ਹਿੱਸੇ ਆਉਂਦੀ ਪੰਦਰਾਂ ਏਕੜ ਜ਼ਮੀਨ ਤੇ ਸਰਕਾਰੀ ਨੌਕਰੀ ਦੇ ਬਲਬੂਤੇ ਤੇ ਇਹ ਸ਼ਰਤ ਰੱਖ ਦਿੱਤੀ ਕਿ ਉਹ ਕੁਆਰੀ ਜਾਂ ਬਿਨ ਬੱਚੇ ਵਾਲੀ ਵਿਧਵਾ ਦਾ ਹੀ ਰਿਸ਼ਤਾ ਲੈਣਗੇ। ਬਾਪੂ ਨੇ ਬਥੇਰਾ ਸਮਝਾਇਆ ਕਿ ਮੈਂ ਉਸਦੇ ਪੋਤੇ ਤੇ ਪੋਤੀ ਦਾ ਖ਼ਿਆਲ ਆਪਣੇ ਪੱਪੀ ਨਾਲੋਂ ਵੀ ਵੱਧ ਕੇ ਰੱਖਾਂਗੀ ਪਰ ਉਹ ਅੜੀ ਛੱਡਣ ਲਈ ਤਿਆਰ ਨਹੀਂ ਸੀ। ਸਗੋਂ ਉਨ੍ਹਾਂ ਤਾਂ ਮੂੰਹ ਫਾੜ ਕੇ ਇਥੋਂ ਤੀਕ ਕਹਿ ਦਿੱਤਾ ਕਿ ਉਹ ਬਿਗਾਨੇ ਪੁੱਤ ਨੂੰ ਜ਼ਮੀਨ ਜਾਇਦਾਦ ਦਾ ਹਿੱਸੇਦਾਰ ਕਿਵੇਂ ਬਣਾ ਸਕਦੀ ਹੈ।

ਸਾਡੇ ਰਿਸ਼ਤੇ ਦੀ ਗੱਲ ਤਾਂ ਇੱਕ ਵਾਰ ਟੁੱਟ ਹੀ ਗਈ ਸੀ ਪਰ ਬਾਅਦ ਵਿਚ ਬਾਪੂ ਨੇ ਮੇਰੇ ਭਰਾ-ਭਰਜਾਈ ਨਾਲ ਸਲਾਹ ਕਰਕੇ ਇਹ ਫੈਸਲਾ ਸੁਣਾ ਦਿੱਤਾ ਕਿ ਜੇ ਆਬਦਾਂ ਵਾਲੇ ਮੰਨਦੇ ਨੇ ਤਾਂ ਉਹ ਪੱਪੀ ਨੂੰ ਆਪਣੇ ਕੋਲ ਰੱਖਣ ਲਈ ਤਿਆਰ ਨੇ। ਇਸ ਫੈਸਲੇ ਨੇ ਮੈਨੂੰ

ਭਾਰੀ ਦੁਚਿੱਤੀ ਵਿਚ ਪਾ ਦਿੱਤਾ। ਪੱਪੀ ਨੂੰ ਆਪਣੇ ਕੋਲ ਰੱਖਣ ਲਈ ਤਾਂ ਉਸਦੇ ਦਾਦਕੇ ਵੀ ਤਿਆਰ ਸਨ। ਸ਼ੇਖਾ ਛੱਡਣ ਲੱਗਿਆਂ ਉਨ੍ਹਾਂ ਅੜੀ ਕੀਤੀ ਸੀ ਕਿ ਉਹ ਆਪਣੇ ਪੁੱਤਰ ਦੀ ਅੰਸ਼ ਨੂੰ ਆਪਣੇ ਕੋਲ ਹੀ ਰੱਖਣਗੇ, ਪਰ ਦੋਹਾਂ ਪਿੰਡਾਂ ਦੀ ਪੰਚਾਇਤ ਨੇ ਪੱਪੀ ਦੀ ਉਮਰ ਨੂੰ ਵੇਖਦਿਆਂ ਫੈਸਲਾ ਮੇਰੇ ਹੱਕ ਵਿਚ ਸੁਣਾਇਆ ਸੀ। ਹੁਣ ਮੈਂ ਕਿਵੇਂ ਆਪਣੇ ਢਿੱਡ ਦੀ ਆਂਦਰ ਨੂੰ ਆਪਣੇ ਤੋਂ ਵੱਖ ਕਰ ਦੇਵਾਂ। ਬੇਬੇ ਬਾਪੂ ਨੇ ਸਮਝਾਇਆ "ਵੇਖ ਧੀਏ, ਅਸੀਂ ਤਾਂ ਦੋਹੇਂ ਕੰਧੀ ਉੱਤੇ ਰੁੱਖੜੇ ਹਾਂ, ਪਤਾ ਨਹੀਂ ਕਿਹੜੇ ਵੇਲੇ ਉੱਤੋਂ ਸੱਦਾ ਆ ਜਾਵੇ.... ਤੂੰ ਸਾਰੀ ਉਮਰ ਭਰਾ ਭਰਜਾਈ ਦੇ ਬੂਹੇ ਤੇ ਕਿਵੇਂ ਕੱਟੇਂਗੀ?" ਉਨ੍ਹਾਂ ਦੀ ਗੱਲ ਠੀਕ ਵੀ ਸੀ। ਆਖ਼ਿਰ ਆਪਣੇ ਆਪ ਨੂੰ ਸਮਝਾਇਆ ਕਿ ਪੰਦਰਾਂ ਵੀਹਾਂ ਦਿਨਾਂ ਬਾਅਦ ਪੱਪੀ ਨੂੰ ਆ ਕੇ ਮਿਲ ਜਾਇਆ ਕਰਾਂਗੀ ਤੇ ਭਰੇ ਮਨ ਨਾਲ ਸਹਿਮਤੀ ਭਰ ਦਿੱਤੀ ਸੀ।

ਸੁਖਵਿੰਦਰ ਨਾਲ ਵਿਆਹ ਹੋਣ ਤੋਂ ਕੁਝ ਦਿਨ ਬਾਅਦ ਤਾਂ ਮੈਂ ਸਹੁਰੇ ਘਰ ਦੇ ਨਵੇਂ ਮਾਹੌਲ ਵਿਚ ਪਰਚੀ ਰਹੀ। ਸੁਖਵਿੰਦਰ ਦੇ ਨਾਲ-ਨਾਲ ਮੇਰੀ ਸੱਸ ਤੇ ਨਨਾਣ ਦਾ ਵਰਤਾਓ ਵੀ ਆਪਣੇਪਨ ਦਾ ਅਹਿਸਾਸ ਜਗਾਉਣ ਵਾਲਾ ਸੀ। ਸੁਖਵਿੰਦਰ ਦੀ ਪਹਿਲੀ ਪਤਨੀ ਦੇ ਧੀ ਪੁੱਤਰ ਵੀ ਮੇਰੇ ਨਾਲ ਘੁਲ ਮਿਲ ਗਏ ਸਨ। ਗੋਲਡੀ ਤਾਂ ਮੈਨੂੰ ਆਪਣੇ ਪੱਪੀ ਵਰਗਾ ਹੀ ਜਾਪਿਆ ਸੀ। ਪੱਪੀ ਦੀ ਯਾਦ ਤਾਂ ਉਦੋਂ ਵੀ ਆਉਂਦੀ ਸੀ ਪਰ ਹੁਣ ਵਾਂਗ ਬੇਚੈਨ ਨਹੀਂ ਸੀ ਕਰਦੀ। ਵਿਆਹ ਤੋਂ ਬਾਅਦ ਪੇਕੇ ਘਰ ਲੱਗੇ ਦੋ ਫੇਰਿਆਂ ਤੀਕ ਸਭ ਕੁਝ ਠੀਕ ਚੱਲਦਾ ਰਿਹਾ।

ਤੀਜੀ ਵਾਰ ਪੇਕੇ ਜਾਣ ਵਿਚ ਢਾਈ ਮਹੀਨੇ ਦਾ ਵਕਫ਼ਾ ਪੈ ਗਿਆ। ਲੱਖੀਵਾਲੇ ਪਹੁੰਚ ਕੇ ਮੈਨੂੰ ਲੱਗਿਆ ਕਿ ਪੱਪੀ ਪਹਿਲਾਂ ਨਾਲੋਂ ਕਾਫੀ ਕਮਜ਼ੋਰ ਪੈ ਗਿਆ ਹੈ। ਉਸਦੇ ਚਿਹਰੇ ਦਾ ਰੰਗ ਤਾਂ ਜਵਾਂ ਹਲਦੀ ਵਾਂਗ ਪੀਲਾ ਵਸਾਰ ਹੋਇਆ ਪਿਆ ਸੀ। ਇਸ ਵੇਲੇ ਮੈਨੂੰ ਤੀਬਰ ਅਹਿਸਾਸ ਹੋਇਆ ਕਿ ਮਾਂ, ਮਾਂ ਹੀ ਹੁੰਦੀ ਹੈ - ਮਾਮੀ ਭਾਵੇਂ ਬੱਚੇ ਦਾ ਕਿੰਨਾ ਵੀ ਧਿਆਨ ਰੱਖੇ ਉਹ ਮਾਂ ਦਾ ਸਥਾਨ ਨਹੀਂ ਲੈ ਸਕਦੀ। ਪੱਪੀ ਦੇ ਪਾਏ ਮੈਲੇ-ਕੁਚੈਲੇ ਕੱਪੜਿਆਂ ਤੇ ਗਿੱਟਿਆਂ ਦੇ ਜੰਮੀ ਮੈਲ ਵੇਖ ਕੇ ਮੇਰਾ ਤਾਂ ਰੋਣ ਹੀ ਨਿਕਲ ਆਇਆ। ਮੈਂ ਉਸਨੂੰ ਸੀਨੇ ਨਾਲ ਲਾ ਕੇ ਕਿੰਨਾ ਹੀ ਚਿਰ ਵਿਲਕਦੀ ਰਹੀ।

ਆਬਦਾਂ ਵਾਪਿਸ ਜਾਣ ਲਈ ਪੇਕੇ ਘਰ ਦੀ ਦਹਿਲੀਜ਼ ਪਾਰ ਕਰਨ ਲੱਗੀ ਤਾਂ ਪੱਪੀ ਨੇ ਰੋ-ਰੋ ਕੇ ਘਰ ਸਿਰ ਤੇ ਚੁੱਕ ਲਿਆ। "ਮੰਮੀ ਮੈਨੂੰ ਵੀ ਆਪਣੇ ਨਾਲ ਲੈ ਚੱਲੋ" ਉਹ ਤਰਲੇ ਪਾ ਰਿਹਾ ਸੀ ਪਰ ਮੈਂ ਉਸਨੂੰ ਅਗਲੀ ਵਾਰ ਆਪਣੇ ਨਾਲ ਲਿਜਾਣ ਦਾ ਝੂਠਾ ਦਿਲਾਸਾ ਦੇਣ ਤੋਂ ਇਲਾਵਾ ਕੀ ਕਰ ਸਕਦੀ ਸਾਂ। ਮੈਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇ ਮੈਂ ਸੁਖਵਿੰਦਰ ਜਾਂ ਉਸਦੀ ਮਾਂ ਨਾਲ ਪੱਪੀ ਨੂੰ ਕੁਝ ਦਿਨ ਲਈ ਵੀ ਆਪਣੇ ਨਾਲ ਰੱਖਣ ਦੀ ਗੱਲ ਕਰਾਂਗੀ ਤਾਂ ਮੇਰੀ ਗੱਲ ਅਣਸੁਣੀ ਕਰ ਦਿੱਤੀ ਜਾਵੇਗੀ। ਜੇ ਮੈਂ ਜ਼ਿੱਦ ਕਰਾਂਗੀ ਤਾਂ ਹੋ ਸਕਦਾ ਕਿ ਮੇਰਾ ਆਪਣਾ ਵਸੇਬਾ ਵੀ ਖ਼ਤਰੇ ਵਿਚ ਪੈ ਜਾਵੇ। ਪੱਪੀ ਨੂੰ ਰੋਂਦਾ ਵਿਲਕਦਾ ਛੱਡ ਕੇ ਆਬਦਾਂ



ਪਰਤ ਆਈ ਹਾਂ ਪਰ ਆਪਣੀ ਰੂਹ ਨੂੰ ਉਸ ਕੋਲ ਹੀ ਛੱਡ ਆਈ ਹਾਂ। ਮੈਂ ਅੰਦਰ ਹੀ ਅੰਦਰ ਖੁਰ ਰਹੀ ਹਾਂ ਪਰ ਆਪਣੇ ਪਤੀ ਤੇ ਸੱਸ ਨਾਲ ਆਪਣਾ ਦੁੱਖ ਸਾਂਝਾ ਨਹੀਂ ਕਰ ਸਕਦੀ।

❖ ❖ ❖

ਅਜੇ ਮੈਂ ਲੱਖੀਵਾਲ ਦੁਬਾਰਾ ਜਾਣ ਲਈ ਸੁਖਵਿੰਦਰ ਨੂੰ ਮਨਾਉਣ ਸੰਬੰਧੀ ਆਪਣੇ ਆਪ ਨੂੰ ਮਾਨਸਿਕ ਰੂਪ ਵਿਚ ਤਿਆਰ ਹੀ ਕਰ ਰਹੀ ਸਾਂ ਕਿ ਭਰਾ ਦਾ ਫੋਨ ਆ ਗਿਆ "ਸਵੇਰੇ ਸਕੂਲ ਜਾਂਦਿਆਂ ਇਕ ਸਕੂਟਰ ਵਾਲਾ ਪੱਪੀ ਨੂੰ ਫੇਟ ਮਾਰ ਗਿਆ - ਉਸਦੀ ਖੱਬੀ ਲੱਤ ਤੇ ਪਲਸਤਰ ਚੜ੍ਹਾਉਣਾ ਪਿਆ ਹੈ - ਉਹ ਤੈਨੂੰ ਬਹੁਤ ਯਾਦ ਕਰ ਰਿਹੈ।" ਫੋਨ ਸੁਣਦਿਆਂ ਹੀ ਮੈਂ ਥਾਏਂ ਸਿਰ ਫੜ ਕੇ ਬੈਠ ਗਈ। ਨਿੱਤ ਦਿਹਾੜੀ ਪੱਪੀ ਬਾਰੇ ਜਿਹੜੇ ਮੰਦੇ ਸੁਪਨੇ ਵੇਖਦੀ ਸਾਂ, ਮੈਨੂੰ ਲੱਗਿਆ ਉਹ ਸੱਚੇ ਹੀ ਸਨ। "ਹਾਏ! ਮੈਂ ਕੀ ਕਰਾਂ?" ਮੇਰੇ ਮੂੰਹੋਂ ਹਉਂਕਾ ਜਿਹਾ ਨਿਕਲਿਆ ਹੈ।

"ਕੁੜੇ ਸੁੱਖ ਤਾਂ ਹੈ ... ਕੀਹਦਾ ਫੋਨ ਸੀ।" ਮੇਰੀ ਹਾਲਤ ਵੇਖ ਕੇ ਸੱਸ ਮੇਰੇ ਕੋਲ ਆ ਖੜ੍ਹੀ ਹੋਈ ਹੈ।

"ਪੱਪੀ ਦਾ ਐਕਸੀਡੈਂਟ ਹੋ ਗਿਆ.... ਹੁਣ ਕੀ ਹੋਵੇਗਾ?" ਭਰੀਆਂ ਅੱਖਾਂ ਤੇ ਭਰੇ ਮਨ ਨਾਲ ਮੈਂ ਏਨਾਂ ਹੀ ਕਹਿ ਸਕੀ ਹਾਂ।

ਮੇਰੀ ਸੱਸ ਨੇ ਉਸੇ ਵੇਲੇ ਸੁਨੇਹਾ ਭੇਜ ਕੇ ਸੁਖਵਿੰਦਰ ਨੂੰ ਸਕੂਲੋਂ ਬੁਲਾ ਲਿਆ ਹੈ। ਉਸ ਮੇਰੇ ਮੋਢੇ ਤੇ ਹੱਥ ਰੱਖ ਕੇ ਦਿਲਾਸਾ ਦਿੰਦਿਆਂ ਮੈਨੂੰ ਰੋਣੋਂ ਚੁੱਪ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

ਮੋਟਰ ਸਾਇਕਲ ਤੇ ਅਸੀਂ ਦੋ ਘੰਟਿਆਂ ਵਿਚ ਹੀ ਲੱਖੀਵਾਲੇ ਪਹੁੰਚ ਗਏ ਹਾਂ। ਮੈਨੂੰ ਵੇਖ ਕੇ ਪੱਪੀ ਦੀਆਂ ਅੱਖਾਂ ਭਰ ਆਈਆਂ ਹਨ ਪਰ ਉਹ ਪਹਿਲਾਂ ਵਾਂਗ ਖੁੱਲ੍ਹ ਕੇ ਰੋਇਆ ਨਾ। ਉਸਦੀ ਖੱਬੀ ਲੱਤ 'ਤੇ ਗੋਡਿਆਂ ਤੋਂ ਉੱਪਰ ਤੀਕ ਪਲਸਤਰ ਚੜ੍ਹਿਆ ਹੋਇਆ ਸੀ ਤੇ ਲੱਤ ਨੂੰ ਹਿੱਲਣ-ਜੁੱਲਣ ਤੋਂ ਰੋਕਣ ਲਈ ਤਿੰਨ ਇੱਟਾਂ ਦਾ ਭਾਰ ਬੰਨ੍ਹ ਕੇ ਖਿੱਚ ਵੀ ਲਾਈ ਹੋਈ ਸੀ। ਉਸਦੀ ਬੇਵਸੀ ਵੱਲ ਵੇਖ ਕੇ ਮੇਰੀਆਂ ਭੁੱਬਾਂ ਨਿਕਲ ਆਈਆਂ।

"ਆਪਣੇ ਆਪ ਨੂੰ ਸੰਭਾਲ ਬਬਲੀ...... ਕੁਝ ਨਹੀਂ ਪੱਪੀ ਨੂੰ ...... ਐਵੇਂ ਹੱਡੀ ਦਾ ਮਾਮੂਲੀ ਫਰੈਕਚਰ ਹੈ ...... ਮਹੀਨੇ ਤੀਕ ਠੀਕ ਹੋ ਜਾਵੇਗਾ।" ਭਰਾ ਨੇ ਸਿਰ ਪਲੋਸਦਿਆਂ ਦਿਲਾਸਾ ਦਿੱਤਾ ਹੈ।

ਮੈਂ ਪੱਪੀ ਦਾ ਸਿਰ ਆਪਣੇ ਗੋਡਿਆਂ 'ਤੇ ਰੱਖ ਲਿਆ ਤੇ ਕਿੰਨਾ ਹੀ ਚਿਰ ਉਸਦੇ ਵਾਲਾਂ ਵਿਚ ਉਂਗਲਾਂ ਫੇਰਦੀ ਰਹੀ। ਮੈਨੂੰ ਪਤਾ ਹੈ ਕਿ ਵਾਲਾਂ ਵਿਚ ਉਂਗਲਾਂ ਫੇਰਨ ਨਾਲ ਪੱਪੀ ਨੂੰ ਵਿਸ਼ੇਸ਼ ਰਾਹਤ ਮਿਲਦੀ ਹੈ। ਜਦੋਂ ਮੈਂ ਪੇਕੇ ਘਰ ਸਾਂ ਤਾਂ ਪੱਪੀ ਅਕਸਰ ਮੈਨੂੰ ਵਾਲਾਂ ਵਿਚ ਉਂਗਲਾਂ ਫੇਰਨ ਲਈ ਆਖਦਾ ਸੀ ਤੇ ਮੇਰੇ ਵਲੋਂ ਕੁਝ ਹੀ ਮਿੰਟ ਇਹ ਕਿਰਿਆ ਦੁਹਰਾਉਣ ਨਾਲ ਉਸਨੂੰ ਨੀਂਦ ਆਉਣ ਲੱਗ ਪੈਂਦੀ ਸੀ। ਹੁਣ ਵੀ ਉਸਦੀਆਂ ਅੱਖਾਂ ਨੀਂਦ ਨਾਲ

ਮਿਰਦੀਆਂ ਜਾ ਰਹੀਆਂ ਹਨ। ਸੁਖਵਿੰਦਰ ਨੇ ਵੀ ਪੱਪੀ ਦਾ ਸਿਰ ਪਲੋਸਿਆ ਪਰ ਮੂੰਹੋਂ ਕੁਝ ਨਾ ਬੋਲਿਆ।

ਰਾਤੀਂ ਸੁਖਵਿੰਦਰ ਲੱਖੀਵਾਲ ਹੀ ਰਿਹਾ। ਭਾਵੇਂ ਪੱਪੀ ਤਕਲੀਫ ਵਿਚ ਸੀ ਪਰ ਫਿਰ ਵੀ ਬਾਪੂ ਤੇ ਭਰਾ ਨੇ ਘਰ ਆਏ ਪ੍ਰਾਹੁਣੇ ਦੀ ਸੇਵਾ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਸਵੇਰੇ ਦਿਨ ਚੜ੍ਹਦਿਆਂ ਹੀ ਉਸ ਮੈਨੂੰ ਤਿਆਰ ਹੋਣ ਲਈ ਕਹਿ ਦਿੱਤਾ ਤਾਂ ਕਿ ਅਸੀਂ ਉਸਦੇ ਸਕੂਲ ਲੱਗਣ ਦੇ ਟਾਇਮ ਤੋਂ ਪਹਿਲਾਂ ਆਬਦਾਂ ਪਹੁੰਚ ਸਕੀਏ। ਭਾਵੇਂ ਮੇਰਾ ਦਿਲ ਅਜੇ ਪੱਪੀ ਨੂੰ ਛੱਡ ਕੇ ਜਾਣ ਲਈ ਨਹੀਂ ਸੀ ਕਰ ਰਿਹਾ ਪਰ ਮੈਂ ਸੁਖਵਿੰਦਰ ਨੂੰ ਵੀ ਮਨ੍ਹਾ ਨਾ ਕਰ ਸਕੀ। ਤਿਆਰ ਹੋ ਕੇ ਤੁਰਨ ਵੇਲੇ ਪੱਪੀ ਨੂੰ ਮਿਲਣ ਗਈ ਤਾਂ ਉਸ ਮੇਰੀ ਚੁੰਨੀ ਦਾ ਲੜ ਘੁੱਟ ਕੇ ਫੜ ਲਿਆ, "ਮੰਮੀ ਤੁਸੀਂ ਮੇਰੇ ਕੋਲ ਰਹੋ ਜਾਂ ਮੈਨੂੰ ਵੀ ਆਪਣੇ ਨਾਲ ਲੈ ਚੱਲੋ।"

ਪੱਪੀ ਵਲੋਂ ਵਾਸਤਾ ਪਾਏ ਜਾਣ ਤੇ ਮੈਨੂੰ ਆਪਣਾ ਦਿਲ ਬੈਠਦਾ ਹੋਇਆ ਮਹਿਸੂਸ ਹੋਇਆ। ਮੈਂ ਇੱਕ ਆਸ ਜਿਹੀ ਨਾਲ ਸੁਖਵਿੰਦਰ ਵੱਲ ਵੇਖਿਆ ਇਕ ਉਹ ਪੱਪੀ ਨੂੰ ਦਿਲਾਸਾ ਦੇਣ ਲਈ ਮੂੰਹੋਂ ਜ਼ਰੂਰ ਕੁਝ ਕਹੇਗਾ ਪਰ ਉਸ ਤਾਂ ਜਿਵੇਂ ਕੁਝ ਨਾ ਬੋਲਣ ਦੀ ਸੌਂਹ ਹੀ ਖਾ ਲਈ ਹੋਵੇ। ਪੱਪੀ ਮੈਨੂੰ ਛੱਡਣ ਲਈ ਤਿਆਰ ਨਹੀਂ ਸੀ ਤੇ ਹੁਬਕੀ-ਹੁਬਕੀ ਰੋ ਰਿਹਾ ਸੀ ਪਰ ਸੁਖਵਿੰਦਰ ਜਲਦੀ ਜਾਣ ਦੀ ਕਾਹਲੀ ਕਰ ਰਿਹਾ ਸੀ। ਮੇਰੇ ਅੰਦਰੋਂ ਇਕ ਉਬਾਲ ਜਿਹਾ ਉੱਠਿਆ। ਕਿੰਨਾ ਨਿਰਦਈ ਹੈ ਸੁਖਵਿੰਦਰ - ਜੋ ਇਕ ਵਿਲਕ ਰਹੇ ਬੱਚੇ ਨੂੰ ਝੂਠਾ ਦਿਲਾਸਾ ਦੇ ਕੇ ਵੀ ਚੁੱਪ ਨਹੀਂ ਕਰਾ ਸਕਦਾ। ਉੱਚਿਤ ਮੌਕਾ ਨਾ ਜਾਣ ਕੇ ਮੈਂ ਆਪਣੇ ਗੁੱਸੇ ਨੂੰ ਵਿਚੇ ਹੀ ਵਿਚ ਪੀ ਗਈ। ਹਾਂ, ਸੁਖਵਿੰਦਰ ਦੇ ਵਿਵਹਾਰ ਨੇ ਮੇਰੇ ਅੰਦਰ ਇਹ ਕਹਿਣ ਦੀ ਜ਼ੁਅਰਤ ਪੈਦਾ ਕਰ ਦਿੱਤੀ ਕਿ ਉਹ ਇਕੱਲਾ ਹੀ ਵਾਪਿਸ ਚਲਾ ਜਾਵੇ - ਮੈਂ ਅਜੇ ਕੁਝ ਦਿਨ ਹੋਰ ਪੱਪੀ ਕੋਲ ਰਹਾਂਗੀ।

ਪੱਪੀ ਕਾਰਣ ਮੈਨੂੰ ਪੂਰੇ ਵੀਹ ਦਿਨ ਲੱਖੀਵਾਲੇ ਰਹਿਣਾ ਪਿਆ। ਸੁਖਵਿੰਦਰ ਦੇ ਵਾਰ-ਵਾਰ ਫੋਨ ਆ ਰਹੇ ਸਨ, ਇਸ ਲਈ ਮੇਰੀ ਮਾਂ ਜ਼ੋਰ ਪਾ ਰਹੀ ਸੀ ਕਿ ਮੈਂ ਛੇਤੀ ਹੀ ਆਬਦਾਂ ਚਲੀ ਜਾਵਾਂ। ਉਸਨੂੰ ਡਰ ਸੀ ਕਿ ਮੇਰੇ ਵਧੇਰੇ ਸਮਾਂ ਇਥੇ ਰਹਿਣ ਕਾਰਣ ਸੁਖਵਿੰਦਰ ਨਰਾਜ਼ ਵੀ ਹੋ ਸਕਦਾ ਹੈ। ਜਦੋਂ ਮੈਂ ਵਾਪਸੀ ਲਈ ਅਟੈਚੀ ਚੁੱਕੀ ਤਾਂ ਪੱਪੀ ਨੇ ਪਹਿਲਾਂ ਵਾਂਗ ਜ਼ਿੱਦ ਤਾਂ ਨਾ ਕੀਤੀ ਪਰ ਉਸਦੀਆਂ ਅੱਖਾਂ ਜ਼ਰੂਰ ਭਰ ਆਈਆਂ ਸਨ। ਉਹ ਬੜੀ ਬੇਵਸੀ ਨਾਲ ਮੇਰੇ ਵੱਲ ਵੇਖ ਰਿਹਾ ਸੀ। ਸ਼ਾਇਦ ਉਸਦੇ ਬਾਲ ਮਨ ਨੇ ਜਾਣ ਲਿਆ ਸੀ ਕਿ ਉਸਨੂੰ ਛੱਡ ਕੇ ਜਾਣ ਵਿਚ ਮੇਰੀ ਵੀ ਕੋਈ ਮਜਬੂਰੀ ਹੈ। ਪੱਪੀ ਦੀਆਂ ਮਾਸੂਮ ਤੇ ਨਿਰਦੋਸ਼ ਨਜ਼ਰਾਂ ਨੇ ਮੇਰੇ ਪੈਰਾਂ ਵਿਚ ਸੰਗਲ ਪਾ ਦਿੱਤਾ। ਬੜੀ ਮੁਸ਼ਕਿਲ ਨਾਲ ਇਸ ਭਾਵਨਾਵਾਂ ਦੇ ਸੰਗਲ ਨੂੰ ਤੋੜ ਕੇ ਮੈਂ ਪੇਕੇ ਘਰ ਦੀ ਦਹਿਲੀਜ਼ ਨੂੰ ਪਾਰ ਕੀਤਾ ਸੀ, ਪਰ ਬੱਸ ਅੱਡੇ ਤੀਕ ਜਾਂਦਿਆਂ ਮੇਰੀਆਂ ਅੱਖਾਂ ਵੀ ਲਗਾਤਾਰ ਵਹਿੰਦੀਆਂ ਰਹੀਆਂ ਸਨ।

ਆਬਦਾਂ ਪਹੁੰਚ ਕੇ ਮੇਰੀ ਮਾਨਸਿਕ ਹਾਲਤ ਹੋਰ ਵੀ ਖਰਾਬ ਹੋ ਗਈ। ਨਾ ਤਾਂ ਹੁਣ ਮੈਂ



ਪਹਿਲਾਂ ਵਾਂਗ ਕਿਸੇ ਨਾਲ ਖੁੱਲ੍ਹ ਕੇ ਗੱਲ ਹੀ ਕਰ ਸਕਦੀ ਸਾਂ ਤੇ ਨਾ ਹੀ ਹੁਣ ਪਹਿਲਾਂ ਵਰਗੀ ਫੁਰਤੀ ਨਾਲ ਘਰ ਦਾ ਕੰਮ ਹੀ ਹੁੰਦਾ ਸੀ। ਮੰਜੇ ਤੇ ਲੇਟਦੀ ਤਾਂ ਉੱਠਣ ਦਾ ਦਿਲ ਹੀ ਨਹੀਂ ਸੀ ਕਰਦਾ। ਬੱਸ ਟਿਕਟਿਕੀ ਲਗਾਈ ਛੱਤ ਨੂੰ ਘੂਰਦੀ ਰਹਿੰਦੀ।

"ਬੱਚਿਆਂ ਦੇ ਸੱਟਾਂ ਲੱਗਦੀਆਂ ਹੀ ਰਹਿੰਦੀਆਂ ਨੇ...... ਛੇਤੀ ਹੀ ਪੱਪੀ ਠੀਕ ਹੋ ਜੂ...... ਤੂੰ ਦਿਲ ਛੋਟਾ ਕਿਉਂ ਕਰਦੀ ਏਂ......ਦੋ ਚਾਰ ਦਿਨ ਲਈ ਫਿਰ ਲੱਖੀਵਾਲ ਚਲੀ ਜਾਹ।" ਮੇਰੀ ਸੱਸ ਮੈਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਦੀ ਪਰ ਉਸਦੀ ਸ਼ਬਦੀ ਹਮਦਰਦੀ ਮੇਰੇ ਜ਼ਖਮਾਂ 'ਤੇ ਫੇਹਾ ਬੰਨਣ ਦੀ ਬਜਾਏ ਉਸਨੂੰ ਹੋਰ ਉਚੇੜ ਦਿੰਦੀ। ਸੋਚਦੀ ਹਾਂ ਜੇ ਐਕਸੀਡੈਂਟ ਵਿਚ ਸੱਟ ਗੋਲਡੀ ਦੇ ਲੱਗੀ ਹੁੰਦੀ ਤਾਂ ਸੱਸ ਨੂੰ ਮੇਰੇ ਵਾਂਗ ਹੀ ਤੜਫਣਾ ਲੱਗੀ ਹੁੰਦੀ। ਮੈਂ ਸੱਸ ਦੇ ਮੂੰਹੋਂ ਇਹ ਸੁਣਨਾ ਚਾਹੁੰਦੀ ਹਾਂ, "ਆਪਾਂ ਕੁਝ ਦਿਨ ਪੱਪੀ ਨੂੰ ਇਥੇ ਲੈ ਆਈਏ।" ਪਰ ਉਹ ਅਜਿਹੀ ਮਿੱਟੀ ਦੀ ਨਹੀਂ ਬਣੀ ਹੋਈ ਕਿ ਛੇਤੀ ਹੀ ਪਿਘਲ ਜਾਵੇ।

ਹਰ ਵੇਲੇ ਧਿਆਨ ਪੱਪੀ ਵਿਚ ਹੋਣ ਕਾਰਨ ਹੁਣ ਘਰ ਦਾ ਕੰਮ ਵੀ ਮੇਰੇ ਕੋਲੋਂ ਠੀਕ ਤਰ੍ਹਾਂ ਨਹੀਂ ਸੀ ਹੁੰਦਾ। ਕਦੇ ਚਾਹ ਵਿਚ ਖੰਡ ਪਾਉਣਾ ਭੁੱਲ ਜਾਂਦੀ ਤੇ ਕਦੇ ਦੋ ਵਾਰ ਪਾ ਕੇ ਨਿਰਾ ਸ਼ਰਬਤ ਬਣਾ ਦਿੰਦੀ ਹਾਂ। ਸੁਖਵਿੰਦਰ ਨੇ ਦੋ-ਚਾਰ ਵਾਰ ਮੇਰੇ ਤਨ ਤੋਂ ਆਪਣਾ ਪਤੀ ਹੋਣ ਦਾ ਹੱਕ ਵਸੂਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਤਾਂ ਹੀ ਸੰਭਵ ਸੀ ਜੇ ਮੇਰਾ ਮਨ ਮੇਰੇ ਤਨ ਦਾ ਸਾਥ ਦਿੰਦਾ। ਮੇਰੇ ਸਰੀਰ ਦਾ ਠੰਡਾਪਣ ਉਸਦੇ ਅੰਦਰ ਖਿੱਝ ਜਿਹੀ ਪੈਦਾ ਕਰ ਦਿੰਦਾ। ਇੱਕ ਦੋ ਦਿਨ ਤਾਂ ਸਾਡੇ ਵਿਚ ਚੁੱਪ ਪਸਰੀ ਰਹਿੰਦੀ ਫਿਰ ਕਿਸੇ ਨਾ ਕਿਸੇ ਬਹਾਨੇ ਆਪੇ ਹੀ ਬੋਲ ਪੈਂਦੇ। ਕਦੇ ਕਦੇ ਉਹ ਪੱਪੀ ਬਾਰੇ ਗੱਲ ਛੇੜ ਕੇ ਉਚੇਚੀ ਹਮਦਰਦੀ ਵਿਖਾਉਂਦਾ ਤਾਂ ਮੈਨੂੰ ਉਹ ਪਖੰਡ ਜਿਹਾ ਕਰਦਾ ਜਾਪਦਾ। ਅਜਿਹੇ ਸਮੇਂ ਮੈਨੂੰ ਯਾਦ ਆਉਂਦਾ ਕਿ ਕਿਸ ਤਰ੍ਹਾਂ ਉਸ ਪੱਪੀ ਨੂੰ ਤਰਲੇ ਪਾਉਂਦੇ ਵੇਖ ਕੇ ਮੂੰਹ ਦੂਜੇ ਪਾਸੇ ਕਰ ਲਿਆ ਸੀ। ਕਈ ਵਾਰੀ ਤਾਂ ਮੈਨੂੰ ਆਪਣੇ ਆਪ ਤੇ ਵੀ ਗੁੱਸਾ ਆਉਣ ਲੱਗਦਾ ਹੈ ਕਿ ਜਦੋਂ ਉਸਨੂੰ ਮੇਰੇ ਪੱਪੀ ਦੀ ਭੋਰਾ ਭਰ ਵੀ ਪ੍ਰਵਾਹ ਨਹੀਂ ਤਾਂ ਮੈਂ ਕਿਉਂ ਉਸਦੇ ਗੋਲਡੀ ਤੇ ਮਮਤਾ ਲੁਟਾਉਂਦੀ ਫਿਰਦੀ ਹਾਂ। ਹੁਣ ਤਾਂ ਇਹ ਵੀ ਮਹਿਸੂਸ ਹੋਣ ਲੱਗ ਪਿਆ ਹੈ ਕਿ ਮੇਰੇ ਦਿਲ ਦੇ ਕਿਸੇ ਕੋਨੇ ਵਿਚ ਸੁਖਵਿੰਦਰ ਤੇ ਉਸਦੀ ਮਾਂ ਲਈ ਹਲਕੀ ਜਿਹੀ ਨਫ਼ਰਤ ਵੀ ਮੌਜੂਦ ਹੈ।

ਚਾਰ ਪੰਜ ਦਿਨ ਮੈਂ ਜਾਣ-ਬੁਝ ਕੇ ਗੋਲਡੀ ਤੇ ਮੀਨੂੰ ਵੱਲੋਂ ਲਾ-ਪ੍ਰਵਾਹ ਵੀ ਰਹੀ ਹਾਂ। ਪਹਿਲੋਂ ਗੋਲਡੀ ਨੂੰ ਨਹਾ ਕੇ ਸਕੂਲ ਭੇਜਣ ਦੀ ਜ਼ਿੰਮੇਵਾਰੀ ਮੇਰੀ ਸੀ ਪਰ ਹੁਣ ਇਹ ਕੰਮ ਮੇਰੀ ਸੱਸ ਨੂੰ ਕਰਨਾ ਪੈ ਰਿਹਾ ਹੈ। ਭਾਵੇਂ ਬੁੱਢੀ ਨੇ ਮੈਨੂੰ ਬੋਲ ਕੇ ਕੁਝ ਨਹੀਂ ਕਿਹਾ ਪਰ ਮੈਂ ਉਸਨੂੰ ਬੁੜ-ਬੁੜ ਕਰਦਾ ਅਕਸਰ ਵੇਖਦੀ ਹਾਂ। ਮਨ ਕੁਝ ਠਹਿਰਾਓ ਵਿਚ ਆਇਆ ਤਾਂ ਆਪਣੇ ਆਪ ਨੂੰ ਹੀ ਦੋਸ਼ ਦੇਣ ਲੱਗ ਪਈ ਹਾਂ। ਮੇਰਾ ਰੋਸਾ ਸੁਖਵਿੰਦਰ ਨਾਲ ਹੈ। ਇਸ ਵਿਚ ਵਿਚਾਰੇ ਗੋਲਡੀ ਦਾ ਕੀ ਦੋਸ਼? ਉਹ ਮਾਸੂਮ ਤਾਂ ਮੈਨੂੰ ਸਕੀ ਮਾਂ ਵਾਂਗ ਹੀ ਪਿਆਰ ਕਰਦਾ ਹੈ। ਉਹ-ਤਾਂ ਰਾਤ ਸਮੇਂ ਵੀ ਮੇਰੇ ਨਾਲ ਸੌਣ ਦੀ ਜ਼ਿੱਦ ਕਰਦਾ ਹੈ। ਦੋ ਚਾਰ ਦਿਨ ਮੈਂ ਉਸ ਵੱਲ ਬੇਰੁਖ਼ੀ

ਵਿਖਾਈ ਤਾਂ ਉਹ ਸਹਿਮਿਆ-ਸਹਿਮਿਆ ਰਹਿਣ ਲੱਗ ਪਿਆ ਸੀ। ਉਸ ਵਿਚਾਰੇ ਨੂੰ ਕੀ ਸਮਝ ਹੈ ਕਿ ਮੇਰੇ ਦਿਲ ਤੇ ਕੀ ਬੀਤ ਰਹੀ ਹੈ। ਮੈਂ ਗੋਲਡੀ ਨੂੰ ਆਪਣੇ ਕੋਲ ਬੁਲਾ ਕੇ ਭਾਵੁਕਤਾ ਵੱਧ ਉਸਦਾ ਮੂੰਹ ਚੁੰਮ ਲਿਆ ਹੈ।

"ਤੁਸੀਂ ਮੇਰੇ ਨਾਲ ਨਰਾਜ਼ ਕਿਉਂ ਹੋ ਗਏ ਸੀ ਮੰਮੀ?" ਮੇਰੇ ਵਲੋਂ ਮੁੜ ਅਪਣੱਤ ਮਿਲਣ ਤੇ ਗੋਲਡੀ ਨੇ ਮਾਸੂਮੀਅਤ ਨਾਲ ਪੁੱਛਿਆ ਹੈ।

"ਮੈਂ ਤੇਰੇ ਨਾਲ ਨਰਾਜ਼ ਕਿਵੇਂ ਹੋ ਸਕਦੀ ਹਾਂ ਮੇਰੇ ਲਾਲ। ਬੱਸ ਐਵੇਂ ਮੇਰਾ ਚਿੱਤ ਠੀਕ ਨਹੀਂ ਸੀ।" ਮੈਂ ਉਸਨੂੰ ਕਲਾਵੇ ਵਿਚ ਲੈਂਦਿਆਂ ਕਿਹਾ ਹੈ।

❖ ❖ ❖

ਭਰਾ ਨੇ ਫੋਨ ਤੇ ਦੱਸਿਆ ਹੈ ਕਿ ਪੱਪੀ ਦਾ ਪਲਸਤਰ ਉੱਤਰ ਗਿਆ ਹੈ ਤੇ ਉਹ ਸੋਟੀ ਦੇ ਸਹਾਰੇ ਇੱਕ ਦੋ ਕਦਮ ਤੁਰਨ ਵੀ ਲੱਗ ਪਿਆ ਹੈ। ਡਾਕਟਰ ਨੇ ਕਿਹਾ ਹੈ ਕਿ ਉਹ ਮਹੀਨੇ ਤੀਕ ਪੂਰੀ ਤਰ੍ਹਾਂ ਤੰਦਰੁਸਤ ਹੋ ਜਾਵੇਗਾ। ਫੋਨ ਸੁਣਨ ਤੋਂ ਬਾਅਦ ਮੇਰਾ ਦਿਲ ਕੀਤਾ ਕਿ ਮੈਂ ਉੱਡ ਕੇ ਪੱਪੀ ਦੇ ਕੋਲ ਪਹੁੰਚ ਜਾਵਾਂ, ਪਰ ਮੈ ਅਜਿਹਾ ਨਹੀਂ ਕਰ ਸਕਦੀ। ਗੋਲਡੀ ਨੂੰ ਪਰਸੋਂ ਤੋਂ ਤੇਜ਼ ਬੁਖਾਰ ਹੈ। ਕੱਲ ਮੈਂ ਤੇ ਸੁਖਵਿੰਦਰ ਉਸਨੂੰ ਮਾਨਸਾ ਡਾ. ਕਟੌਦੀਆ ਦੇ ਹਸਪਤਾਲ ਵਿਖਾ ਕੇ ਆਏ ਹਾਂ। ਡਾਕਟਰ ਅਨੁਸਾਰ ਮਲੇਰੀਆ ਬੁਖਾਰ ਵਿਗੜ ਕੇ ਟਾਈਫਾਈਡ ਬਣ ਗਿਆ ਹੈ। ਡਾਕਟਰ ਨੇ ਕੁਝ ਦਵਾਈਆਂ ਦਿੱਤੀਆਂ ਸਨ ਤੇ ਹਦਾਇਤ ਕੀਤੀ ਸੀ ਕਿ ਪਰਸੋਂ ਫਿਰ ਉਸਨੂੰ ਹਸਪਤਾਲ ਵਿਚ ਚੈੱਕਅਪ ਲਈ ਲਿਆਂਦਾ ਜਾਵੇ। ਗੋਲਡੀ ਨੂੰ ਇਸ ਹਾਲਤ ਵਿਚ ਛੱਡ ਕੇ ਲੱਖੀਵਾਲੇ ਜਾਣ ਸੰਬੰਧੀ ਮੇਰਾ ਦਿਲ ਨਹੀਂ ਮੰਨਦਾ। ਔਰਤ ਹਾਂ ਨਾ। ਜੇ ਮੇਰਾ ਦਿਲ ਵੀ ਸੁਖਵਿੰਦਰ ਵਾਂਗ ਪੱਥਰ ਦਾ ਹੁੰਦਾ ਤਾਂ ਸ਼ਾਇਦ ਮੈਂ ਵੀ ਗੋਲਡੀ ਵਲੋਂ ਉਸੇ ਤਰ੍ਹਾਂ ਬੇਪ੍ਰਵਾਹ ਹੋ ਜਾਂਦੀ, ਜਿਵੇਂ ਸੁਖਵਿੰਦਰ ਮੇਰੇ ਪੱਪੀ ਵਲੋਂ ਹੋ ਗਿਆ ਹੈ।

ਗੋਲਡੀ ਦਾ ਬੁਖਾਰ ਘੱਟਣ ਦੀ ਬਜਾਏ ਹੋਰ ਵੱਧ ਗਿਆ ਹੈ। ਉਸਨੂੰ ਫਿਰ ਮਾਨਸਾ ਹਸਪਤਾਲ ਲੈ ਗਏ ਹਾਂ। ਡਾਕਟਰ ਨੇ ਉਸਨੂੰ ਉਥੇ ਹੀ ਦਾਖਲ ਕਰ ਲਿਆ ਹੈ। ਗੋਲਡੀ ਨੂੰ ਹਸਪਤਾਲ ਦੇ ਬੈੱਡ 'ਤੇ ਲੇਟੇ ਵੇਖਦੀ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਉਹ ਗੋਲਡੀ ਦੀ ਬਜਾਏ ਮੇਰਾ ਪੱਪੀ ਹੀ ਹੋਵੇ। ਉਸਦੀ ਸੰਭਾਲ ਲਈ ਮੈਂ ਦਿਨ ਰਾਤ ਇੱਕ ਕਰ ਦਿੱਤਾ ਹੈ। ਹਸਪਤਾਲ ਵਿਚ ਪਹਿਲੀ ਰਾਤ ਜਾਗਦਿਆਂ ਹੀ ਬਿਤਾਈ ਹੈ। ਸਾਰੀ ਰਾਤ ਗੋਲਡੀ ਦੇ ਮੱਥੇ ਤੇ ਠੰਡੀਆਂ ਪੱਟੀਆਂ ਕਰਦੀ ਰਹੀ ਹਾਂ।

ਹਸਪਤਾਲ ਵਿਚ ਬੀਤੀ ਦੂਸਰੀ ਰਾਤ ਸਮੇ ਮੈਂ ਸੱਸ ਦੇ ਵਾਰ-ਵਾਰ ਕਹਿਣ 'ਤੇ ਦੋ-ਚਾਰ ਘੰਟੇ ਲਈ ਨੀਂਦ ਲਈ ਹੈ। ਰਾਤੀਂ 12 ਵਜੇ ਮੇਰੀ ਨੀਂਦ ਖੁੱਲੀ ਤਾਂ ਮੈਂ ਗੋਲਡੀ ਦੇ ਸਿਰਹਾਣੇ ਆ ਬੈਠੀ ਹਾਂ। ਮੇਰੇ ਹੱਥ ਦੀਆਂ ਉਂਗਲਾਂ ਆਪਣੇ ਆਪ ਉਸਦੇ ਵਾਲਾਂ ਵਿਚ ਇਸ ਤਰ੍ਹਾਂ ਫਿਰ ਰਹੀਆਂ ਹਨ ਜਿਵੇਂ ਵਾਲ ਪੱਪੀ ਦੇ ਹੀ ਹੋਣ। ਗੋਲਡੀ ਦੇ ਵਾਲ ਵੀ ਪੱਪੀ ਵਾਂਗ ਸੁਨਹਿਰੀ ਭਾਅ ਮਾਰਦੇ ਹਨ। ਅਜਿਹਾ ਕਰਕੇ ਮੈਨੂੰ ਬਹੁਤ ਮਾਨਸਿਕ ਰਾਹਤ ਮਿਲ ਰਹੀ ਹੈ।



ਗੋਲਡੀ ਨੂੰ ਪੂਰੇ ਸੱਤ ਦਿਨ ਦਾਖਲ ਰਹਿਣਾ ਪਿਆ ਹੈ। ਇਸ ਦਰਮਿਆਨ ਸੁਖਵਿੰਦਰ ਤੇ ਮੇਰੀ ਸੱਸ ਨੇ ਬਹੁਤ ਕਿਹਾ ਕਿ ਮੈਂ ਇੱਕ ਅੱਧ ਦਿਨ ਲਈ ਆਬਦਾਂ ਜਾ ਕੇ ਆਰਾਮ ਕਰ ਲਵਾਂ ਪਰ ਮੇਰਾ ਦਿਲ ਨਾ ਮੰਨਿਆ। ਗੋਲਡੀ ਆਪਣੀ ਹਰ ਜ਼ਰੂਰਤ ਸੁਖਵਿੰਦਰ ਤੇ ਸੱਸ ਨਾਲੋਂ ਪਹਿਲੋਂ ਮੈਨੂੰ ਦੱਸਦਾ ਹੈ, ਇਸ ਲਈ ਮੈਂ ਘੜੀ ਪਲ ਲਈ ਵੀ ਉਸ ਤੋਂ ਦੂਰ ਰਹਿਣਾ ਵਾਜਿਬ ਨਾ ਸਮਝਿਆ।

ਗੋਲਡੀ ਨੂੰ ਹਸਪਤਾਲੋਂ ਛੁੱਟੀ ਮਿਲਣ ਤੇ ਅਸੀਂ ਆਬਦਾਂ ਆ ਗਏ ਹਾਂ। ਮੈਂ ਮਨ ਬਣਾਇਆ ਕਿ ਭਲਕੇ ਲੱਖੀਵਾਲ ਚਲੀ ਜਾਵਾਂ। ਪੱਪੀ ਬਹੁਤ ਯਾਦ ਆ ਰਿਹਾ ਹੈ। ਸੁਖਵਿੰਦਰ ਤੇ ਮੇਰੀ ਸੱਸ ਹੁਣ ਮੇਰੇ ਤੇ ਬਹੁਤ ਖੁਸ਼ ਹਨ। ਮੈਨੂੰ ਉਮੀਦ ਹੈ ਕਿ ਉਹ ਮੈਨੂੰ ਖੁਸ਼ੀ ਨਾਲ ਹੀ ਲੱਖੀਵਾਲ ਜਾਣ ਦੀ ਇਜ਼ਾਜਤ ਦੇ ਦੇਣਗੇ। ਸੁਖਵਿੰਦਰ ਨਾਲ ਚਲਾ ਜਾਵੇ ਤਾਂ ਹੋਰ ਵੀ ਠੀਕ ਹੈ ਨਹੀਂ ਤਾਂ ਇਕੱਲੀ ਹੀ ਚਲੀ ਜਾਵਾਂਗੀ।

"ਬਬਲੀ! ਕੱਲ੍ਹ ਨੂੰ ਤਿਆਰ ਰਹੀਂ ......... ਆਪਾਂ ਲੱਖੀਵਾਲ ਚਲਾਂਗੇ।" ਸੁਖਵਿੰਦਰ ਨੇ ਬੜੇ ਮੋਹ ਜਿਹੇ ਨਾਲ ਕਿਹਾ ਹੈ ਜਿਵੇਂ ਉਸ ਮੇਰੇ ਦਿਲ ਦੀ ਗੱਲ ਬੁੱਝ ਲਈ ਹੋਵੇ।

ਅਚਾਨਕ ਤੁਹਾਨੂੰ ਕਿਵੇਂ ਲੱਖੀਵਾਲ ਯਾਦ ਆ ਗਿਆ।" ਮੇਰੇ ਬੋਲਾਂ ਵਿਚ ਥੋੜ੍ਹਾ ਜਿਹਾ ਪਿਛਲਾ ਗਿਲ਼ਾ ਵੀ ਸ਼ਾਮਿਲ ਹੈ।

"ਮੈਂ ਫੈਸਲਾ ਕੀਤਾ ਹੈ ਕਿ ਆਪਾਂ ਪੱਪੀ ਨੂੰ ਵੀ ਪੱਕੇ ਤੌਰ 'ਤੇ ਏਥੇ ਹੀ ਲੈ ਆਈਏ - ਤਿੰਨੇ ਭੈਣ ਭਰਾਵਾਂ ਦਾ ਜੀਅ ਲੱਗਾ ਰਹੇਗਾ ......... ਤੈਨੂੰ ਕੋਈ ਇਤਰਾਜ਼ ਤਾਂ ਨਹੀਂ।" ਸੁਖਵਿੰਦਰ ਦੇ ਬੁੱਲ੍ਹਾਂ ਤੇ ਗੁੱਝੀ ਪਰ ਮਨਮੋਹਕ ਮੁਸਕਰਾਹਟ ਹੈ।

"ਕੀ ਕਹਿ ਰਹੇ ਤੁਸੀਂ.........?" ਮੈਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ ਕਿ ਇਹ ਸੁਖਵਿੰਦਰ ਹੀ ਬੋਲ ਰਿਹਾ ਹੈ।

"ਹਾਂ ਬੱਬਲੀ! ਜੇ ਗੋਲਡੀ ਤੈਥੋਂ ਸਕੀ ਮਾਂ ਦਾ ਪਿਆਰ ਪ੍ਰਾਪਤ ਕਰ ਸਕਦਾ ਹੈ ਤਾਂ ਪੱਪੀ ਨਾਲ ਮੇਰਾ ਵੀ ਕੋਈ ਰਿਸ਼ਤਾ ਜੁੜਦਾ ਹੈ।" ਸੁਖਵਿੰਦਰ ਨੇ ਬੜੇ ਮੋਹ ਭਰੇ ਸ਼ਬਦਾਂ ਵਿਚ ਕਿਹਾ ਹੈ।

ਮੈਂ ਹੈਰਾਨ ਪ੍ਰੇਸ਼ਾਨ ਹੋਈ ਤੇ ਆਪਣੀ ਸੱਸ ਵੱਲ ਵੇਖਿਆ ਹੈ। ਉਹ ਵੀ ਬਹੁਤ ਖੁਸ਼ ਵਿਖਾਈ ਦੇ ਰਹੀ ਹੈ।

ਮੈਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਆਪਣੀ ਸੱਸ ਦੇ ਗਲ਼ ਨਾਲ ਚਿੰਬੜ ਕੇ ਹੁਬਕੀ-ਹੁਬਕੀ ਰੋਣ ਲੱਗ ਪਈ ਹਾਂ। ਮੇਰੀ ਪਿੱਠ ਥਾਪੜ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਸੱਸ ਪਹਿਲੀ ਵਾਰ ਮੈਨੂੰ ਆਪਣੀ ਬੇਬੇ ਜਾਪ ਰਹੀ ਹੈ। •

**ਪਿੰਡ ਤੇ ਡਾਕ. ਬੋਹਾ, ਜ਼ਿਲਾ ਮਾਨਸਾ ਫੋਨ : 94177-74933**

# ਸਮਾਜਿਕ ਤਬਦੀਲੀਆਂ ਤੇ ਸਵਾਣੀਆਂ

ਅਫ਼ਜ਼ਲ ਤੌਸੀਫ਼

ਇਨਸਾਨੀ ਸਮਾਜ ਅੰਦਰ ਦੋ ਹੀ ਕਿਰਦਾਰ ਨੇ, ਅੱਗੋਂ ਰਿਸ਼ਤੇ ਭਾਵੇਂ ਹਜ਼ਾਰ ਹੋਵਣ। ਪਰ ਮੁੱਢਲੀ ਗੱਲ ਮਰਦ ਤੇ ਔਰਤ ਜਾਂ ਔਰਤ ਮਰਦ, ਇਹਨਾਂ ਦੋਵਾਂ ਨੇ ਦੁਨੀਆਂ ਵਸਾਈ ਵੀ ਤੇ ਪਛਾਣੀ ਵੀ, ਜੋ ਬਣਾਇਆ ਇਹਨਾਂ ਦੋਹਾਂ ਨੇ ਬਣਾਇਆ, ਜੋ ਵਿਗਾੜਿਆ, ਦੋਹਾਂ ਨੇ ਵਿਗਾੜਿਆ। ਕਦੇ ਰਲ ਕੇ, ਕਦੇ ਇਕ ਦੂਜੇ ਨਾਲ ਲੜਕੇ। ਪਰ ਇੱਕ ਦੂਜੇ ਨਾਲੋਂ ਵੱਖ ਹੋ ਕੇ ਜਿਊਣਾ ਇਹਨਾਂ ਲਈ ਕਦੇ ਸੰਭਵ ਨਾ ਹੋ ਸਕਿਆ। ਫਿਰ ਵੀ ਹਰ ਜ਼ਮਾਨੇ ਨੇ ਆਪਣੀ-ਆਪਣੀ ਪਛਾਣ ਵੱਖਰੀ ਰੱਖਣ ਲਈ ਦੋਵੇਂ ਜੀ ਟਿੱਲ ਲਾਉਂਦੇ ਰਹੇ। ਕੱਪੜੇ ਵੱਖਰੇ, ਸ਼ਿੰਗਾਰ ਵੱਖਰੀ ਤਰ੍ਹਾਂ ਦਾ, ਕੰਮ ਵੀ ਅਲੱਗ ਤੇ ਆਪਣੇ-ਆਪਣੇ। ਪਰ ਇਹ ਨਿਰੀ ਇਨਸਾਨੀ ਸਮਾਜ ਦੀ ਗੱਲ ਏ। ਦੂਜੇ ਜਾਨਵਰਾਂ ਦੇ ਸਮਾਜ ਵਿਚ ਮੇਲ (Male) (ਨਰ) ਤੇ ਫੀਮੇਲ (Female) (ਮਾਦਾ) ਦੇ ਕਿਰਦਾਰਾਂ ਵਿਚ ਭੇਦਭਾਵ ਕੁਝ ਨਹੀਂ। ਬੱਸ ਆਪਣਾ-ਆਪਣਾ ਕੰਮ, ਆਪਣਾ-ਆਪਣਾ ਕਿਰਦਾਰ, ਇਕ ਮਿਲਵਰਤਨ, ਇਕ ਸਾਂਝ, ਤੇਰਾ ਮੇਰਾ ਕੋਈ ਨਾ। ਬੱਸ ਇੱਕ Harmony ਇਕਸੁਰਤਾ ਨਸਲ ਵਧਾਉਣਾ, ਆਹਲਣਾ ਪਾਉਣਾ, ਆਪਣਾ ਤੇ ਬੱਚਿਆਂ ਦਾ ਪੇਟ ਭਰਨਾ।

ਬੱਚਿਆਂ ਉੱਤੇ ਆ ਕੇ ਗੱਲ ਬਦਲ ਜਾਂਦੀ ਏ। ਬੱਚੇ ਤਾਂ ਮਦੀਨ ਹੀ ਪੈਦਾ ਕਰਦੀ ਏ, ਪਾਲਦੀ ਵੀ ਏ। ਨੇਚਰ ਨੇ ਉਹਦੀਆਂ ਛਾਤੀਆਂ ਵਿਚ ਦੁੱਧ ਭਰ ਦਿੱਤਾ ਤੇ ਦਿਲ ਵਿਚ ਮਮਤਾ। ਕਈ ਜਨੌਰ ਤੇ ਇਨਸਾਨ ਵੀ ਬੱਚਿਆਂ ਦੀ ਪਾਲਣਾ ਪੋਸ਼ਣਾ ਰਲਕੇ ਕਰਦੇ ਨੇ- ਉੱਡਣਾ, ਚੁਗਣਾ ਵੀ ਸਿਖਾਉਂਦੇ ਨੇ। ਪਰ ਕਈ ਵਾਰੀ ਕੰਮ ਵਿਚ ਮਾਂ ਵੀ ਰਹਿ ਜਾਂਦੀ ਏ। ਇਨਸਾਨਾਂ ਵਿਚ ਬਾਪ ਨੂੰ ਰੋਟੀ ਕਮਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਏ। ਮਾਂ ਨੂੰ ਬੱਚੇ ਪਾਲਣ ਸੰਭਾਲਣ ਦੀ । ਪਰ ਸਦਾ ਤੋਂ ਇਸ ਤਰ੍ਹਾਂ ਨਹੀਂ ਸੀ। ਅੱਗੋਂ ਰਹਿਣਾ ਵੀ ਨਹੀਂ ਸਮਾਜ ਦੀ ਬਣਤਰ ਨੇ। ਇਤਿਹਾਸ ਵਿਚ ਕਈ ਅਜਿਹੀਆਂ ਗੱਲਾਂ ਮਿਲਦੀਆਂ ਨੇ, ਜੋ ਬੰਦੇ ਨੂੰ ਸੋਚਾਂ ਵਿਚ ਪਾ ਦਿੰਦੀਆਂ ਨੇ। ਸਮਾਜ ਵਿਚ ਮਾਰਕਸਵਾਦੀ ਸਮਝ ਕਹਿੰਦੀ ਏ, ਆਦਮ ਔਰਤ ਦੀ ਹੈਸੀਅਤ ਬਦਲਦੀ ਰਹੀ ਏ। ਇਕ ਜ਼ਮਾਨਾ ਸੀ ਜਦੋਂ ਮਾਲਕੀ, ਮਲਕੀਅਤ ਦੇ ਹੱਕ ਅਖ਼ਤਿਆਰ ਔਰਤਾਂ ਕੋਲ ਹੁੰਦੇ ਸੀ।

ਕਾਰਨ ਸੀ ਉਹਨਾਂ ਦੀ ਸਿਰਜਣਾਤਮਿਕ ਸ਼ਕਤੀ। ਬੱਚੇ ਔਰਤ ਜੰਮਦੀ ਤੇ ਉਸੇ ਦੀ ਮਾਲਕੀ ਵੀ ਹੁੰਦੀ ਸੀ। ਉਸੇ ਦੀ ਤਾਂਬਿਆਦਾਰੀ ਕਰਦੇ। ਫੇਰ ਅੱਗੋਂ ਖੇਤੀਬਾੜੀ ਵੀ ਔਰਤਾਂ ਦੀ ਕਾਢ ਏ, ਏਥੇ ਆ ਕੇ ਮਰਦ ਕਾਮੇ ਤਾਂ ਬਣ ਗਏ। ਮਾਲਕੀਅਤ ਔਰਤਾਂ ਦੀ ਤੇ ਘਰ ਵੀ। ਉਸ ਵੇਲੇ ਔਰਤ ਮਰਦ ਦਾ ਰਿਸ਼ਤਾ ਉਹੋ ਬਣਿਆ ਜੋ ਕਾਮੇ ਤੇ ਮਾਲਕ ਵਿਚਕਾਰ ਹੁੰਦਾ ਏ। ਬੱਚੇ ਜੰਮਣ ਵਾਲੀ ਗਾਂ, ਮੱਝ ਹੋਵੇ ਜਾਂ ਜ਼ਨਾਨੀ, ਆਂਡੇ ਦੇਣ ਵਾਲੀ ਕੁਕੜੀ ਹੋਵੇ ਜਾਂ ਵਛੇਰੇ ਜੰਮਣ ਵਾਲੀ ਘੋੜੀ, ਤਾਕਤ ਦੇ ਸਿਰਜਣਾ ਦਾ ਸਰ-ਚਸ਼ਮਾ ਔਰਤ ਹੈਗੀ। ਪਰ ਮਾਲਕੀ ਦਾ ਨਸ਼ਾ ਹਰ ਕਿਸੇ ਨੂੰ ਗੁਲਾਮਾਂ ਉੱਤੇ ਕੰਟਰੋਲ ਨਾਲ ਚੜ੍ਹਦਾ। ਉਹ ਵੇਲਾ ਜਦੋਂ ਔਰਤ ਮਾਲਕ



ਅਤੇ ਮਰਦ ਗੁਲਾਮ ਹੁੰਦੇ ਸੀ। ਇਹ ਤਾਂ ਹੋ ਨਹੀਂ ਸਕਦਾ, ਜੇ ਕੋਈ ਮਾਲਕ ਹੋਵੇ, ਪਰ ਜ਼ੁਲਮ ਨਾ ਹੋਵੇ। ਖਾਸ ਕਰਕੇ ਉਹ ਜੋ ਅਨਾਜ ਪੈਦਾ ਕਰਨ ਵਾਲੀ ਧਰਤੀ ਦਾ ਮਾਲਕ ਵੀ ਹੋਵੇ। ਕਹਿੰਦੇ ਨੇ ਉਸ ਜ਼ਮਾਨੇ ਜਦੋਂ ਔਰਤਾਂ ਮਾਲਕ ਸਨ, ਉਹਨਾਂ ਬੜੇ ਜ਼ੁਲਮ ਕੀਤੇ। ਬੜੀਆਂ ਬੇਇਨਸਾਫੀਆਂ। ਅੱਜ ਅਜਬ ਲੱਗਦਾ ਏ ਨਾ....... ਔਰਤਾਂ ਦਾ ਜ਼ੁਲਮ ਨਹੀਂ, ਮਰਦਾਂ ਦਾ ਮਜਲੂਮ ਹੋਣਾ ਅਜਬ ਲੱਗਦਾ ਏ।

ਫੇਰ ਉਹੋ ਹੋਇਆ, ਜੋ ਜ਼ੁਲਮ ਵੱਧ ਜਾਣ ਉੱਤੇ ਹੁੰਦਾ ਏ। ਗੁਲਾਮਾਂ ਦੀ ਪਹਿਲੀ ਬਗ਼ਾਵਤ। ਉਸ ਜ਼ਮਾਨੇ ਮਾਲਕਾਂ ਕੋਲ ਹਥਿਆਰ ਨਹੀਂ ਸੀ ਹੁੰਦੇ। ਬੱਸ ਹੱਥ ਤੇ ਹੱਥਕੰਡੇ। ਜਦੋਂ ਨਿਰੀ ਹੱਥ ਦੀ ਗੱਲ ਹੋਵੇ ਤਾਂ ਮਿਹਨਤਕਸ਼ ਹੱਥ ਭਾਰਾ ਨਿਕਲਦਾ ਏ। ਛੇਕੜ ਏਸ ਮੁਕਾਬਲੇ ਵਿਚ ਔਰਤਾਂ ਹਾਰ ਗਈਆਂ। ਮਾਲਕ ਹਾਰ ਜਾਵੇ ਤਾਂ ਜਿੱਤਣ ਵਾਲਾ ਮਾਲਕ। ਘਰ, ਬੱਚੇ, ਜ਼ਮੀਨ, ਜਾਨਵਰ ਤੇ ਆਪ ਔਰਤ ਵੀ ਮਰਦਾਂ ਦੀ ਮਲਕੀਅਤ ਹੋ ਗਈ। ਬਹੁਤ ਜ਼ਮਾਨੇ ਲੰਘ ਗਏ। ਧਰਤੀ ਉੱਤੇ ਇਨਕਲਾਬ ਆਏ, ਇਲਮ ਵਧਿਆ, ਸੁਧਾਰ ਹੋਏ, ਪਰ ਗੁਲਾਮੀ ਦਾ ਪੂਰਾ ਖ਼ਾਤਮਾ ਨਾ ਹੋਇਆ। ਔਰਤ ਮਰਦ ਆਪਣੀ-ਆਪਣੀ ਅਸਲ ਹੈਸੀਅਤ, ਅੱਜ ਵੀ ਪ੍ਰਾਪਤ ਨਹੀਂ ਕਰ ਸਕੇ। ਉਹ ਕਿਰਦਾਰ ਜੋ ਮਖਲੂਕ ਦੇ ਜੋੜੇ ਕਰਦੇ ਨੇ, ਇਨਸਾਨ ਕਰ ਨਾ ਸਕਿਆ ਅਸਲੀ ਮਖਲੂਕ (ਅਸ਼ਰਫ ਉਲ ਮਖਲੂਕਾਤ)! ਸ੍ਰਿਸ਼ਟੀ ਦੀ ਸਭ ਤੋਂ ਵੱਡੀ ਸਿਰਜਣਾ ਇਨਸਾਨੀ ਇਹ ਵੀ ਇਕ ਮਜ਼ਾਕ ਹੀ ਹੈ। ਇਸ ਵਧੀਆ ਜੀਵ ਨੇ ਦੂਜੇ ਜੀਵ ਨਾਲ ਜੋ ਕੀਤਾ, ਆਪਣੇ ਹਮ ਜਿਣਸਾਂ ਨਾਲ ਤਾਂ ਹੱਦਾਂ ਤੋੜ ਛੱਡੀਆਂ। ਗੁਲਾਮ ਮਫਤੂਹ, ਮਲਕੀਅਤ, ਖਰੀਦੀ ਵੇਚੀ ਜਾਣ ਵਾਲੀ ਵਸਤੂ ....... ਔਰਤਾਂ ਦਾ ਸਾਮਾਨ, ਜਾਇਦਾਦ ਵਾਂਗ ਮਰਦ ਸਭਿਆਚਾਰ ਦੀ ਮਲਕੀਅਤ। ਜਾਤੀ ਹੋਰ, ਖਾਨਦਾਨੀ ਮਲਕੀਅਤਾਂ ਲੌਂਡੀ ਹੋਵੇ ਜਾਂ ਵਹੁਟੀ, ਮੁੱਲ ਖਰੀਦੀ ਗਈ। ਬਾਕਯਾਤ ਅੱਜ ਵੀ ਹੈਗੀਆਂ। ਵੱਟਾ-ਸੱਟਾ ਸ੍ਰੇਣਕ ਗੁਲਾਮੀ ਦੇ ਨਾਲ ਜਿਣਸੀ ਗੁਲਾਮੀ, ਗੁਲਾਮੀ ਦੇ ਹਜ਼ਾਰ ਦਰਜੇ। ਇਨਸਾਨ ਦੀ ਤਾਰੀਖ਼ ਵਿਚ ਜੇਤੂ ਤੇ ਹਾਰਨ ਵਾਲੇ ਦੇ ਸਿਲਸਿਲੇ ਬੜੇ ਮਿਲੇ। ਜੇਤੂ ਵੀ ਇਨਸਾਨ, ਹਾਰਿਆ ਹੋਇਆ ਵੀ ਇਨਸਾਨ। ਹਕੂਮਤ ਦੇ ਜ਼ੁਲਮ ਪੱਕੇ ਹੋਏ, ਫੌਜਾਂ ਲਸ਼ਕਰ, ਜੇਤੂ, ਹਾਕਮ ਕਬਜ਼ੇ ਮਾਲਕੀਆਂ ਮਾਲੇ-ਗਨੀਸ਼ਤ ਵਿਚ ਔਰਤਾਂ ਵੀ ਆ ਗਈਆਂ। ਮਰਦ ਔਰਤ ਦਾ ਲੁਟੇਰਾ ਵੀ ਲਾਰਡ ਪਰੋਟੈਕਟਰ (ਰਖਵਾਲਾ) ਵੀ। ਅੱਗੋਂ ਔਰਤ ਦੇ ਨਾਲ ਇੱਜ਼ਤ, ਗੈਰਤ (ਅਣਖ) ਦੇ ਮਾਮਲੇ ਵੀ ਜੁੜ ਗਏ। ਸ਼ਰੀਕ ਦੀ ਬੇਇੱਜ਼ਤੀ ਕਰਨ ਦਾ ਆਸਾਨ ਰਿਸ਼ਤਾ ਔਰਤ ਵੱਲੋਂ ਨਿਕਲਿਆ। ਪਰ ਇੱਕ ਸੱਭਿਅਕ ਸਮਾਜ ਦੀ ਔਰਤ ਨੂੰ ਰਿਸ਼ਤਿਆਂ ਰਾਹੀਂ ਸਮਾਜਿਕ ਹੈਸੀਅਤ ਵੀ ਮਿਲੀ। ਹੁਣ ਉਹ ਮਲਕਾ-ਆਲੀਆ। ਕੁਈਨ, ਮਦਰ, ਸਰਦਾਰਨੀ, ਚੌਧਰਾਣੀ, ਬੇਗਮ ਸਾਹਿਬਾ ਹੋ ਗਈ। ਉਹਦੇ ਅੱਗੇ ਲੌਂਡੀਆਂ, ਨੌਕਰਾਨੀਆਂ ਦੇ ਲਸ਼ਕਰ। ਗਰੀਬ ਤਬਕੇ ਦੇ ਮਰਦ ਕਮਾਂਡਰ ਹੋਏ ਤੇ ਫਿਊਡਲ ਢਹਿ ਗਿਆ। ਸਰਮਾਏਦਾਰੀ ਆਈ ਤਾਂ ਸਮਾਜ ਪੂਰੀ ਤਰ੍ਹਾਂ ਸ਼੍ਰੇਣਕ ਹੋ ਗਿਆ। ਮਾਲਕ, ਮਜ਼ਦੂਰ, ਸਾਫ਼-ਸਾਫ਼ ਪਰ ਔਰਤ ਮਰਦ ਵਾਲਾ ਫ਼ਰਕ ਆਪਣੀ ਥਾਂ।

ਮਜ਼ਹਬ ਆਏ। ਹਰ ਮਜ਼ਹਬ ਦੀ ਪੈਰੋਕਾਰ ਔਰਤ ਵੀ ਹੋਈ, ਪਰ ਔਰਤ ਨੂੰ ਪੂਰੀ ਇਨਸਾਨ ਹੋਵਣ ਦੀ ਹੈਸੀਅਤ ਕਦੇ ਨਾ ਮਿਲ ਸਕੀ। ਹਾਕਮੀ ਵਿਚ ਵੀ ਬਾਦਸ਼ਾਹ, ਸਰਦਾਰ, ਵਲੀ ਅਹਿਦ, ਸਿਪਾ-ਸਾਲਾਰ, ਮਰਦ ਜ਼ਾਤ ਵੀ ਹੁੰਦੇ ਰਹੇ। ਕਿਤੇ ਕੋਈ ਨੀਫਰਡੀਟੀ, ਕੋਈ ਕਲੂਪਤਰਾ ਉੱਭਰ ਕੇ ਆਈ ਤਾਂ ਆਈ। ਪਰ ਇਹਨਾਂ ਸਾਰੀਆਂ ਸਦੀਆਂ ਵਿਚ ਸਮਾਜ ਦੀ ਉਸਾਰੀ ਤੇ ਤਹਿਜ਼ੀਬ ਬਣਾਵਣ ਵਿਚ ਔਰਤਾਂ ਨੇ ਜੋ ਹਿੱਸਾ ਪਾਇਆ। ਉਹਨੂੰ ਪੂਰੀ ਮਾਨਤਾ ਕਦੇ ਨਾ ਮਿਲੀ। ਬਹੁਤ ਜ਼ਿਆਦਾ ਤਰੱਕੀ ਕਰਨ ਵਾਲੇ ਮੁਲਕਾਂ ਅੰਦਰ ਵੀ ਔਰਤਾਂ ਦੀ ਤਾਕਤ ਨੂੰ ਦੇਰ ਨਾਲ ਮਾਨਤਾ ਮਿਲੀ। ਫੇਰ ਜਦੋਂ ਵੇਲਾ ਤੇਜ਼ੀ ਨਾਲ ਬਦਲਣ ਲੱਗਾ। ਅਠ੍ਹਾਰਵੀਂ ਸਦੀ, ਵੀਹਵੀਂ ਸਦੀ ਤੋੜਾਂ ਤਿੱਖੀ ਤੋਰੇ ਤੁਰਿਆ। ਇਲਮ ਫ਼ਿਕਰ ਦੇ ਇਨਕਲਾਬ ਆਏ। ਸਾਇੰਸ ਦੀ ਤਰੱਕੀ ਹੋਈ। ਦਸਤਕਾਰੀ ਇਨਕਲਾਬ ਤੇਜ਼ੀ ਨਾਲ ਆਏ ਤੇ ਗੱਜ ਵੱਜ ਕੇ ਆਏ। ਸੋਸ਼ਲਿਸਟ ਕ੍ਰਾਂਤੀ ਨੇ ਕਮਾਲ ਕੀਤਾ, ਸਮਾਜ ਦੇ ਨਾਲ ਫਿਤਰਤ ਨੂੰ ਵੀ ਸਮਝ ਲਿਆ। ਫ਼ਰਕ ਆਦੀ ਔਰਤ ਦਾ ਨਹੀਂ, ਫ਼ਰਕ ਸਰਮਾਏ ਤੇ ਮਿਹਨਤ ਦਾ ਏ। ਫੇਰ ਤਬਕਾਤੀ ਔਰਤ ਇਨਸਾਨ ਦੀ ਮਾਂ ਏ। ਤਾਂ ਵੀ ਇਨਸਾਨ ਹੈ, ਪਰ ਇੱਜ਼ਤ ਮਿਹਨਤ ਤੇ ਹੁਨਰ ਦੀ ਏ। ਔਰਤ ਮਰਦ ਹੋਵੇ ਤਬਕਾਤੀ ਕਿਰਦਾਰ ਨੇ। ਮਾਲਕ, ਮਲਕੀਅਤ, ਮਿਹਨਤ, ਮਿਹਨਤਕਸ਼। ਸੋਸ਼ਲਿਸਟ ਵਿਚਾਰਧਾਰਾ, ਅਮਲ ਵਿਚ ਆਈ। ਔਰਤ ਦੀ ਹੈਸੀਅਤ ਵੀ ਤਬਦੀਲ ਹੋਈ ਤੇ ਹਸਤੀ ਵੀ। ਹੁਣ ਉਹ ਸਿਰਫ਼ ਨਾਜ਼ੁਕ ਨਹੀਂ, ਅੱਧੀ ਅਧੂਰੀ ਵੀ ਨਹੀਂ। ਕਿਸੇ ਦੀ ਮਲਕੀਅਤ ਵੀ ਨਹੀਂ। ਨਿਰੀ ਸੈਕਸ ਦੀ ਚਿੰਨ੍ਹ ਵੀ ਨਹੀਂ। ਉਹ ਤਾਂ ਇਨਸਾਨ ਹੈ, ਹੁਨਰਮੰਦ ਹੈ, ਮਿਹਨਤੀ ਹੈ। ਉਹਦੇ ਹੱਥ ਵਿਚ ਕਲਮ ਵੀ ਹੈ ਦਾਤਰੀ, ਹਥੌੜਾ ਵੀ, ਮਸ਼ੀਨ ਵੀ, ਹੱਥੀ ਵੀਂ। ਆਟੇ ਦਾ ਪੇੜਾ ਵੀ, ਦੁਸ਼ਮਣ ਦਾ ਸਾਹਮਣਾ ਹੋਇਆ ਔਰਤ ਨੇ ਬੰਦੂਕ ਵੀ ਚੁੱਕ ਲਈ, ਫੇਰ ਕੀ ਹੋਇਆ? ਇੱਕ ਵਾਰੀ ਔਰਤ ਦੀ ਹੈਸੀਅਤ ਉੱਚੀ ਹੋ ਗਈ। ਪੈਦਾਵਾਰ ਵੱਧ ਗਈ, ਕਾਰੀਗਰੀ ਵੱਧ ਗਈ, ਔਰਤ ਸਾਇੰਸਦਾਨ ਹੋ ਗਈ, ਪੁਲਾੜ ਵਿਚ ਉਡਾਰੀ ਮਾਰਨ ਲੱਗੀ, ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਅਖਾਣ ਸੱਚ ਹੋ ਗਿਆ।

ਸੋਸ਼ਲਿਸਟ ਸਮਾਜ ਤਬਕਾਤੀ ਸਮਾਜ ਕੋਲੋਂ ਕਿਤੇ ਵੱਧ ਤਾਕਤਵਰ ਹੁੰਦਾ ਏ। ਇਹ ਤਾਕਤ ਮਿਹਨਤਕਸ਼ ਤਬਕੇ ਤੇ ਔਰਤ ਦੀ ਤਾਕਤ ਨਾਲ ਬਣਦੀ ਏ, ਕਿਸੇ ਸਮਾਜ ਦੀ ਤਾਕਤ ਪੂਰੀ ਨਹੀਂ ਹੋ ਸਕਦੀ, ਇਨਸਾਫ ਪੂਰਾ ਨਹੀਂ ਹੋ ਸਕਦਾ, ਤਾਲੀਮ ਪੂਰੀ ਨਹੀਂ ਹੋ ਸਕਦੀ, ਜੇ ਔਰਤ ਬਰਾਬਰ ਨਹੀਂ। ਬਰਾਬਰ ਦੀ ਸ਼ਹਿਰੀ ਤੇ ਬਰਾਬਰ ਦੀ ਹੱਕਦਾਰ ਨਹੀਂ। ਸਰਮਾਏਦਾਰੀ ਸਮਾਜ ਵਿਚ ਔਰਤਾਂ ਦੇ ਮਸਲਿਆਂ ਨੂੰ ਵੱਧ ਕੇ ਵੇਖਿਆ ਜਾਂਦਾ ਏ। ਕੁਝ ਖ਼ਾਸ ਔਰਤਾਂ ਨੂੰ ਹਾਈਲਾਈਟ ਕਰਕੇ ਮਿਹਨਤਕਸ਼ ਤੇ ਥੱਲੜੇ ਤਬਕੇ ਨੂੰ ਉੱਕਾ ਹਨ੍ਹੇਰੇ ਵਿਚ ਰਹਿਣ ਦਿੱਤਾ ਜਾਂਦਾ ਏ, ਜਦ ਕਿ ਇਥੇ ਨੱਬੇ ਫ਼ੀਸਦੀ ਮਸਲੇ ਤਬਕਾਤੀ (ਸ਼੍ਰੇਣਕ) ਹੁੰਦੇ ਨੇ। ਰੋਟੀ, ਕੱਪੜਾ, ਮਕਾਨ, ਰੋਜ਼ਗਾਰ, ਵਿਦਿਆ, ਸਿਹਤ, ਟਰਾਂਸਪੋਰਟ ਦੀ ਸਹੂਲਤ ਤੇ ਇੱਜ਼ਤ ਵੀ, ਵੋਟ ਤੇ ਗਵਾਹੀ ਦਾ ਪੂਰਾ ਹੱਕ, ਬੱਚੇ ਪਾਲਣ ਤੇ ਪਿਆਰ ਕਰਨ ਦਾ ਹੱਕ ਤੇ ਫਰਜ਼ ਵੀ, ਇਥੇ ਔਰਤ ਮਰਦ ਦਾ ਫ਼ਰਕ ਨਹੀਂ। ਪਰ ਦਰਮਿਆਨੇ ਤਬਕੇ ਵਿਚ ਵੀ ਮਸਲੇ ਇਕੋ ਜਿਹੇ ਮੰਗਾਂ ਤੇ ਜਰੂਰਤਾਂ ਇਕੋ ਜਿਹੀਆਂ, ਤਰੱਕੀ ਤੇ ਮਨਪ੍ਰਚਾਵੇ ਦੇ ਮੌਕੇ ਵੀ ਇਕੋ ਜਿਹੇ ਹੋਣੇ



ਚਾਹੀਦੇ ਹਨ।

ਸਰਮਾਏਦਾਰ ਜਾਂ ਜਾਗੀਰਦਾਰ ਤਬਕੇ ਦੇ ਮਸਲੇ ਕੋਈ ਨਹੀਂ। ਔਰਤਾਂ ਦਾ ਮਸਲਾ ਮਰਦ ਤੇ ਮਰਦਾਂ ਦਾ ਮਸਲਾ, ਔਰਤ। ਹਾਂ ਪਰ ਉਹਨਾਂ ਦੇ ਸਿਰਾਂ ਤੇ ਗੁਨਾਹ ਦੇ ਗੱਠੜੇ ਬੜੇ ਭਾਰੇ ਹੁੰਦੇ ਨੇ। ਇਥੇ ਉਹ ਰਿਲੀਫ ਦੇ ਹੱਕਦਾਰ ਨੇ, ਮਿਹਨਤਕਸ਼ ਤਬਕੇ ਦੇ ਮਰਦ ਔਰਤਾਂ ਰਲ ਕੋਈ ਗੁਨਾਹਗਾਰਾਂ ਦੇ ਸਿਰ ਦਾ ਬੋਝ ਹਲਕਾ ਕਰ ਸਕਦੇ ਨੇ, ਸਾਡੇ ਇਥੇ ਅਤਿ ਦੀ ਗਰੀਬੀ ਤੇ ਅਤਿ ਦੀ ਅਮੀਰੀ ਵਿਚਕਾਰ ਬੜੀ ਥੋੜ੍ਹੀ ਵਿੱਥ ਏ। ਪਰ ਕੁਝ ਆਬਾਦੀ ਹੈ ਜ਼ਰੂਰ ਜੋ ਬੜੇ ਚਾਅ ਨਾਲ ਆਪਣੇ ਆਪ ਨੂੰ ਮਿਡਲ ਕਲਾਸ ਕਹਿੰਦੀ ਏ। ਅਸਲ ਵਿਚ ਇਹ ਚਿੱਟੇ ਕਾਲਰ ਤੇ ਪੈਰੀਂ ਜੁਰਾਬਾਂ ਪਾ ਕੇ ਰੱਖਣ ਵਾਲਿਆਂ ਦੀ ਕਲਾਸ ਏ। ਇਸ ਕਲਾਸ ਦੀਆਂ ਔਰਤਾਂ ਆਪਣੇ ਮਸਲੇ ਤੇ ਲੋੜਾਂ ਕਲੇਮ ਕਰਦੀਆਂ ਹੋਈਆਂ ਉਪਰ ਵਾਲਿਆਂ ਦੇ ਕਰਮ (ਮਿਹਰ) ਦਾ ਇੰਤਜ਼ਾਰ ਕਰਦੀਆਂ ਨੇ। ਅਸੈਂਬਲੀਆਂ ਵਿਚ ਕੁਝ ਗੁੱਡੀਆਂ ਵੀ ਬੈਠੀਆਂ। ਕੁਝ ਐਨ. ਜੀ. ਓ. ਵਾਲੀਆਂ ਕਿਸੇ ਮੁਖਤਾਰਾਂ ਮਾਈ ਨੂੰ ਝੰਡੇ ਤੇ ਚੜ੍ਹਾਉਂਦੀਆਂ ਫਿਰਦੀਆਂ। ਅੱਡੀਆਂ ਚੁੱਕ ਕੇ ਉੱਚਾ ਹੋਣ ਦਾ ਟਿੱਲ ਲਾਵਣ ਵਾਲਾ ਇਹ ਤਬਕਾ ਕਿਸੇ ਮਸਲੇ ਨੂੰ ਹੱਲ ਨਹੀਂ ਕਰ ਸਕਦਾ। ਬੱਸ ਕਲੇਮ ਕਰਦਾ ਆਸ ਲਾਉਂਦਾ, ਪਰ ਆਪਣੀ ਅਸਫਲਤਾ ਤੋਂ ਸਬਕ ਉਸ ਵੇਲੇ ਸਿਖਦਾ, ਜਦੋਂ ਲੋਕਾਂ ਵਿਚ ਤਾਕਤ ਤੇ ਜਾਗ੍ਰਤੀ ਆਉਂਦੀ ਏ। ਨਿਕੰਮਾ ਬਾਬੂ ਸ਼ਾਹੀ ਤਬਕਾ, ਇਨਕਲਾਬ ਤੋਂ ਬਾਅਦ ਹੀ ਕਾਰਆਮਦ ਹੁੰਦਾ।

ਅੱਜਕੱਲ ਪਾਕਿਸਤਾਨ ਵਿਚ Defence of Women ਦਾ ਬਿਲ ਪਾਸ ਹੋਣ ਮਗਰੋਂ ਕਾਨੂੰਨੀ ਛੱਤਰੀ ਦਾ ਬੜਾ ਚਰਚਾ ਏ। ਇਸ ਸਿਲਸਿਲੇ ਵਿਚ ਅਸੀਂ ਬਹੁਤ ਕੁਝ ਕਹਿ ਸਕਦੇ ਹਾਂ, ਪਰ ਸਾਡੇ ਸਾਰਿਆਂ ਵਲੋਂ ਆਪਣਿਆਂ ਕਾਰਟੂਨਾਂ ਰਾਹੀਂ ਸਮਝਾ ਗਿਆ ਏ, ਉਹਦਾ ਇੱਕ ਕਾਰਟੂਨ ਤਿੰਨ ਦਸੰਬਰ ਐਤਵਾਰ 'ਡਾਨ' ਅਖ਼ਬਾਰ ਦੇ ਮੈਗਜ਼ੀਨ ਵਿਚ ਛਪਿਆ ਏ। ਬੁਰਕੇ ਦੇ ਪਿੰਜਰੇ ਉੱਤੇ ਲੋਹੇ ਦੀ ਟੋਪੀ ਉੱਤੇ ਮੁੱਲਾ ਤੇ ਫਿਊਡਲ ਅਥਾਰਿਟੀ ਦਾ ਅੰਗੂਠਾ ਕਿਸੇ ਤਰ੍ਹਾਂ ਲੋਹੇ ਦੀਆਂ ਸੀਖਾਂ ਖੁੱਲ੍ਹੀਆਂ ਕਰਕੇ ਕੈਦੀ ਔਰਤ ਬਾਹਰ ਨਿਕਲ ਤਾਂ ਗਈ, ਪਰ ਅੱਗੋਂ ਕੀ ਕਰੇਗੀ। ਕਿੱਥੇ ਜਾਵੇਗੀ? ਉਹਦਾ ਸਿਰ ਤਾਂ ਬੁਰਕੇ ਦੀ ਟੋਪੀ ਵਿਚ ਈ ਰਹਿ ਗਿਆ ਏ। ਮਤਲਬ ਬਾਹਰ ਸਮਾਜ ਵਿਚ ਤਾਂ ਉਹ ਕਲਚਰ ਹੀ ਨਹੀਂ ਜੋ ਔਰਤ ਨੂੰ ਬਰਦਾਸ਼ਤ ਕਰਨ ਲਈ ਜਾਂ ਅਪਣਾ ਲਵੇ। ਆਪਣੀ ਦੁਨੀਆਂ ਆਪ ਬਣਾਵੇ, ਆਪਣਾ ਰਸਤਾ ਆਪ ਲੱਭ ਲਵੇ। ਪਾਕਿਸਤਾਨੀ ਔਰਤ ਐਨੇ ਜੋਗੀ ਕਿੱਥੇ? ਉਹ ਤਾਂ ਜਹਾਲਤ ਦੀਆਂ ਸਦੀਆਂ ਗੁਜ਼ਾਰ ਕੇ ਆਈ ਏ। ਗੁਲਾਮੀ ਦੇ ਅਹਾਤੇ ਵਿਚ ਰਹਿੰਦੀ ਰਹੀ ਏ। ਹਾਲੇ ਤਾਂ ਆਦਮੀ ਦੀ ਮੁਥਾਜ ਵੀ ਹੈ, ਪਾਕਿਸਤਾਨ ਵਿਚ ਅਜੇ ਔਰਤ ਦੀ ਆਜ਼ਾਦੀ ਜਾਂ ਕਾਰ ਮੁਖਤਾਰੀ ਵਾਸਤੇ ਜੱਦੋ-ਜਹਿਦ ਨਹੀਂ ਜਾਗੀ। ਬਹੁਤ ਦੇਰ ਹੋ ਚੁੱਕੀ ਹੈ। ਏਥੇ ਕੋਈ ਸਿਆਸੀ ਅਮਲ ਵੀ ਧਰਤੀ ਨਾਲ ਨਹੀਂ ਜੁੜਦਾ। ਲੋਕ-ਰਾਜ ਈ ਨਹੀਂ। ਗੁਲਾਮੀ ਤੋਂ ਅੱਗੇ ਅਵਾਮੀ ਜ਼ਿਹਨ ਦੀਆਂ ਕਈ ਪਰਤਾਂ ਹੁੰਦੀਆਂ ਨੇ, ਜਿਸਮ ਤੋਂ ਅੱਗੇ ਜ਼ਿਹਨ ਹੁੰਦਾ। ਆਜ਼ਾਦੀ ਵਾਸਤੇ ਵਕੀਲ ਨਹੀਂ ਹੁੰਦੇ। ਆਜ਼ਾਦੀ ਦਲੀਲ ਨਾਲ ਮਿਲਦੀ। ਆਜ਼ਾਦੀ ਵਾਸਤੇ ਜੰਗ ਜ਼ਰੂਰੀ ਏ ਤੇ ਜੰਗੇ-ਆਜ਼ਾਦੀ ਵਾਸਤੇ ਹੱਕ-ਸ਼ਨਾਸੀ (ਪਛਾਣ)। ਤਖ਼ਤ ਨਾ ਮਿਲਦੇ ਮੰਗੇ। ਹੱਕ ਜੋ ਖੋਹ ਲਏ ਗਏ ਨੇ

ਅਪੀਲ ਜਾਂ ਵਕੀਲ ਨਾਲ ਨਹੀਂ ਮਿਲਦੇ। ਦਲੀਲ ਇੱਥੇ ਕੰਮ ਨਹੀਂ ਆਉਂਦੀ।

ਹਾਕਮ ਤੇ ਕਾਬਜ਼ ਤਬਕਿਆਂ ਦੀ ਆਪਸੀ ਜੰਗ ਛਿੜੀ ਹੋਈ ਏ, ਇੱਕ ਹਲਕਾ ਮੁੱਲਾਂ ਨੂੰ ਨਾਲ ਜੋੜਨਾ ਚਾਹੁੰਦਾ, ਦੂਜਾ ਐਨ. ਜੀ. ਓ. ਨੂੰ। ਇਹ ਲੋਕਲ ਜੋੜ-ਤੋੜ ਦੀ ਯੁੱਧ-ਨੀਤੀ ਹੈ। ਪਰ ਅਮਰੀਕੀ ਸਾਮਰਾਜ ਦੀ ਯੁੱਧ-ਨੀਤੀ ਤਾਂ ਮੁੱਲਾਂ ਫਿਊਡਲ ਫੌਜ ਨੂੰ ਨਾਲ ਰਲਾ ਕੇ ਆਵਾਮ ਨੂੰ ਗੁਲਾਮ ਰੱਖਣ ਦੀ ਏ। ਪਾਰਲੀਮੈਂਟ ਇਕ ਸ਼ੋ-ਪੀਸ, ਇਕ ਅਖਾੜਾ, ਜਿੱਥੇ ਸਹੂਲਤਾਂ ਪ੍ਰਾਪਤ ਤਬਕਾ ਸਿਆਸਤ ਦੀ ਖੇਡ ਖੇਡਦਾ ਏ। ਚੋਣਾਂ ਵਿਚ ਆਮ ਲੋਕ ਖੇਡ ਦੇ ਮਰਾਸੀ ਬਣਾ ਲਏ ਜਾਂਦੇ ਹਨ। ਔਰਤਾਂ ਦੇ ਵੋਟ ਦਾ ਫੈਸਲਾ ਮਰਦ ਲੋਕ ਕਰਦੇ ਨੇ। ਉਪਰ ਵਾਲੇ ਜਾਂ ਘਰ ਵਾਲੇ। ਨਹੀਂ ਤਾਂ ਮੁੱਲ ਪੈ ਜਾਂਦਾ। ਜ਼ਿਮੀਂਦਾਰ ਤੇ ਮਿੱਲਾਂ ਵਾਲੇ ਦੇ ਵਿਚਕਾਰ ਮੁਕਾਬਲਾ ਏ। ਵੋਟ ਦੀ ਕੀਮਤ ਆਟੇ ਦਾ ਤੋੜਾ ਜਾਂ ਚੀਨੀ ਦਾ ਥੈਲਾ, ਸ਼ਹਿਰੀ ਵੋਟ ਪਿੰਡ ਦਾ ਵੋਟ ਤਾਂ ਵਗਾਰ ਵਿਚ ਹੀ ਫੜਿਆ ਜਾਂਦਾ। ਅਜਿਹੇ ਮਾਹੌਲ ਵਿਚ ਸਾਮਰਾਜ ਦੇ ਵਫਾਦਾਰਾਂ, ਇਸਲਾਮ ਦੇ ਠੇਕੇਦਾਰਾਂ ਨੂੰ ਰਤਾ ਪਿੱਛੇ ਕਰਨਾ ਪੈ ਜਾਂਦਾ। ਅਮਰੀਕੀ ਸਾਮਰਾਜ ਨੂੰ ਦੋਹਾਂ ਦੀ ਲੋੜ ਰਹਿੰਦੀ ਏ। ਪਰ ਕਿਸੇ ਵੇਲੇ ਵਰਤ ਲੈਣ ਪਿੱਛੋਂ ਕਿਸੇ ਇੱਕ ਨੂੰ ਦੂਜੇ ਨਾਲ ਲੜਾਣਾ ਵੀ ਪੈ ਜਾਂਦਾ। ਐਸ ਵੇਲੇ ਮੁੱਲਾਂ ਵਰਤਿਆ ਜਾ ਚੁੱਕਾ ਹੈ। ਫੌਜੀ ਦੀ ਮਕਬੂਲੀਅਤ ਵਧਾਉਣ ਦੀ ਲੋੜ ਹੈ। ਅਮਰੀਕਾ ਆਪ ਨਫ਼ਰਤ ਦਾ ਨਿਸ਼ਾਨਾ। ਇਸੇ ਕਰਕੇ ਔਰਤਾਂ ਦੀ ਆਜ਼ਾਦੀ ਦਾ ਤਰਾਨਾ ਰਲ ਕੇ ਗਾ ਰਹੇ ਨੇ। ਫੌਜੀ ਸਦਰ, ਸਿਵਲੀਅਨ ਪਾਰਲੀਮੈਂਟ, ਲਿਬਰਲ ਐਨ. ਜੀ. ਓ. ਮੁੱਲਾਂ ਗਲਤ ਹੈ, ਮੁੱਲਾਂ ਐਂਟੀ ਏ, ਪਰ ਜਦੋਂ ਸੋਵੀਅਤ ਯੂਨੀਅਨ ਬਰਬਾਦ ਕਰਨਾ ਹੋਵੇ ਤਾਂ ਮੁੱਲਾਂ ਬੱਸ ਮੁੱਲਾਂ ਹੀ ਹੁੰਦਾ ਏ।

ਇੱਕ ਵਿਰੋਧ ਉੱਭਰਦਾ, ਇੱਕ ਡੁੱਬਦਾ ਏ। ਲਤੀਫੇ ਵਾਲੀ ਗੱਲ ਏ। ਸਦਰ ਜਨਰਲ ਜ਼ਿਆ-ਉਲ-ਹੱਕ ਦੇ ਜ਼ਮਾਨੇ ਤਾਲਬਾਨ ਦਾ ਚੋਰ ਬਣਿਆ। ਅਫ਼ਗਾਨ ਔਰਤ ਨੂੰ ਬੁਰਕਾ ਲਾਜ਼ਮੀ ਹੋਇਆ। ਪਾਕਿਸਤਾਨ ਦੇ ਦਰਜ਼ੀਆਂ ਬੇ-ਹਿਸਾਬ ਬੁਰਕੇ ਸੀਤੇ। ਅਫਗਾਨਿਸਤਾਨ ਨੂੰ ਭਾਰੀ ਸਪਲਾਈ ਚਾਹੀਦੀ ਸੀ। ਇਸਲਾਮ ਦੇ ਨਾਂ ਤੇ ਸੰਗਸਾਰੀਆਂ (ਪੱਥਰ ਮਾਰਨ ਦੀ ਸਜ਼ਾ) ਖੁੱਲੇ ਮੈਦਾਨਾਂ ਵਿਚ ਹੋਣੀਆਂ।

ਅੱਜਕੱਲ ਜਦੋਂ ਉੱਥੇ ਅਮਰੀਕੀ ਕਬਜ਼ਾ ਤੇ ਸਾਡੇ ਇਥੇ ਲਿਬਰਲ ਜਰਨੈਲ ਮੁਸ਼ਰਫ਼ ਸਦਰ ਦੀ ਕੁਰਸੀ ਤੇ ਬੈਠਾ ਏ, ਪਾਕਿਸਤਾਨ ਦੇ ਦਰਜ਼ੀ ਸਕਰਟਾਂ, ਤੇ ਬਲਾਊਜ਼ ਸੀ ਰਹੇ ਨੇ। ਅਫ਼ਗਾਨਿਸਤਾਨ ਦੀਆਂ ਔਰਤਾਂ ਨੂੰ ਜ਼ਰੂਰਤ ਏ ਤੇ ਬਹੁਤ ਜ਼ਿਆਦਾ। ਬੇੜਾ ਗਰਕ ! ਸਾਰੇ ਅਮਰੀਕਾ ਤੇ ਯੂਰਪ ਵਿਚ ਵੀ ਮੁਸਲਮਾਨ ਜ਼ਨਾਨੀਆਂ ਨੇ ਹਜਾਬ ਪਾ ਲਏ ਨੇ। ਪਾਕਿਸਤਾਨ ਦੇ ਦਰਜ਼ੀ ਕੀ ਕੁਝ ਬਣਾਉਣ। ਸੁਣਿਆ ਹੁਣ ਹਜਾਬ ਦੀ ਸਿਲਾਈ ਦਾ ਠੇਕਾ ਚੀਨ ਨੂੰ ਦਿੱਤਾ ਗਿਆ। ਚੀਨੀ ਦਰਜ਼ੀ ਬੜੇ ਸੋਹਣੇ ਤੇ ਬਹੁਤ ਸਾਰੇ ਹਜਾਬ ਤਿਆਰ ਕਰਕੇ ਕਮਾਈ ਦਾ ਇਕ ਹੋਰ ਰਸਤਾ ਲੱਭ ਲਿਆ ਏ।

ਹੁਣ ਦੱਸੋ, ਮੁਸਲਮਾਨ ਔਰਤ ਦੀ ਆਜ਼ਾਦੀ ਦਾ ਰਸਤਾ ਕਿਧਰੋਂ ਦੀ ਹੋ ਕੇ ਨਿਕਲੇਗਾ? ਸਕਰਟ ਜਾਂ ਹਜਾਬ? ਬਹਿਸ ਦਾ ਰਸਤਾ ਖੁੱਲ੍ਹਾ ਏ। ● (ਪੰਚਮ ਲਾਹੌਰ)





# ਅਣਗੌਲੀ ਬੋਲੀ ਪੰਜਾਬੀ

- ਡਾ. ਮਨਜ਼ੂਰ ਇਹਜਾਜ਼

ਜਨਾਬ ਇੱਜ਼ਤ ਮਾਜੀਦ ਦੀ ਵਾਸ਼ਿੰਗਟਨ ਦੀ ਮਿਡਲ ਈਸਟ ਇਨਸਟੀਚਿਊਟ ਵਿਚਲੀ ਤਕਰੀਰ ਦਾ ਹਵਾਲਾ ਦਿੰਦਿਆਂ, ਮੇਰੇ ਸਹਿਕਰਮੀ ਖਾਲਦ ਹਲਨ ਨੇ ਇਕ ਵਾਦ-ਵਿਵਾਦ ਦਾ ਜ਼ਿਕਰ ਕੀਤਾ, ਜਿਸ ਵਿਚ ਮਾਜੀਦ ਨੇ ਸਵਰਗੀ ਫੈਜ਼ ਅਹਿਮਦ ਫੈਜ਼ ਬਾਰੇ "ਵੀਊ ਪੁਆਇੰਟ" ਵਿਚ ਇਕ ਹਮਲਾ ਕਰੂ ਟਿੱਪਣੀ ਦਾ ਜ਼ਿਕਰ ਕੀਤਾ ਸੀ। ਇਹ ਬੜਾ ਹੀ ਦੁਰਲੱਭ ਮੌਕਾ ਸੀ, ਜਦੋਂ ਫੈਜ਼ ਨੇ ਇਸ ਟਿੱਪਣੀ ਦਾ ਜਵਾਬ ਦੇਣ ਦੀ ਲੋੜ ਅਨੁਭਵ ਕੀਤੀ।

'ਵੀਊ ਪੁਆਇੰਟ' ਨੇ ਸੂਚਨਾ ਦਿੱਤੀ ਕਿ ਫੈਜ਼ ਨੇ ਇੱਕ ਨਿਜੀ ਭਾਂਤ ਦੀ ਮਹਿਫ਼ਿਲ ਵਿਚ, ਪੰਜਾਬੀ ਬੋਲੀ ਬਾਰੇ ਕੋਈ ਨਾਂਹ-ਪੱਖੀ ਟਿੱਪਣੀਆਂ ਕੀਤੀਆਂ ਸਨ। ਫੈਜ਼ ਨੇ ਕਿਹਾ ਸੀ, "ਜੇ ਪੰਜਾਬੀ ਏਨੀ ਹੀ ਸ਼ਕਤੀਸ਼ਾਲੀ ਭਾਸ਼ਾ ਸੀ ਕਿ ਜਿਸ ਨੂੰ ਪ੍ਰਾਂਤ ਦੀ ਭਾਸ਼ਾ ਬਣਾਉਣ ਦਾ ਹੱਕ ਹੈ ਤਾਂ ਮਹਾਰਾਜਾ ਰਣਜੀਤ ਸਿੰਘ ਨੇ, ਜੋ ਪੰਜਾਬ ਦਾ ਹੁਕਮਰਾਨ ਸੀ, ਕਿਉਂ ਇਸਨੂੰ ਆਪਣੇ ਰਾਜ ਪ੍ਰਬੰਧ ਦੀ ਭਾਸ਼ਾ ਨਾ ਬਣਾਇਆ।" ਇੱਜ਼ਤ ਮਾਜੀਦ ਨੇ ਇਸ ਬਾਰੇ ਬੜਾ ਭੜਕਾਊ ਤੇ ਜ਼ੋਰਦਾਰ ਜਵਾਬ ਲਿਖਿਆ ਤੇ ਫੈਜ਼ ਨੇ ਆਪਣੀ ਦਲੀਲ ਨੂੰ ਜਾਰੀ ਰੱਖਣ ਦੀ ਲੋੜ ਅਨੁਭਵ ਕੀਤੀ।

ਮੈਂ ਵੀ 'ਪਾਕਿਸਤਾਨ ਤਰੱਕੀ ਪਸੰਦ' ਪਤ੍ਰਿਕਾ ਵਿਚ ਜੋ, ਇੱਕ ਰਸਾਲਾ ਸੀ, ਜਿਹੜਾ ਕਿ ਅਮਰੀਕਾ ਵਿਚਲੇ ਖੱਬੇ ਪੱਖੀ ਵਿਚਾਰਵਾਨ ਪ੍ਰਕਾਸ਼ਿਤ ਕਰ ਰਹੇ ਸਨ, ਵਿਚ ਲੰਮਾ ਲੇਖ ਲਿਖਿਆ ਸੀ। ਮੈਂ ਦਲੀਲ ਦਿੱਤੀ ਕਿ ਜੋ ਵੀ ਧਿਰਾਂ ਇਸ ਬਹਿਸ ਵਿਚ ਭਾਗ ਲੈ ਰਹੀਆਂ ਹਨ, ਉਹਨਾਂ ਨੂੰ ਪੰਜਾਬੀ ਭਾਸ਼ਾ ਦੀ ਰਾਜਸੀ ਤੇ ਤਵਾਰੀਖ ਦਾ ਬੜਾ ਘੱਟ ਗਿਆਨ ਸੀ।

ਮੈਂ ਇਹ ਗੱਲ ਸਪੱਸ਼ਟ ਕੀਤੀ ਕਿ ਫੈਜ਼ ਦਾ ਜਵਾਬ ਦੋ ਪੱਖਾਂ ਤੋਂ ਅਧੂਰਾ ਸੀ, ਪਹਿਲਾ ਜਿਸ ਬਾਰੇ ਕਈ ਇਤਿਹਾਸਕਾਰਾਂ ਨੇ ਧਿਆਨ ਦਿਵਾਇਆ ਹੈ, ਇਹ ਸੀ ਕਿ ਰਣਜੀਤ ਸਿੰਘ ਨੇ ਆਪਣੀ ਜਨਤਾ ਅਥਵਾ ਰਿਆਇਆ, ਖ਼ਾਸ ਤੌਰ 'ਤੇ ਔਰਤਾਂ ਨੂੰ ਪੰਜਾਬੀ ਰਾਹੀਂ ਸਿੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੂਸਰਾ ਉਸ ਵੇਲੇ ਦੇ ਹਰ ਹੁਕਮਰਾਨ ਨੇ ਬੰਗਾਲ ਤੋਂ ਪੰਜਾਬ ਤੀਕਰ ਉਸ ਅਫ਼ਸਰਸ਼ਾਹੀ ਨੂੰ ਵਰਤਿਆ ਜੋ ਕਿ ਸਰਕਾਰ ਦੇ ਕੰਮਕਾਜ ਨੂੰ ਚਲਾਉਣ ਲਈ ਫਾਰਸੀ ਦੀ ਵਰਤੋਂ ਕਰਦੀ ਸੀ। ਇਹ ਸਿਰਫ਼ ਰਣਜੀਤ ਸਿੰਘ ਹੀ ਨਹੀਂ ਸੀ ਜਿਸਨੇ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਲਾਗੂ ਨਹੀਂ ਕੀਤਾ। ਦਿੱਲੀ ਦੇ ਹੁਕਮਰਾਨਾਂ, ਬਹਾਦਰ ਸ਼ਾਹ ਜ਼ਫ਼ਰ ਤੇ ਉਸਦੇ ਉੱਤਰ-ਅਧਿਕਾਰੀਆਂ ਨੇ ਵੀ ਮੁਗਲ ਰਾਜ ਦੀ ਸਰਕਾਰੀ ਭਾਸ਼ਾ ਵਜੋਂ ਉਰਦੂ ਨੂੰ ਲਾਗੂ ਨਹੀਂ ਕੀਤਾ ਸੀ।

ਇਹ ਅੰਗਰੇਜ਼ ਹੁਕਮਰਾਨ ਸਨ, ਜਿਨ੍ਹਾਂ ਨੇ ਫੋਰਟ ਵਿਲੀਅਮ ਕਾਲਜ ਵਿਚ ਉਰਦੂ ਅਤੇ ਹਿੰਦੀ ਨੂੰ ਵਿਕਸਿਤ ਕੀਤਾ ਤੇ ਇਸ ਨੂੰ ਉੱਤਰੀ ਭਾਰਤ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ। ਕਿਵੇਂ ਨਾ ਕਿਵੇਂ, ਅੰਗਰੇਜ਼ਾਂ ਨੇ ਸਿੰਧੀ ਭਾਸ਼ਾ ਦਾ ਵੀ ਮਿਆਰੀਕਰਨ ਕੀਤਾ ਤੇ ਇਸਨੂੰ ਸਿੰਧ ਸੂਬੇ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ। ਇਸ ਤੱਥ ਦੇ ਬਾਵਜੂਦ ਕਿ ਪੰਜਾਬੀ

ਭਾਸ਼ਾ, ਸਾਹਿਤ ਦੇ ਪੱਖੋਂ, ਉੱਤਰੀ ਭਾਰਤ ਦੀਆਂ ਭਾਸ਼ਾਵਾਂ ਵਿਚੋਂ ਵਧੇਰੇ ਡੂੰਘੀ ਤੇ ਵਿਸ਼ਾਲ ਸੀ, ਪਰ ਅੰਗਰੇਜ਼ਾਂ ਨੇ ਰਾਜਸੀ ਕਾਰਨਾਂ ਕਰਕੇ, ਜਿਹੜੇ ਕਿ ਇਸ ਕਾਲਮ ਦੇ ਘੇਰੇ ਵਿਚ ਨਹੀਂ ਆਉਂਦੇ, ਪੰਜਾਬੀ ਨੂੰ ਅਣਗੌਲਿਆ ਕਰ ਦਿੱਤਾ।

ਪੰਜਾਬੀ ਹਿੰਦੂ ਤੇ ਸਿੱਖਾਂ ਸਮੇਤ, ਫੈਜ਼ ਤੇ ਉਸ ਦੀ ਪੀੜ੍ਹੀ , ਪੰਜਾਬੀ ਦੀ ਥਾਂ ਉਰਦੂ ਵੱਲ ਝੁਕੇ ਹੋਏ ਸਨ। ਹਕੀਕਤ ਇਹ ਸੀ ਕਿ ਦੇਰ ਤੀਕਰ ਪੰਜਾਬੀ ਹਿੰਦੂ ਤੇ ਸਿੱਖ ਲੇਖਕ ਉਰਦੂ ਦੇ ਸਾਹਿਤਕ ਸੰਸਾਰ ਉੱਤੇ ਛਾਏ ਰਹੇ। ਐਪਰ 1930 ਤੋਂ ਬਾਅਦ ਪੰਜਾਬ ਤੇ ਯੂ.ਪੀ. ਵਿਚ ਉਰਦੂ ਮੁਸਲਮਾਨਾਂ ਦੀ ਪਛਾਣ ਦਾ ਹਿੱਸਾ ਬਣ ਗਿਆ। ਸਿੱਟੇ ਵਜੋਂ ਕਮਿਊਨਿਸਟਾਂ ਤੋਂ ਮੁੱਲਾਂ ਮੌਲਾਣਿਆਂ ਤੀਕ ਇਸ ਖਿੱਤੇ ਦੇ ਵਧੇਰੇ ਮੁਸਲਮਾਨ ਬੁੱਧੀਜੀਵੀ, ਉਰਦੂ ਦੀ ਵਰਤੋਂ ਨੂੰ ਪਹਿਲ ਦੇਣ ਲੱਗ ਪਏ ਤੇ ਉਹਨਾਂ ਨੇ ਆਪਣੀਆਂ ਮਾਤ-ਬੋਲੀਆਂ ਦੀ ਵਰਤੋ ਛੱਡ ਦਿੱਤੀ।

ਉਸ ਯੁੱਗ ਦੇ ਸਮੁੱਚੇ ਵਾਤਾਵਰਨ ਅਨੁਸਾਰ, ਫੈਜ਼ ਤੇ ਉਸਦੀ ਪੀੜ੍ਹੀ ਦੇ ਹੋਰ ਮੁਸਲਮਾਨ ਬੁੱਧੀਜੀਵੀਆਂ ਨੂੰ ਪੰਜਾਬੀ ਕਲਾਸੀਕਲ ਲਿਖਤਾਂ ਦਾ ਗਿਆਨ ਬਹੁਤ ਘੱਟ ਸੀ। ਫੈਜ਼ ਦੀ ਆਪਣੀ ਪੀੜ੍ਹੀ ਦੇ ਹੋਰ ਬਹੁਤੇ ਲੋਕਾਂ ਵਾਂਗ, ਪੰਜਾਬੀ ਨਾਲੋਂ ਅੰਗਰੇਜ਼ੀ ਉਰਦੂ, ਫਾਰਸੀ ਅਤੇ ਅਰਬੀ ਵਿਚ ਵਧੇਰੇ ਤਾਕ ਸਨ।

ਸਿੱਟੇ ਵਜੋਂ ਜਦੋਂ 1960 ਦੇ ਲਾਗੇ ਚਾਗੇ ਪੰਜਾਬੀ ਭਾਸ਼ਾ ਦੀ ਬਹਾਲੀ ਦੀ ਲਹਿਰ ਜ਼ੋਰ ਪਕੜਨ ਲੱਗੀ ਤਾਂ ਫੈਜ਼ ਦੀ ਪੀੜ੍ਹੀ ਲਈ ਇਸ ਨਾਲ ਕਦਮ ਮਿਲਾਉਣ ਵਿਚ ਬਹੁਤ ਦੇਰ ਹੋ ਚੁੱਕੀ ਸੀ। ਇਸ ਲਈ ਉਹ ਉਰਦੂ ਨਾਲ ਹੀ ਜੁੜੇ ਰਹੇ ਕਿਉਂਕਿ ਇਹ ਉਹ ਭਾਸ਼ਾ ਸੀ, ਜਿਸ ਰਾਹੀਂ ਸਾਹਿਤਕ ਜਗਤ ਵਿਚ ਉਹਨਾਂ ਨੇ ਆਪਣੀਆਂ ਯੋਗ ਪਦਵੀਆਂ ਪ੍ਰਾਪਤ ਕੀਤੀਆਂ ਸਨ।

ਇਹ ਗੱਲ ਫੈਜ਼ ਦੇ ਹੱਕ ਵਿਚ ਜਾਂਦੀ ਹੈ ਕਿ ਉਸਨੇ ਕੁਝ ਕਵਿਤਾਵਾਂ ਪੰਜਾਬੀ ਵਿਚ ਲਿਖ ਕੇ ਤੇ ਆਪਣੀਆਂ ਕੁਝ ਰਚਨਾਵਾਂ ਦੇ ਹਿੱਸੇ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਹਿੱਸਾ ਪਾਇਆ। ਪਰ ਫੈਜ਼ ਨੂੰ ਇਸ ਖੇਤਰ ਵਿਚ ਆਪਣੀਆਂ ਕਮਜ਼ੋਰੀਆਂ ਦੀ ਖ਼ਬਰਸਾਰ ਸੀ। ਉਹ ਪੰਜਾਬੀ ਨੂੰ ਅਣਡਿੱਠ ਕਰਨ ਵਿਚ ਮਾਣ ਅਨੁਭਵ ਨਹੀਂ ਸੀ ਕਰਦਾ। ਇਹੀ ਕਾਰਨ ਸੀ ਕਿ ਉਸਨੇ ਇੱਜ਼ਤ ਮਾਜੀਦ ਦੀਆਂ ਟਿੱਪਣੀਆਂ ਨੂੰ ਅਣਡਿੱਠ ਨਹੀਂ ਕੀਤਾ ਤੇ ਉਸਨੂੰ ਇਸ ਦੀ ਤਰਦੀਦ ਕਰਨੀ ਪਈ।

ਟੀ.ਵੀ. ਦੇ ਪੰਜਨਦ ਪ੍ਰੋਗਰਾਮ ਦੇ ਇਕ ਹੋਰ ਰੂਬਰੂ ਵਿਚ ਜਿਹੜਾ ਮੈਂ ਮੁਸ਼ਤਾਕ ਸੂਫੀ ਦੀ ਸੰਚਾਲਨਾ ਅਧੀਨ ਪੇਸ਼ ਕਰਦਾ ਹੁੰਦਾ ਸੀ, ਫੈਜ਼ ਇਸ ਮੁੱਦੇ ਬਾਰੇ ਬੜਾ ਬਚਾਅ ਵਾਲਾ ਪੈਂਤੜਾ ਲੈ ਰਿਹਾ ਸੀ। ਮੈਂ ਉਸਨੂੰ ਪੁੱਛਿਆ ਸੀ ਕਿ ਉਸਨੇ ਆਪਣੀ ਮਾਂ-ਬੋਲੀ ਵਿਚ ਕਿਉਂ ਨਾ ਲਿਖਿਆ? ਫੈਜ਼ ਨੇ ਆਪਣੀ ਅਲੋਕਾਰ ਸ਼ੈਲੀ ਵਿਚ ਆਖਿਆ, "ਉਰਦੂ ਸਾਡੀ ਕੌਮੀ ਪਛਾਣ ਦਾ ਅੰਗ ਬਣ ਚੁੱਕੀ ਸੀ।"

ਉਹ ਕਿਸੇ ਹੱਦ ਤੀਕ ਠੀਕ ਵੀ ਸੀ, ਪਰ ਪ੍ਰਸ਼ਨ ਸਾਹਮਣੇ ਖਲੋਤਾ ਸੀ ਕਿ "ਇਕ ਉੱਘਾ ਪ੍ਰਗਤੀਵਾਦੀ ਬੁੱਧੀਜੀਵੀ ਹੁੰਦੇ ਹੋਏ ਉਹ ਆਪਣੇ ਆਪ ਨੂੰ ਭੀੜ ਤੋਂ ਪਾਸੇ ਕਿਉਂ ਨਾ ਰੱਖ ਸਕਿਆ।"



ਫੈਜ਼ ਨੇ ਇਸਦਾ ਬੜਾ ਦਿਲਚਸਪ ਉੱਤਰ ਦਿੱਤਾ, ਜਿਸਦਾ ਕਿ ਉਸ ਵੇਲੇ ਤੋਂ ਲੱਗ ਕੇ ਹੁਣ ਤੀਕ ਕਈ ਵਾਰ ਹਵਾਲਾ ਦਿੱਤਾ ਗਿਆ ਹੈ। ਜਦੋਂ ਉਸਨੇ ਵਾਰਸਸ਼ਾਹ ਤੇ ਬੁੱਲ੍ਹੇ ਸ਼ਾਹ ਨੂੰ ਪੜ੍ਹਿਆ ਤਾਂ ਫੈਜ਼ ਨੇ ਅਨੁਭਵ ਕੀਤਾ ਕਿ ਉਹ ਆਪਣੇ ਕਲਾਮ ਸਦਕਾ ਉਹਨਾਂ ਬੁਲੰਦੀਆਂ ਨੂੰ ਨਹੀਂ ਛੂਹ ਸਕਦਾ। ਫਿਰ ਵੀ ਉਸਨੂੰ ਵਿਸ਼ਵਾਸ ਸੀ ਕਿ ਮਿਹਨਤ ਨਾਲ, ਉਹ ਉਰਦੂ ਦਾ ਕਲਾਸੀਕਲ ਕਵਿਤਾ ਵਿਚ ਉੱਚੀ ਪੱਧਰ ਪ੍ਰਾਪਤ ਕਰ ਸਕਦਾ ਸੀ। ਇਹ ਅਦੁੱਤੀ ਇਕਬਾਲ ਸੀ, ਜਿਸ ਤੋਂ ਪਤਾ ਲੱਗਾ ਸੀ ਕਿ ਉਹ ਕਿੰਨਾ ਸੁਹਿਰਦ ਤੇ ਖ਼ਿਮਾ-ਜਾਚਕ ਸੀ ਕਿ ਜਿਸਨੇ ਆਪਣੀ ਮਾਂ ਬੋਲੀ ਨੂੰ ਅਣਗੌਲਿਆ ਕਰ ਦਿੱਤਾ ਸੀ। ਇੱਜ਼ਤ ਮਾਜੀਦ, ਸੰਭਵ ਹੈ ਆਪਣੀ ਦਲੀਲਬਾਜ਼ੀ ਵਿਚ ਕੁਝ ਜ਼ਿਆਦਾ ਹੀ ਜੋਸ਼ ਵਿਚ ਸੀ, ਪਰ ਉਸਨੇ ਫੈਜ਼ ਦੀ ਦੁਖਦੀ ਰਗ ਉੱਤੇ ਉਂਗਲੀ ਰੱਖ ਦਿੱਤੀ ਸੀ।

ਹਾਲਾਤ ਦੀ ਮਸ਼ਕਰੀ ਕਿ - ਮੇਰੇ ਭਤੀਜੇ ਭਤੀਜੀਆਂ ਜੋ ਕਿ ਵਿਸ਼ੇਸ਼ ਭਾਂਤ ਦੇ ਦੂਰ-ਦੁਰਾਡੇ ਪਿੰਡ ਤੋਂ ਆਏ ਸਨ ਤੇ ਉਹਨਾਂ ਦੀ ਅਜਿਹੀ ਕੋਈ ਰਗ ਨਹੀਂ ਸੀ ਉਹ ਬਿਨਾਂ ਝਿਜਕ ਤੋਂ ਟੁੱਟਾ-ਫੁੱਟਾ ਉਰਦੂ ਬੋਲਦੇ ਹਨ ਤੇ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਆਗਿਆ ਨਹੀਂ ਦਿੰਦੇ। ਕੀ ਇਹ ਪੰਜਾਬੀ ਲਈ ਬੁਰੀ ਸਥਿਤੀ ਨਹੀਂ? ●

(ਡੇਲੀ ਟਾਈਮਜ਼ ਵਿਚੋਂ ਅਨੁਵਾਦ ਹ. ਸ. ਹ.)

**ਸੋਗ ਸਮਾਚਾਰ**

## ਇਕ ਯੋਧੇ ਕਵੀ ਦਾ ਚਲਾਣਾ

ਮਿਤੀ 9-08-09 ਸ਼ਨੀਵਾਰ ਨੂੰ ਵਿਸ਼ਵ ਦਾ ਮਹਾਨਤਮ ਤੇ ਯੋਧਾ ਕਵੀ ਮਹਿਮੂਦ ਦਰਵੇਸ਼ ਅਮਰੀਕਾ ਵਿਚ ਇਕ ਉਪਰੇਸ਼ਨ ਦੌਰਾਨ ਸਦੀਵੀਂ ਤੌਰ ਤੇ ਸਾਥੋਂ ਵਿਛੜ ਗਿਆ ਹੈ। ਉਸਨੂੰ ਸਰਕਾਰੀ ਸਨਮਾਨਾਂ ਨਾਲ ਫਲਸਤੀਨ ਵਿਚ ਪੱਛਮੀ ਕਿਨਾਰੇ ਵਿਖੇ ਸਪੁਰਦੇ ਖ਼ਾਕ ਕੀਤਾ ਗਿਆ। ਦਰਵੇਸ਼ ਦੀ ਮੌਤ ਹਿਊਸਟਨ (ਟੈਕਸਾਸ) ਵਿਚ ਹਸਪਤਾਲ ਵਿਚ ਹੋਈ।

ਮਹਿਮੂਦ ਦਰਵੇਸ਼ ਵਿਸ਼ਵ ਦੀ ਕ੍ਰਾਂਤੀਕਾਰੀ ਕਵਿਤਾ ਵਿਚ ਇਕ ਲੀਜੈਂਡ ਵਜੋਂ ਜਾਣਿਆ ਜਾਂਦਾ ਸੀ। ਅਰਬੀ ਭਾਸ਼ਾ ਦੇ ਇਹ, ਜੋ ਕਵੀ ਹੱਥ ਵਿਚ ਬੰਦੂਕ ਲਈ ਤੇ ਮੋਢੇ ਨਾਲ ਕਾਰਤੂਸਾਂ ਦਾ ਝੋਲਾ ਲਟਕਾਈ ਅਜ਼ਰਾਈਲ ਦੇ ਸਤਾਏ ਹਾਕਮਾਂ ਦੀਆਂ ਕੂੜ-ਨੀਤੀਆਂ ਦੇ ਵਿਰੁੱਧ ਆਪਣੇ ਦੇਸ਼ ਦੇ ਹੋਰਨਾਂ ਸੂਰਮਿਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਦਾ ਰਿਹਾ ਸੀ। ਉਸ ਦੀਆਂ ਅਰਬੀ ਕਵਿਤਾਵਾਂ, ਫਲਸਤੀਨ ਦੇ ਲੋਕ, ਸਕੂਲਾਂ ਦੇ ਵਿਦਿਆਰਥੀ ਅਤੇ ਖੇਤ ਕਾਮੇ ਵਜਦ ਵਿਚ ਆ ਕੇ ਅਕਸਰ ਹੀ ਗਾਉਂਦੇ ਸਨ। ਦਰਵੇਸ਼ ਦੀਆਂ ਕਵਿਤਾਵਾਂ ਸੰਸਾਰ ਦੀਆਂ 22 ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪ ਚੁੱਕੀਆਂ ਹਨ। ਜਲਾਵਤਨੀ ਤੇ ਆਪਣੀ ਮਾਤ-ਭੂਮੀ ਨਾਲੋਂ ਵਿਛੜੇ ਜਾਣਾ ਉਸਦੀ ਕਾਵਿ-ਰਚਨਾ ਦਾ ਕੇਂਦਰੀ ਵਿਸ਼ਾ ਸੀ ਤੇ ਇੰਜ ਅਨਿਆਂ ਵਿਰੁੱਧ ਜੂਝਣਾ ਉਸਦਾ ਪ੍ਰੇਰਨਾ ਸ੍ਰੋਤ ਸੀ।

ਅਸੀਂ ਇਸ ਯੋਧੇ ਕਵੀ ਬਾਰੇ ਪਹਿਲਾ ਹੀ ਇੱਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਚੁੱਕੇ ਹਾਂ ਤੇ ਨਾਲ ਹੀ ਸੰਪਾਦਕ ਚਿਰਾਗ਼ ਦੀ ਕੀਤੀ ਅਨੁਵਾਦਿਤ ਕਾਵਿ-ਪੁਸਤਕ ਜਿਸ ਵਿਚ ਦਰਵੇਸ਼ ਦੀਆਂ ਸੌ ਦੇ ਕਰੀਬ ਕਵਿਤਾਵਾਂ ਹਨ, ਛਾਪ ਚੁੱਕੇ ਹਾਂ। ਦਰਵੇਸ਼ ਨੂੰ ਅੰਤਿਮ ਸ਼ਰਧਾਂਜਲੀ ਪੇਸ਼ ਕਰਦੇ ਹੋਏ, ਅਸੀਂ ਵਿਸ਼ਵ ਕਵਿਤਾ ਦੇ ਪ੍ਰੇਮੀਆਂ ਦੇ ਸੋਗ ਵਿਚ ਸ਼ਾਮਿਲ ਹੁੰਦੇ ਹਾਂ।

- ਸੰਪਾਦਕੀ ਮੰਡਲ

# ਦਾਸਤੋਵਸਕੀ ਦੀ ਪਹਿਲੀ ਸ਼ਾਦੀ

- ਇੰਦਰ ਸਿੰਘ ਖਾਮੋਸ਼

ਤੋਤਲੀਬੀਨ ਭਰਾਵਾਂ ਨਾਲ ਰੈਂਗਲ ਦੀ ਮੀਟਿੰਗ ਤੋਂ ਛੇਤੀ ਹੀ ਬਾਅਦ ਦਸਤੋਵਸਕੀ ਦੀ ਗੁਪਤ ਫਾਈਲ ਵਿਚ ਬਾਦਸ਼ਾਹ ਦਾ ਇਹ ਹੁਕਮ ਸ਼ਾਮਲ ਹੋ ਜਾਂਦਾ ਹੈ।

"ਬਾਦਸ਼ਾਹ ਸਲਾਮਤ ਇਹ ਹੁਕਮ ਕਰਨ ਲਈ ਮਿਹਰਬਾਨ ਹੋਏ ਹਨ ਕਿ ਰਖਸ਼ਾ ਮੰਤਰੀ ਨੂੰ ਇਕ ਮੈਮੋਰੰਡਮ ਲਿਖਿਆ ਜਾਵੇ ਜਿਸ ਵਿਚ ਉਸਨੂੰ ਬੇਨਤੀ ਕੀਤੀ ਜਾਵੇ ਕਿ ਫੀਓਦੋਰ ਦਸਤੋਵਸਕੀ ਨੂੰ ਤਰੱਕੀ ਦੇ ਕੇ ਸੈਕਿੰਡ ਆਰਮੀ ਦੀ ਕਿਸੇ ਰਜਮੈਂਟ ਵਿਚ ਲੈਫਟੀਨੈਂਟ ਦਾ ਰੈਂਕ ਦਿੱਤਾ ਜਾਵੇ। ਜੇਕਰ ਅਜਿਹਾ ਸੰਭਵ ਨਾ ਹੋਵੇ ਤਾਂ ਉਸਨੂੰ ਚੌਧਵੀਂ ਸ਼੍ਰੇਣੀ ਦੇ ਰੈਂਕ ਨਾਲ ਫੌਜ ਵਿਚੋਂ ਬਦਲਕੇ ਸਿਵਲ ਦੀ ਕੋਈ ਨੌਕਰੀ ਦਿੱਤੀ ਜਾਵੇ। ਦੋਹਾਂ ਹਾਲਤਾਂ ਵਿਚ ਉਸਨੂੰ ਸਾਹਿਤ ਰਚਨਾ ਕਰਨ ਅਤੇ ਕਾਨੂੰਨੀ ਢੰਗ ਨਾਲ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੀ ਆਗਿਆ ਦਿੱਤਾ ਜਾਵੇ।"

ਪਰ ਅੱਗੋਂ ਇਸ ਹੁਕਮ ਨਾਲ ਇਹ ਗੱਲ ਜੋੜ ਦਿੱਤੀ ਜਾਂਦੀ ਹੈ ਕਿ ਜਦ ਤੱਕ ਦਸਤੋਵਸਕੀ ਦੀ ਭਰੋਸੇਯੋਗਤਾ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦੀ, ਉਸਨੂੰ ਸਰਕਾਰੀ ਨਿਗਰਾਨੀ ਹੇਠ ਰੱਖਿਆ ਜਾਵੇ। ਕੇਵਲ ਅਜਿਹੀ ਸਥਾਪਤੀ ਤੋਂ ਬਾਅਦ ਹੀ ਸਾਹਿਤਕ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੀ ਉਸਦੀ ਬੇਨਤੀ ਸਵੀਕਾਰ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੀ ਆਗਿਆ ਅਨਿਸ਼ਚਿਤ ਸਮੇਂ ਲਈ ਅੱਗੇ ਪਾ ਦਿੱਤੀ ਜਾਂਦੀ ਹੈ ਅਤੇ ਜਨਰਲ ਤੋਤਲੀਬੀਨ ਨੂੰ ਲਿਖੀ ਉਸਦੀ ਚਿੱਠੀ ਦਾ ਮੁੱਖ ਉਦੇਸ਼ ਪੂਰਾ ਨਹੀਂ ਹੁੰਦਾ ਅਤੇ ਦਸਤੋਵਸਕੀ ਦੇ ਸਾਹਿਤਕ ਅਧਿਕਾਰ ਬਹਾਲ ਨਹੀਂ ਹੁੰਦੇ। ਇਨ੍ਹਾਂ ਅਧਿਕਾਰਾਂ ਬਿਨਾਂ ਉਹ ਹੁਣ ਸਿਰਫ਼ ਇਕ ਅਫ਼ਸਰ ਹੈ ਅਤੇ ਸਾਹਿਤਕ ਜਗਤ ਵਿਚ ਉਸਦੀ ਕੋਈ ਪੁਜੀਸ਼ਨ ਨਹੀਂ।

ਪੱਛਮੀ ਸਾਇਬੇਰੀਆ ਦੇ ਗਵਰਨਰ ਨੂੰ ਆਰਮੀ ਹੈੱਡਕੁਆਟਰ ਵਲੋਂ ਬਾਦਸ਼ਾਹ ਦਾ ਇਹ ਹੁਕਮ ਮਿਲਦਾ ਹੈ ਕਿ ਸਿਪਾਹੀ ਦਸਤੋਵਸਕੀ ਨੂੰ ਤਰੱਕੀ ਦੇ ਕੇ ਲੈਫਟੀਨੈਂਟ ਬਣਾ ਦਿੱਤਾ ਜਾਵੇ। ਦਸਤੋਵਸਕੀ 30 ਅਕਤੂਬਰ ਨੂੰ ਲੈਫਟੀਨੈਂਟ ਦੀ ਵਰਦੀ ਪਾ ਕੇ ਕਮਿਸ਼ਨਡ ਅਫਸਰ ਬਣ ਜਾਂਦਾ ਹੈ। ਉਹ ਖੁਸ਼ ਹੈ ਕਿ ਹੁਣ ਉਹ ਮਾਰੀਆ ਨੂੰ ਇਕ ਖ਼ਾਸ ਪੁਜੀਸ਼ਨ ਵਾਲਾ ਵਿਅਕਤੀ ਬਣਕੇ ਮਿਲਣ ਦੇ ਸਮਰੱਥ ਹੋ ਗਿਆ ਹੈ। ਨੌਂ ਨਵੰਬਰ ਨੂੰ ਉਹ ਰੈਂਗਲ ਨੂੰ ਲਿਖਦਾ ਹੈ।

"ਮਾਰੀਆ ਤੋਂ ਬਿਨਾਂ ਹੁਣ ਮੈਂ ਹੋਰ ਕਿਸੇ ਚੀਜ਼ ਬਾਰੇ ਨਹੀਂ ਸੋਚਦਾ। ਹਰ ਵੇਲੇ ਇਹੀ ਸੋਚਦਾ ਰਹਿੰਦਾ ਹਾਂ ਕਿ ਕਦ ਛੇਤੀ ਤੋਂ ਛੇਤੀ ਜਾ ਕੇ ਉਸਨੂੰ ਮਿਲਾਂ ਅਤੇ ਉਸਦੀਆਂ ਗੱਲਾਂ ਸੁਣਾਂ। ਮੈਂ ਦੁਖੀ ਆਦਮੀ ਹਾਂ ਅਤੇ ਇਸ ਤਰ੍ਹਾਂ ਦਾ ਪਿਆਰ ਇਕ ਬਿਮਾਰੀ ਹੈ। ਇਹ ਮੈਨੂੰ ਪਤਾ ਹੈ ਪਰ ਇਹ ਗੱਲ ਮੇਰੇ ਵੱਸ ਵਿਚ ਨਹੀਂ।"

ਉਸੇ ਹੀ ਦਿਨ ਉਹ ਆਪਣੇ ਭਰਾ ਨੂੰ ਲਿਖਦਾ ਹੈ :

"ਅਜੇ ਵੀ ਮੈਂ ਉਸ ਦੇਵੀ ਵਰਗੀ ਔਰਤ ਨੂੰ ਪਿਆਰ ਕਰਦਾ ਹਾਂ ਜਿਹੜੀ ਅਚਾਨਕ ਹੀ ਮੈਨੂੰ ਮਿਲੀ ਹੈ। ਦੁੱਖ ਨੇ ਸਾਨੂੰ ਇਕ ਕਰ ਦਿੱਤਾ ਹੈ। ਇਹ ਇਕ ਅਟੁੱਟ ਰਿਸ਼ਤਾ ਹੈ। ਸੋਚਦਾ ਹਾਂ ਦੋ ਦੁਖੀ ਰੂਹਾਂ ਇਕ ਦੂਜੇ ਦੇ ਦੁੱਖਾਂ ਦੀਆਂ ਸਾਂਝੀਵਾਲ ਬਣਕੇ ਆਪਣੇ-ਆਪਣੇ ਦੁੱਖ ਭੁੱਲ ਜਾਣਗੀਆਂ ਅਤੇ ਉਨ੍ਹਾਂ



ਦੋਹਾਂ ਲਈ ਖੁਸ਼ੀਆ ਭਰਿਆ ਜੀਵਨ ਸ਼ੁਰੂ ਹੋਵੇਗ।"

ਲੈਫਟੀਨੈਂਟ ਦੀ ਵਰਦੀ ਵਿਚ ਸਜਿਆ ਨਵੰਬਰ ਦੇ ਅਖ਼ੀਰ ਵਿਚ ਉਹ ਮਾਰੀਆ ਕੋਲ ਕੁਜ਼ਨੀਤਸਕ ਪਹੁੰਚਦਾ ਹੈ। ਪੂਰੇ ਆਤਮ ਵਿਸ਼ਵਾਸ ਨਾਲ ਉਹ ਮਾਰੀਆ ਨੂੰ ਆਪਣੇ ਹਾਲਾਤ ਦੀ ਪੂਰੀ ਜਾਣਕਾਰੀ ਦਿੰਦਾ ਹੈ ਅਤੇ ਉਸਨੂੰ ਕਾਇਲ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਬਹੁਤ ਛੇਤੀ ਪ੍ਰਸਿੱਧ ਹੋਣ ਵਾਲਾ ਆਦਮੀ ਹੈ। ਪਰ ਮਾਰੀਆ ਉਸਦੀਆਂ ਗੱਲਾਂ ਇਉਂ ਸੁਣਦੀ ਰਹਿੰਦੀ ਹੈ ਜਿਵੇਂ ਉਸਦੀਆਂ ਗੱਲਾਂ ਵਿਚ ਉਸਨੂੰ ਕੋਈ ਖ਼ਾਸ ਦਿਲਚਸਪੀ ਨਹੀਂ ਹੁੰਦੀ। ਦਸਤੋਵਸਕੀ ਸਮਝ ਜਾਂਦਾ ਹੈ ਕਿ ਉਹ ਅਜੇ ਵੀ ਵਰਗੂਕੋਵ ਨੂੰ ਪਿਆਰ ਕਰਦੀ ਹੈ। ਉਹ ਅਜੇ ਵੀ ਦੁਬਿਧਾ ਵਿਚ ਹੈ। ਅਜੇ ਵੀ ਉਹ ਦੋ ਪ੍ਰੇਮੀਆਂ ਵਿਚੋਂ ਇਕ ਨੂੰ ਚੁਣਨ ਵਿਚ ਅਸਮਰੱਥ ਮਹਿਸੂਸ ਕਰਦੀ ਹੈ। ਦਸਤੋਵਸਕੀ ਨੂੰ ਉਹ ਪ੍ਰੇਸ਼ਾਨੀ ਨਾਲ ਬੌਂਦਲੀ ਹੋਈ ਜਾਪਦੀ ਹੈ ਜਿਵੇਂ ਉਹ ਸਵੈ ਵਿਰੋਧੀ ਇੱਛਾਵਾਂ ਦੇ ਭੰਵਰ ਵਿਚ ਪੂਰੀ ਤਰ੍ਹਾਂ ਫਸੀ ਹੋਈ ਹੋਵੇ। ਉਸ ਔਰਤ ਅੰਦਰ ਜ਼ਬਰਦਸਤ ਸੰਘਰਸ਼ ਚੱਲ ਰਿਹਾ ਹੈ। ਇਕ ਪਾਸੇ ਅੱਧਖੜ ਉਮਰ ਦਾ ਲੇਖਕ ਦਸਤੋਵਸਕੀ ਹੈ ਜੋ ਹੁਣ ਉਸਦੇ ਸਾਹਮਣੇ ਅਫਸਰੀ ਦੀ ਵਰਦੀ ਪਾਈ ਖੜ੍ਹਾ ਹੈ। ਦੂਜੇ ਪਾਸੇ ਸੋਹਣਾ ਸੁਨੱਖਾ ਲਿਸ਼-ਲਿਸ਼ ਕਰਦੀ ਜਵਾਨੀ ਵਾਲਾ ਨੌਜਵਾਨ ਵਰਗੂਕੋਵ ਹੈ ਜੋ ਇਕ ਗਰੀਬ ਅਧਿਆਪਕ ਹੈ। ਉਸਨੂੰ ਸਮਝ ਨਹੀਂ ਆ ਰਹੀ ਕਿ ਉਹ ਅਧਖੜ ਉਮਰ ਦੇ ਬਿਮਾਰ ਲੈਫਟੀਨੈਂਟ ਲੇਖਕ ਨੂੰ ਚੁਣੇ ਜਾਂ ਨਵੀਂ ਉਮਰ ਦੇ ਨੌਜਵਾਨ ਗਰੀਬ ਅਧਿਆਪਕ ਨੂੰ?

ਪਰ ਮਨੁੱਖੀ ਮਨ ਦੀ ਡੂੰਘੀ ਸੂਝ ਰੱਖਣ ਵਾਲੇ ਦਸਤੋਵਸਕੀ ਦਾ ਵਿਸ਼ਵਾਸ ਹੈ ਕਿ ਸੂਝਵਾਨ, ਪੜ੍ਹੀ ਲਿਖੀ, ਮਜ਼ਬੂਤ ਕਿਰਦਾਰ ਵਾਲੀ ਮਾਰੀਆ ਘੱਟ ਪੜ੍ਹੇ ਲਿਖੇ ਰੰਗਹੀਣ ਅਧਿਆਪਕ ਨੂੰ ਨਹੀਂ ਚੁਣੇਗੀ ਕਿਉਂਕਿ ਉਹ ਉਸਦੇ ਆਤਮਿਕ ਪੱਧਰ ਤੱਕ ਉੱਚਾ ਨਹੀਂ ਉੱਠ ਸਕਦਾ। ਇਸ ਲਈ ਉਸਨੂੰ ਸੱਚਾ ਪਿਆਰ ਨਹੀਂ ਕਰ ਸਕਦੀ। ਉਹ ਰੈਂਗਲ ਨੂੰ ਲਿਖਦਾ ਹੈ,

"ਇਸ ਗੱਲ ਦਾ ਮੈਨੂੰ ਪੂਰਾ ਯਕੀਨ ਹੈ ਕਿ ਉਹ ਮੈਨੂੰ ਪਿਆਰ ਕਰਦੀ ਹੈ, ਉਹ ਵਰਗੂਕੋਵ ਨੂੰ ਪਿਆਰ ਨਹੀਂ ਕਰਦੀ। ਇਸ ਗੱਲ ਦਾ ਮੈਨੂੰ ਗਰਮੀਆਂ ਵਿਚ ਲਿਖੀਆਂ ਉਸਦੀਆਂ ਚਿੱਠੀਆਂ ਤੋਂ ਪਤਾ ਲੱਗ ਗਿਆ ਸੀ। ਮੇਰੇ ਨਾਲ ਉਹ ਹਮੇਸ਼ਾ ਹੀ ਖੁੱਲ੍ਹਕੇ ਗੱਲਾਂ ਕਰਦੀ ਹੈ। ਮੇਰੇ ਕੋਲੋਂ ਉਹ ਕੋਈ ਗੱਲ ਛੁਪਾ ਕੇ ਨਹੀ ਰੱਖਦੀ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਉਹ ਕਿਹੋ ਜਿਹੀ ਔਰਤ ਹੈ। ਅਜਿਹੀ ਬੌਧਿਕ, ਸੰਵੇਦਨਸ਼ੀਲ ਔਰਤ ਨੂੰ ਪਛੜੇ ਇਲਾਕੇ ਦੇ ਕਿਸੇ ਪੇਂਡੂ ਸਕੂਲ ਵਿਚ ਬੰਦ ਕਰ ਦੇਣਾ ਸੱਚਮੁੱਚ ਪਾਪ ਹੋਵੇਗਾ।"

ਇਕ ਵਾਰ ਫਿਰ ਉਹ ਵਰਗੂਕੋਵ ਨਾਲ ਗੱਲਬਾਤ ਕਰਨ ਦਾ ਫੈਸਲਾ ਕਰਦਾ ਹੈ। ਮਹਿਸੂਸ ਕਰਦਾ ਹੈ ਕਿ ਇਸ ਵਾਰ ਜ਼ਿੰਦਗੀ ਖ਼ੁਦ ਉਸਦੇ ਪੱਖ ਵਿਚ ਹੈ। ਮਾਰੀਆ ਵੀ ਉਸਨੂੰ ਆਪਣੇ ਹੱਕ ਵਿਚ ਫੈਸਲਾ ਕਰਨ ਲਈ ਤਿਆਰ ਜਾਪਦੀ ਹੈ। ਹੁਣ ਸਭ ਕੁਝ ਉਸਦੀਆਂ ਆਸਾਂ ਅਨੁਸਾਰ ਹੋ ਰਿਹਾ ਹੈ। ਲੈਫਟੀਨੈਂਟ ਦਸਤੋਵਸਕੀ ਨੂੰ ਦੇਖਕੇ ਵਰਗੂਕੋਵ ਆਪਣੇ ਆਪ ਪਿੱਛੇ ਹਟ ਜਾਂਦਾ ਹੈ। ਆਪਣੇ ਪਿਆਰ ਦੀ ਇਸ ਕੁਰਬਾਨੀ ਲਈ ਉਸਨੂੰ ਵਰਗੂਕੋਵ ਤੇ ਤਰਸ ਆਉਂਦਾ ਹੈ। ਉਹ ਜਾਣਦਾ ਹੈ ਕਿਸੇ ਪ੍ਰੇਮੀ ਲਈ ਅਜਿਹੀ ਕੁਰਬਾਨੀ ਕਰਨੀ ਕਿੰਨਾ ਔਖਾ ਫੈਸਲਾ ਹੁੰਦਾ ਹੈ। ਉਹ ਵਰਗੂਕੋਵ ਦੇ ਜ਼ਖ਼ਮੀ ਦਿਲ ਉੱਤੇ ਮੱਲ੍ਹਮ ਲਾਉਣਾ ਚਾਹੁੰਦਾ ਹੈ। ਕੀਤੀ ਕੁਰਬਾਨੀ ਲਈ ਉਸਨੂੰ ਮੁਆਵਜ਼ਾ ਦੇਣਾ ਚਾਹੁੰਦਾ ਹੈ। ਉਹ ਰੈਂਗਲ ਨੂੰ ਬੇਨਤੀ ਕਰਦਾ ਹੈ ਕਿ ਉਹ ਬਦਕਿਸਮਤ ਵਰਗੂਕੋਵ ਲਈ ਕੁਝ ਕਰੇ। ਉਸਨੂੰ ਕਿਸੇ ਚੰਗੀ ਤਨਖਾਹ ਵਾਲੀ ਨੌਕਰੀ ਦਿਵਾਉਣ ਦੀ ਕੋਸ਼ਿਸ਼ ਕਰੇ ਕਿਉਂਕਿ ਉਸਨੂੰ ਵਰਗੂਕੋਵ ਦਾ ਹੁਣ ਇਕ ਭਰਾ

ਨਾਲੋਂ ਵੀ ਵੱਧ ਪਿਆਰ ਆਉਂਦਾ ਹੈ। ਜਿੱਤ ਦੀ ਖੁਸ਼ੀ ਨਾਲ ਨਸ਼ਿਆਇਆ ਅਤੇ ਸ਼ਾਦੀ ਦੀ ਰਸਮ ਦੇ ਪ੍ਰਬੰਧ ਬਾਰੇ ਸੋਚਦਾ ਹੋਇਆ ਉਹ ਉਥੋਂ ਵਾਪਸ ਆ ਜਾਂਦਾ ਹੈ।

ਸੋਚਦਾ ਹੈ ਖੁਸ਼ੀ ਪ੍ਰਾਪਤ ਕਰਨਾ ਕੋਈ ਸੌਖਾ ਕੰਮ ਨਹੀਂ। ਫਿਰ ਅਜਿਹੀ ਦੁਨੀਆਂ ਵਿਚ ਜਿੱਥੇ ਪੈਸਾ ਹੀ ਹਰ ਗੱਲ ਦਾ ਫੈਸਲਾ ਕਰਦਾ ਹੈ, ਖੁਸ਼ੀ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਿਲ ਹੈ। ਆਪਣੀ ਪੁਜੀਸ਼ਨ ਅਨੁਸਾਰ ਹੁਣ ਉਸਨੂੰ ਵਧੀਆ ਮਕਾਨ ਕਿਰਾਏ ਤੇ ਲੈਣਾ ਪਵੇਗਾ। ਘਰ ਨੂੰ ਆਪਣੀ ਪੁਜੀਸ਼ਨ ਅਨੁਸਾਰ ਸਜਾਉਣ ਲਈ ਫਰਨੀਚਰ ਅਤੇ ਲੋੜੀਂਦਾ ਸਮਾਨ ਖਰੀਦਣਾ ਪਵੇਗਾ। ਗਰੀਬੀ ਵਿਚ ਜ਼ਿੰਦਗੀ ਬਸਰ ਕਰ ਰਹੀ ਆਪਣੀ ਲਾੜੀ ਲਈ ਆਪਣੀ ਪੁਜ਼ੀਸ਼ਨ ਅਨੁਸਾਰ ਵਰੀ ਖਰੀਦਣ ਤੋਂ ਇਲਾਵਾ ਹੱਥਾਂ-ਕੰਨਾਂ ਲਈ ਕੁਝ ਗਹਿਣੇ ਵੀ ਖਰੀਦਣੇ ਪੈਣਗੇ। ਪ੍ਰੇਮਿਕਾ ਤੋਂ ਪਤਨੀ ਬਣਨ ਵਾਲੀ ਮਾਰੀਆ ਨੂੰ ਕੁਜ਼ਨੇਤਸਕ ਤੋਂ ਇਥੇ ਲਿਆਉਣ ਲਈ 1400 ਮੀਲ ਲੰਬੇ ਸਫ਼ਰ ਲਈ ਤਿੰਨ ਘੋੜਿਆਂ ਵਾਲੀ ਆਰਾਮਦਾਇਕ ਬੱਘੀ ਕਿਰਾਏ ਤੇ ਲੈਣੀ ਪਵੇਗੀ। ਸ਼ਾਦੀ ਅਤੇ ਉਸ ਤੋਂ ਪਿੱਛੋਂ ਹੋਣ ਵਾਲੀਆਂ ਰਸਮਾਂ ਲਈ ਪੈਸਿਆਂ ਦਾ ਪ੍ਰਬੰਧ ਕਰਨਾ ਪਵੇਗਾ। ਹੁਣ ਤੱਕ ਉਹ ਇਕ ਸਿਪਾਹੀ ਦਾ ਰਾਸ਼ਨ ਖਾਣ ਵਾਲਾ ਬੰਦਾ ਰਿਹਾ ਹੈ। ਉਸਦੇ ਪੱਲੇ ਕੋਈ ਜਮ੍ਹਾਂ ਪੂੰਜੀ ਨਹੀਂ।

ਸਾਰੇ ਖਰਚਾਂ ਦਾ ਹਿਸਾਬ ਲਗਾਕੇ ਉਸਨੂੰ ਅੰਦਾਜ਼ਾ ਹੋ ਜਾਂਦਾ ਹੈ ਕਿ ਉਸ ਕੋਲ ਘੱਟੋ-ਘੱਟ ਏਨੀ ਕੁ ਰਕਮ ਤਾਂ ਜ਼ਰੂਰ ਹੋਣੀ ਚਾਹੀਦੀ ਹੈ ਜਿਹੜੀ ਆਉਣ ਵਾਲੇ ਖਰਚਾਂ ਲਈ ਕਾਫੀ ਹੋਵੇ। ਉਹ ਉਨ੍ਹਾਂ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਲਿਸਟ ਬਣਾਉਂਦਾ ਹੈ। ਜਿਨ੍ਹਾਂ ਤੋਂ ਉਸਨੂੰ ਮਾਇਕ ਸਹਾਇਤਾ ਮਿਲ ਸਕਦੀ ਹੈ। ਸਭ ਤੋਂ ਪਹਿਲਾਂ ਉਹ ਮਾਸਕੋ ਅਤੇ ਪੀਟਰਜ਼ਬਰਗ ਰਹਿਣ ਵਾਲੇ ਰਿਸ਼ਤੇਦਾਰਾਂ ਨੂੰ ਆਪਣੀਆਂ ਲੋੜਾਂ ਦੱਸਕੇ ਸਹਾਇਤਾ ਲਈ ਬੇਨਤੀ ਕਰਦਾ ਹੈ। ਇਸ ਕੰਮ ਲਈ ਉਹ ਦਿਨ ਰਾਤ ਇਕ ਕਰ ਦਿੰਦਾ ਹੈ। ਜਿਵੇਂ ਉਸਨੇ ਜ਼ਿੰਦਗੀ ਦੀ ਕੋਈ ਬਹੁਤ ਵੱਡੀ ਮੁਹਿੰਮ ਫਤਹਿ ਕਰਨੀ ਹੋਵੇ। ਯੋਜਨਾਬੱਧ ਤਰੀਕੇ ਨਾਲ ਉਹ ਇਉਂ ਕੰਮ ਕਰਦਾ ਹੈ ਜਿਵੇਂ ਖੁਸ਼ੀ ਪ੍ਰਾਪਤ ਕਰਨ ਲਈ ਉਸਨੇ ਕੋਈ ਮਹਾਂਯੁੱਧ ਲੜਨਾ ਹੋਵੇ।

ਆਪਣੀ ਸ਼ਾਦੀ ਦਾ ਜਿੰਨਾ ਉਸਨੂੰ ਚਾਅ ਹੈ, ਉਸਦੇ ਰਿਸ਼ਤੇਦਾਰਾਂ ਨੂੰ ਉਸਦੀ ਸ਼ਾਦੀ ਦੀ ਖਬਰ ਸੁਣਕੇ ਬਹੁਤੀ ਖੁਸ਼ੀ ਨਹੀਂ ਹੁੰਦੀ। ਕਈ ਰਿਸ਼ਤੇਦਾਰ ਤਾਂ ਸ਼ਾਦੀ ਕਰਵਾਉਣ ਦੇ ਉਸਦੇ ਫੈਸਲੇ ਦੇ ਖਿਲਾਫ਼ ਹਨ। ਮਾਸਕੋ ਵਾਲੀ ਉਸਦੀ ਮਾਸੀ ਅਲੈਗਜ਼ੈਂਡਰਾ ਜਿਸਨੇ ਉਸਨੂੰ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਨਿਭਾਈ ਹੈ, ਸਾਰੇ ਰਿਸ਼ਤੇਦਾਰਾਂ ਦਾ ਫੈਸਲਾ ਪ੍ਰਗਟ ਕਰਦੀ ਹੋਈ ਲਿਖਦੀ ਹੈ –

"ਫੀਓਦੋਰ, ਤੂੰ ਅਜਿਹਾ ਫੈਸਲਾ ਕਰਕੇ ਕੋਈ ਸਿਆਣੀ ਗੱਲ ਨਹੀਂ ਕਰ ਰਿਹਾ। ਹੁਣੇ-ਹੁਣੇ ਤੂੰ ਇਕ ਭਿਆਨਕ ਬਦਕਿਸਮਤੀ ਵਿਚੋਂ ਨਿਕਲਿਆ ਹੈਂ। ਤੇਰੇ ਆਪਣੇ ਪੱਲੇ ਕੁਝ ਨਹੀਂ। ਫਿਰ ਵੀ ਤੂੰ ਇਕ ਹੋਰ ਜੀਵ ਨੂੰ ਆਪਣੀ ਬਦਕਿਸਮਤੀ ਵਿਚ ਘੜੀਸ ਰਿਹਾ ਹੈਂ ਅਤੇ ਆਪਣੇ ਆਪ ਨੂੰ ਦੂਹਰੇ ਤੀਹਰੇ ਬੰਧਨਾਂ ਵਿਚ ਬੰਨ੍ਹ ਰਿਹਾ ਹੈਂ। ਤੇਰੀ ਸ਼ਾਦੀ ਦੀ ਗੱਲ ਸੁਣਕੇ ਭਾਵੇਂ ਮੈਨੂੰ ਬਹੁਤੀ ਖੁਸ਼ੀ ਨਹੀਂ ਹੋਈ, ਫਿਰ ਵੀ ਤੈਨੂੰ ਖੁਸ਼ ਦੇਖਣ ਲਈ ਮੈਂ ਤੈਨੂੰ ਛੇ ਸੌ ਰੂਬਲ ਭੇਜ ਰਹੀ ਹਾਂ ਅਤੇ ਆਸ਼ੀਰਵਾਦ ਦਿੰਦੀ ਹਾਂ ਕਿ ਤੂੰ ਖੁਸ਼ੀਆਂ ਭਰੀ ਵਿਆਹੁਤਾ ਜ਼ਿੰਦਗੀ ਗੁਜ਼ਾਰੇਂ....."

ਭਰਾ ਮਾਇਖਲ ਅਤੇ ਦੋਵੇਂ ਵੱਡੀਆਂ ਭੈਣਾਂ ਆਪਸ ਵਿਚੀਂ ਸਲਾਹ ਕਰਕੇ ਦੋ ਦੋ ਸੌ ਰੂਬਲ ਪਾ ਕੇ ਉਸਨੂੰ ਚਾਂਦੀ ਦੇ ਛੇ ਸੌ ਰੂਬਲ ਨਾਲ ਆਪਣੀਆਂ ਸ਼ੁਭ ਇੱਛਾਵਾਂ ਵੀ ਭੇਜਦੇ ਹਨ। ਕੈਪਟਨ ਕੋਵਰੀਜੀਨ ਉਸਨੂੰ ਲੰਬੇ ਸਮੇਂ ਵਾਸਤੇ ਛੇ ਸੌ ਰੂਬਲ ਕਰਜ਼ ਦੇ ਦਿੰਦਾ ਹੈ। ਜਨਰਲ ਖੋਮੀਤੋਵਸਤੀ ਅਤੇ ਕਈ ਹੋਰ ਸਾਥੀ ਅਫਸਰ ਵੀ ਉਸਦੀ ਮਾਇਕ ਸਹਾਇਤਾ ਕਰਦੇ ਹਨ। ਮਹਿਸੂਸ ਕਰਦਾ ਹੈ ਕਿ ਉਸਨੇ ਜ਼ਿੰਦਗੀ



ਸ਼ੁਰੂ ਕਰਨ ਤੋਂ ਪਹਿਲਾਂ ਮੋਰਚਾ ਫਤਹਿ ਕਰ ਲਿਆ ਹੈ।

ਰੇਤ ਉੱਪਰ ਬਣਿਆ, ਫੂਸ ਦੀਆਂ ਛੱਤਾਂ ਵਾਲਾ ਕੱਚੀਆਂ ਨੀਹਾਂ ਵਾਲਾ ਉੱਪਰ ਉਸਰਿਆ ਸਿਪਾਹੀ ਦੀ ਵਿਧਵਾ ਦਾ ਘਰ ਛੱਡ ਕੇ ਉਹ ਕਿਸੇ ਚੱਟਾਨ ਉੱਪਰ ਬਣਿਆ ਪੱਕੀਆਂ ਨੀਹਾਂ ਵਾਲਾ ਅਫਸਰਾਂ ਵਰਗਾ ਸ਼ਾਨਦਾਰ ਮਕਾਨ ਕਿਰਾਏ ਤੇ ਲੈਂਦਾ ਹੈ। ਆਪਣੀ ਪੁਜ਼ੀਸ਼ਨ ਅਨੁਸਾਰ ਡਾਈਨਿੰਗ ਟੇਬਲ, ਸੋਫਾ ਸੈੱਟ ਅਤੇ ਲੋੜੀਂਦਾ ਹੋਰ ਫਰਨੀਚਰ ਖਰੀਦਦਾ ਹੈ। ਪ੍ਰਸਿੱਧ ਚਿੱਤਰਕਾਰਾਂ ਅਤੇ ਕਲਾਕਾਰਾਂ ਦੇ ਬਣਾਏ ਚਿੱਤਰਾਂ ਅਤੇ ਕਲਾਤਮਕ ਚੀਜ਼ਾਂ ਨਾਲ ਘਰ ਦੇ ਦਰੋ-ਦੀਵਾਰ ਸਜਾਉਂਦਾ ਹੈ। ਖੁਸ਼ੀਆਂ ਭਰੀ ਰੰਗੀਨ ਦੁਨੀਆਂ ਵਿਚ ਖੁਸ਼ੀਆਂ ਭਰੀ ਜ਼ਿੰਦਗੀ ਜਿਊਣ ਦੇ ਰੁਮਾਂਟਿਕ ਸੁਪਨੇ ਦੇਖਦਾ ਹੋਇਆ ਉਹ ਮਨ ਹੀ ਮਨ ਮੁਸਕਰਾਉਂਦਾ ਹੈ। ਸੋਚਦਾ ਹੈ, ਕਿਸਮਤ ਉਸ ਉੱਤੇ ਕਿੰਨੀ ਮਿਹਰਬਾਨ ਹੈ। ਇਹ ਕੇਹੀ ਕਰਾਮਾਤ ਹੈ ਕਿ ਮੁਜਰਮਾਂ ਨਾਲ ਭਰੇ ਸਾਇਬੇਰੀਆ ਵਿਚ ਦੇਸ਼ ਨਿਕਾਲੇ ਦੀ ਸਜ਼ਾ ਭੁਗਤ ਰਹੇ ਉਸ ਰਾਜਸੀ ਮੁਜ਼ਰਮ ਨੂੰ ਜ਼ਿੰਦਗੀ ਦਾ ਸਫ਼ਰ ਸੁਖਾਲਾ ਕਰਨ ਲਈ ਮਾਰੀਆ ਵਰਗੀ ਖੂਬਸੂਰਤ, ਪੜ੍ਹੀ ਲਿਖੀ, ਤਹਿਜ਼ੀਬ ਯਾਫਤਾ ਜੀਵਨ ਸਾਥਣ ਮਿਲ ਰਹੀ ਹੈ। ਮਾਰੀਆ ਹੁਣ ਉਸ ਦੀਆਂ ਨਜ਼ਰਾਂ ਵਿਚ ਅਜਿਹੀ ਖੁਸ਼ਕਿਸਮਤ ਔਰਤ ਹੈ ਜਿਸ ਕਾਰਨ ਉਸਨੂੰ ਅਫਸਰੀ ਮਿਲੀ ਹੈ। ਉਸਦੇ ਪਿਆਰ ਨੇ ਹੀ ਉਸਦੇ ਮੋਢਿਆਂ ਉਪਰ ਲਫਟੈਨੀ ਦੇ ਸਟਾਰ ਲਗਾਏ ਹਨ। ਉਸਨੂੰ ਆਪਣੀ ਕਿਸਮਤ ਉਤੇ ਰਸ਼ਕ ਆ ਰਿਹਾ ਹੈ। ਮਾਰੀਆ ਦਾ ਜੀਵਨ ਸਾਥੀ ਬਣਨ ਉੱਤੇ ਆਪਣੇ ਤੇ ਫ਼ਖ਼ਰ ਹੋ ਰਿਹਾ ਹੈ। ਅਜੇ ਤਾਂ ਉਸ ਨਾਲ ਸ਼ਾਦੀ ਦੀ ਮਿਤੀ ਹੀ ਮੁਕਰਰ ਹੋਈ ਹੈ ਕਿ ਉਸਦੀ ਜ਼ਿੰਦਗੀ ਵਿਚ ਏਨਾ ਪਰਿਵਰਤਨ ਆ ਗਿਆ ਹੈ। ਜਦ ਉਹ ਇਕ ਦੂਜੇ ਨੂੰ ਪਿਆਰ ਕਰਨ ਵਾਲੇ ਇਕ ਦੂਜੇ ਦੇ ਦੁੱਖ ਦਰਦ ਸਮਝਣ ਵਾਲੇ ਦੋ ਸੰਵੇਦਨਸ਼ੀਲ ਬੰਦੇ ਇਸ ਨਵੇਂ ਘਰ ਵਿਚ ਰਹਿਣ ਲੱਗਣਗੇ, ਜ਼ਿੰਦਗੀ ਵਿਚ ਖੇੜਾ ਹੀ ਖੇੜਾ ਹੋਵੇਗਾ, ਖੁਸ਼ੀਆਂ ਹੀ ਖੁਸ਼ੀਆਂ ਹੋਣਗੀਆਂ, ਹਾਸੇ ਹੀ ਹਾਸੇ ਹੋਣਗੇ, ਕਿੰਨੀ ਵਧੀਆ ਹੋਵੇਗੀ ਜ਼ਿੰਦਗੀ। ਉਹ ਕਹਾਣੀਆਂ ਲਿਖਿਆ ਕਰੇਗਾ, ਉਹ ਸੁਣਿਆ ਕਰੇਗੀ, ਪ੍ਰਸ਼ੰਸਾ ਕਰਿਆ ਕਰੇਗੀ.....।

ਪਤਾ ਨਹੀਂ ਹੋਰ ਕੀ ਕੁਝ ਸੋਚਦਾ 27 ਜਨਵਰੀ ਨੂੰ ਉਹ ਕੁਜ਼ਨੇਤਸਕ ਲਈ ਰਵਾਨਾ ਹੋ ਜਾਂਦਾ ਹੈ। ਚਾਹੁੰਦਾ ਹੈ, ਘੋੜਿਆਂ ਨੂੰ ਖੰਭ ਲੱਗ ਜਾਣ, ਬੱਘੀ ਉੱਡਣ ਖਟੋਲਾ ਬਣ ਜਾਵੇ। ਅੱਖ ਦੇ ਫੋਰ ਵਿਚ ਉਹ ਆਪਣੀ ਮਹਿਬੂਬਾ ਦੀਆਂ ਗੋਰੀਆਂ ਬਾਹਾਂ ਵਿਚ ਜਾ ਡਿੱਗੇ। ਚੌਦਾਂ ਸੌ ਮੀਲ ਲੰਬਾ ਸਫਰ ਮੁਕਦਾ-ਮੁਕਦਾ ਅਖ਼ੀਰ ਮੁੱਕ ਜਾਂਦਾ ਅਤੇ ਉਹ ਉਸ ਸ਼ਹਿਰ ਵਿਚ ਪਹੁੰਚ ਜਾਂਦਾ ਹੈ, ਜਿਥੇ ਸ਼ਿਕਾਰੀ, ਫੰਧੇਬਾਜ਼, ਸੋਨੇ-ਚਾਂਦੀ ਦੀਆਂ ਖਾਨਾਂ ਖੋਜਣ ਵਾਲੇ ਸੁਪਨੇ ਸਾਜ਼ ਲੋਕ ਰਹਿੰਦੇ ਹਨ। ਉਹ ਵੀ ਇਕ ਸੁਪਨੇ ਸਾਜ਼ ਹੀ ਹੈ। ਉਸਨੇ ਸੋਨੇ ਚਾਂਦੀ ਦੇ ਨਹੀਂ ਦੁਨੀਆਂ ਦੇ ਸਾਰੇ ਲੋਕਾਂ ਲਈ ਜ਼ਿੰਦਗੀ ਨੂੰ ਸੁਰਗ ਬਣਾਉਣ ਦੇ ਸੁਪਨੇ ਦੇਖੇ ਹਨ। ਉਨ੍ਹਾਂ ਸੁਪਨਿਆਂ ਕਾਰਨ ਹੀ ਉਹ ਦੇਸ਼ ਨਿਕਾਲੇ ਦੀ ਸਜ਼ਾ ਭੁਗਤ ਰਿਹਾ ਹੈ। ਆਪਣੀ ਨਿਜੀ ਖੁਸ਼ੀ ਦਾ ਸੁਪਨਾ ਪੂਰਾ ਕਰਨ ਲਈ ਅੱਜ ਉਹ ਇਸ ਕਸਬੇ ਵਰਗੇ ਸ਼ਹਿਰ ਵਿਚ ਆਇਆ ਹੈ, ਜਿਥੇ ਉਸਦੇ ਸੁਪਨਿਆਂ ਦੀ ਸ਼ਹਿਜ਼ਾਦੀ ਮਾਰੀਆ ਰਹਿੰਦੀ ਹੈ। ਅੱਜ ਉਹ ਸਿਰਫ਼ ਸੁਪਨਿਆਂ ਦੀ ਸ਼ਹਿਜ਼ਾਦੀ ਨੂੰ ਪਰਣਾਉਣ ਹੀ ਨਹੀਂ ਆਇਆ, ਖੁਸ਼ੀਆਂ ਭਰੀ ਨਫੀਸ ਜ਼ਿੰਦਗੀ ਦਾ ਸੁਪਨਾ ਸਾਕਾਰ ਕਰਨ ਆਇਆ ਹੈ। ਪਛੜੇ ਇਲਾਕੇ ਦਾ ਇਹ ਨਿੱਕਾ ਜਿਹਾ ਸ਼ਹਿਰ ਅੱਜ ਉਸਨੂੰ ਕਸਬੇ ਵਰਗਾ ਨਹੀਂ ਲੱਗਦਾ, ਸਗੋਂ ਉਸਦੀਆਂ ਖੁਸ਼ੀਆਂ ਦਾ ਜ਼ਾਮਨ ਬਹੁਤ ਹੀ ਖੂਬਸੂਰਤ ਸ਼ਹਿਰ ਜਾਪਦਾ ਹੈ ਜਿਥੇ ਛੇਤੀ ਹੀ ਉਸਦੇ ਰੁਮਾਂਸ ਨੇ ਸ਼ਾਦੀ ਵਿਚ ਬਦਲ ਜਾਣਾ ਹੈ ਅਤੇ ਉਸਨੇ ਜ਼ਿੰਦਗੀ ਦੀ ਪਹਿਲੀ ਖੁਸ਼ੀ ਦਾ ਆਨੰਦ ਮਾਣਨਾ ਹੈ। ਇਹੀ ਉਹ ਥਾਂ ਹੈ ਜਿਥੇ ਉਸਦੀ ਜ਼ਿੰਦਗੀ ਦੀ ਸਭ ਨਾਲੋਂ ਮਹੱਤਵਪੂਰਨ ਘਟਨਾ ਵਾਪਰਨੀ

ਹੈ।

ਉਮਰ ਦੇ ਛੱਤੀਵੇਂ ਸਾਲ ਵਿਚ ਅਖ਼ੀਰ ਉਹ ਭਾਗਾਂ ਭਰਿਆ ਦਿਨ ਚੜ੍ਹਦਾ ਹੈ, ਬੜੀ ਬੇਸਬਰੀ ਨਾਲੇ ਉਹ ਜਿਸਦੀ ਲੰਬੇ ਸਮੇਂ ਤੋਂ ਉਡੀਕ ਕਰ ਰਿਹਾ ਹੈ। ਛੇ ਫਰਵਰੀ ਨੂੰ ਜਿਸ ਔਰਤ ਨੂੰ ਉਹ ਪੂਰੇ ਦਿਲ ਨਾਲ ਪਿਆਰ ਕਰਦਾ ਹੈ, ਉਸਦੀ ਬਾਂਹ ਵਿਚ ਬਾਂਹ ਪਾ ਕੇ ਸਥਾਨਕ ਗਿਰਜੇ ਵਿਚ ਜਾਂਦਾ ਹੈ ਅਤੇ ਉਸ ਨਾਲ ਸ਼ਾਦੀ ਕਰਵਾਉਂਦਾ ਹੈ। ਇਸ ਗੱਲ ਦਾ ਉਸਨੂੰ ਕੋਈ ਗ਼ਮ ਨਹੀਂ ਕਿ ਉਸਦੀ ਸ਼ਾਦੀ ਦੀ ਰਸਮ ਵਿਚ ਬਹੁਤੇ ਲੋਕ ਸ਼ਾਮਲ ਨਹੀਂ ਹੋਏ। ਬਹੁਤੀ ਭੀੜ ਤੋਂ ਉਸਨੇ ਕੀ ਕਰਵਾਉਣਾ ਸੀ। ਉਸਨੂੰ ਏਨੀ ਹੀ ਖ਼ੁਸ਼ੀ ਬਹੁਤ ਹੈ ਕਿ ਮਾਰੀਆ ਲਾੜੀ ਬਣੀ ਅੱਜ ਉਸਦੇ ਨਾਲ ਖੜ੍ਹੀ ਹੈ। ਸਾਰੀਆਂ ਜ਼ਰੂਰੀ ਰਸਮਾਂ ਵਿਚੋਂ ਲੰਘਦੇ ਹਨ। ਇਸ ਸਮੇਂ ਪੁੱਟਿਆ ਹਰ ਕਦਮ ਉਸਨੂੰ ਇਉਂ ਜਾਪਦਾ ਹੈ ਜਿਵੇਂ ਇਹ ਰਸਮਾਂ ਮੁੱਕਣ ਪਿੱਛੋਂ ਉਨ੍ਹਾਂ ਦੋਹਾਂ ਪ੍ਰੇਮੀਆਂ ਲਈ ਖ਼ੁਸ਼ੀਆਂ ਦੇ ਬੰਦ ਦਰਵਾਜ਼ੇ ਇਕ ਦਮ ਖੁੱਲ੍ਹ ਜਾਣਗੇ।

ਇਨ੍ਹਾਂ ਰਸਮਾਂ ਵਿਚ ਸਥਾਨਕ ਪੁਲਿਸ ਅਫਸਰ ਮਾਰੀਆ ਦੇ ਮਾਪਿਆਂ ਦਾ ਰੋਲ ਨਿਭਾਉਣਾ ਹੈ। ਗਿਰਜੇ ਦਾ ਪਾਦਰੀ ਧਾਰਮਿਕ ਰਸਮਾਂ ਰਾਹੀਂ ਸ਼ਾਦੀ ਦੀ ਰਸਮ ਨੂੰ ਕਾਨੂੰਨੀ ਰੂਪ ਦਿੰਦਾ ਹੈ। ਗਵਾਹੀ ਪਾਉਣ ਵਾਲੇ ਚਾਰ ਬੰਦਿਆਂ ਵਿਚ ਉਸਦਾ ਰਕੀਬ ਵਰਗੂਕੋਵ ਵੀ ਸ਼ਾਮਲ ਹੈ। ਉਸ ਨਾਲ ਹੁਣ ਦਸਤੋਵਸਕੀ ਨੂੰ ਕੋਈ ਈਰਖਾ ਨਹੀਂ। ਸਗੋਂ ਹੁਣ ਉਸਨੂੰ ਉਸਦਾ ਭਰਾਵਾਂ ਵਰਗਾ ਪਿਆਰ ਆਉਂਦਾ ਹੈ। ਕਿੰਨੀ ਕਰਾਮਾਤ ਹੈ ਪਿਆਰ ਵਿਚ ਜਿਹੜੀ ਈਰਖਾ ਦੀ ਅੱਗ ਨੂੰ ਪਿਆਰ ਵਰਗੇ ਸ਼ੀਤਲ ਜਲ ਵਿਚ ਬਦਲ ਦਿੰਦੀ ਹੈ।

ਰਸਮ ਦੇ ਅਖ਼ੀਰ ਵਿਚ ਪਾਦਰੀ ਵਿਆਹੁਤਾ ਜੋੜੀ ਨੂੰ ਇਕ ਦੂਜੇ ਨੂੰ ਚੁੰਮਣ ਲਈ ਆਖਦਾ ਹੈ। ਇਹ ਰਸਮੀਂ ਚੁੰਮਣ ਮਿਠਾਸ ਭਰੀ ਆਉਣ ਵਾਲੀ ਜ਼ਿੰਦਗੀ ਦਾ ਆਗਾਜ਼ ਹੈ। ਦੋਹਾਂ ਪ੍ਰੇਮੀਆਂ ਨੇ ਚੁੰਮਿਆ ਤਾਂ ਇਕ ਦੂਜੇ ਨੂੰ ਪਹਿਲਾਂ ਵੀ ਕਈ ਵਾਰ ਹੋਣੈ। ਪਰ ਉਹ ਚੁੰਮਣ ਸਭ ਚੋਰੀ ਕੀਤੇ ਹੋਏ ਚੁੰਮਣ ਸਨ। ਅੱਜ ਦੇ ਚੁੰਮਣ ਬੜੀ ਲੰਬੀ ਉਡੀਕ ਨਾਲ ਬੜੀ ਮਿਹਨਤ ਨਾਲ ਕਮਾਏ ਹੋਏ ਚੁੰਮਣ ਹਨ। ਅੱਜ ਦੇ ਚੁੰਮਣਾਂ ਨਾਲ ਉਨ੍ਹਾਂ ਦਾ ਰੁਮਾਂਸ ਕਾਨੂੰਨੀ ਪਿਆਰ ਵਿਚ ਵਟ ਗਿਆ ਹੈ। ਚੋਰੀ ਦੇ ਚੁੰਮਣਾਂ ਵਿਚ ਵੀ ਭਾਵੇਂ ਆਪਣੀ ਹੀ ਕਿਸਮ ਦੀ ਮਿਠਾਸ ਸੀ ਪਰ ਅੱਜ ਲੋਕਾਂ ਦੇ ਸਾਹਮਣੇ, ਪਾਦਰੀ ਦੀ ਹਾਜ਼ਰੀ ਵਿਚ, ਗਿਰਜੇ ਦੇ ਪਵਿੱਤਰ ਸਥਾਨ ਵਿਚ ਇਕ ਦੂਜੇ ਨਾਲ ਵਟਾਇਆ ਚੁੰਮਣ ਪਵਿੱਤਰ ਚੁੰਮਣ ਬਣ ਗਿਆ ਹੈ, ਜਿਸਦੀ ਪਵਿੱਤਰਤਾ ਉਨ੍ਹਾਂ ਦੋਹਾਂ ਨੇ ਵਫ਼ਾਦਾਰੀ ਦੀਆਂ ਡੱਬੀਆਂ ਵਿਚ ਸਾਂਭ ਕੇ ਰੱਖਣੀ ਹੈ। ਇਹ ਅਜਿਹਾ ਚੁੰਮਣ ਹੈ ਜਿਸ ਵਰਗਾ ਚੁੰਮਣ ਉਨ੍ਹਾਂ ਦੋਹਾਂ ਨੇ ਨਾ ਕਿਸੇ ਹੋਰ ਤੋਂ ਲੈਣਾ ਹੈ, ਨਾ ਹੀ ਕਿਸੇ ਹੋਰ ਨੂੰ ਦੇਣਾ ਹੈ। ਸ਼ਾਦੀ ਦੀਆਂ ਖ਼ੁਸ਼ੀਆਂ ਕਾਇਮ ਰੱਖਣ ਲਈ ਅੱਜ ਦੇ ਚੁੰਮਣ ਦੀ ਪਵਿੱਤਰਤਾ ਕਾਇਮ ਰੱਖਣੀ ਪਤੀ ਪਤਨੀ ਦੋਹਾਂ ਦਾ ਹੀ ਫਰਜ਼ ਹੈ ਕਿਉਂਕਿ ਅੱਜ ਦੇ ਪਵਿੱਤਰ ਚੁੰਮਣ ਨਾਲ ਹੀ ਉਨ੍ਹਾਂ ਨੂੰ ਪਤੀ ਪਤਨੀ ਬਣਾਉਣ ਵਾਲੀਆਂ ਰਸਮਾਂ ਮੁਕੰਮਲ ਹੋਈਆਂ ਹਨ।

1400 ਮੀਲ ਦੇ ਸਫਰ ਦੀਆਂ ਲੰਬੀਆਂ ਵਾਟਾਂ ਝਾਗ ਕੇ ਆਪਣੀ ਪ੍ਰੇਮਿਕਾ ਨੂੰ ਪਰਣਾਉਣ ਢੁੱਕਿਆ ਦਸਤੋਵਸਕੀ ਲਾੜਾ ਵੀ ਹੈ ਅਤੇ ਆਪਣੀ ਬਰਾਤ ਦਾ ਇਕੋ ਇਕ ਬਰਾਤੀ ਵੀ ਹੈ। ਹੁਣ ਉਸਨੇ ਆਪਣੀ ਲਾੜੀ ਨੂੰ ਤਿੰਨ ਘੋੜਿਆਂ ਵਾਲੀ ਬੱਘੀ ਵਿਚ ਬਿਠਾਕੇ ਰੀਝਾਂ ਨਾਲ ਸਜਾਏ ਆਪਣੇ ਘਰ ਵਿਚ ਸੈਮੀਪਲਾਤਿੰਸਕ ਲੈ ਕੇ ਜਾਣਾ ਹੈ। ਉਨ੍ਹਾਂ ਦਾ ਰਸਤਾ ਬਰਫਾਂ ਲੱਦੇ ਉਨ੍ਹਾਂ ਪਾਈਨ ਬ੍ਰਿਛਾਂ ਦੇ ਜੰਗਲਾਂ ਵਿਚੋਂ ਲੰਘਦਾ ਹੈ ਜਿਥੋਂ ਤੱਕ ਕੁਝ ਸਮਾਂ ਪਹਿਲਾਂ ਉਹ ਰੈਂਗਲ ਨੂੰ ਨਾਲ ਲੈ ਕੇ ਮਾਰੀਆ ਨੂੰ ਵਿਦਾਅ ਕਰਨ ਆਇਆ ਸੀ। ਉਸ ਦਿਨ ਉਹ ਬਿਨਾਂ ਛੱਤ ਵਾਲੀ ਗੱਡੀ ਵਿਚ ਬੈਠੀ ਸੀ ਅਤੇ ਉਹਦੇ



ਨਾਲ ਲੱਗਕੇ ਬੈਠਾ ਬਹੁਤਾ ਸਮਾਂ ਰੋਂਦਾ ਹੀ ਰਿਹਾ ਸੀ। ਉਸ ਰਾਤ ਉਨ੍ਹਾਂ ਨੇ ਅਜਿਹੇ ਵਾਅਦੇ ਕੀਤੇ ਸਨ ਜਿਹੜੇ ਤਿੰਨ ਸਾਲਾਂ ਬਾਅਦ ਅੱਜ ਪੂਰੇ ਹੋਏ ਹਨ। ਉਸ ਦਿਨ ਉਨ੍ਹਾਂ ਨੇ ਚੋਰਾਂ ਵਾਂਗ ਡਰ-ਡਰ ਕੇ ਇਕ ਦੂਜੇ ਨੂੰ ਜੱਫੀਆਂ ਪਾਈਆਂ ਸਨ। ਹੰਝੂਆਂ ਭਰੀਆਂ ਅੱਖਾਂ ਨਾਲ ਇਕ ਦੂਜੇ ਨੂੰ ਚੁੰਮਿਆ ਸੀ। ਮਾਰੀਆ ਦਾ ਪਤੀ ਰੈਂਗਲ ਦੀ ਬੱਘੀ ਵਿਚ ਸੈਂਪੇਨ ਦਾ ਰੱਜਿਆ ਘੁਰਾੜੇ ਮਾਰ ਰਿਹਾ ਸੀ। ਦੋਹਾਂ ਦੇ ਮਨਾਂ ਵਿਚ ਹੀ ਅਪਰਾਧ ਦੀ ਭਾਵਨਾ ਸੀ। ਕੁਝ ਅਨੈਤਿਕਤਾ ਕਰਨ ਦਾ ਅਹਿਸਾਸ ਸੀ। ਪਰ ਅੱਜ ਨਾ ਦਿਲਾਂ ਵਿਚ ਅਪਰਾਧ ਦੀ ਭਾਵਨਾ ਹੈ, ਨਾ ਕਿਸੇ ਕਿਸਮ ਦੀ ਅਨੈਤਿਕਤਾ ਦਾ ਅਹਿਸਾਸ ਹੈ। ਅੱਜ ਦੀ ਖ਼ੁਸ਼ੀ ਕਿਸੇ ਖਾਸ ਪ੍ਰਾਪਤੀ ਦੀ ਖ਼ੁਸ਼ੀ ਹੈ। ਕਿਸੇ ਨਿਸ਼ਚਿਤ ਮੰਜ਼ਿਲ ਤੱਕ ਪਹੁੰਚਣ ਦਾ ਗੌਰਵ ਹੈ। ਕਾਨੂੰਨੀ ਜੱਫੀਆਂ ਪਾਉਂਦੇ ਅਤੇ ਕਾਨੂੰਨੀ ਚੁੰਮਣਾਂ ਦਾ ਵਟਾਂਦਰਾ ਕਰਦੇ ਉਹ ਬਰਨੌਲ ਦਸਤੋਵਸਕੀ ਦੇ ਦੋਸਤ ਸੈਮੀਓਸੋਵ ਪਰਿਵਾਰ ਦੇ ਘਰ ਪਹੁੰਚਦੇ ਹਨ। ਇਸ ਪਰਿਵਾਰ ਦੇ ਘਰ ਉਨ੍ਹਾਂ ਨੇ ਹਨੀਮੂਨ ਮਨਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ।

ਮੇਜ਼ਬਾਨ ਪਰਿਵਾਰ ਵਿਆਹੁਤਾ ਜੋੜੀ ਵਾਸਤੇ ਸਜਾਕੇ ਰੱਖਿਆ ਬੈੱਡਰੂਮ ਖੋਲ੍ਹ ਦਿੰਦਾ ਹੈ। ਮੁਸਕਰਾਉਂਦੇ ਬੁੱਲ੍ਹ, ਲਿਸ਼ਕਦੀਆਂ ਅੱਖਾਂ, ਧੜਕਦੇ ਦਿਲ, ਪਤੀ ਪਤਨੀ ਹਨੀਮੂਨ ਮਨਾਉਣ ਦੇ ਚਾਅ ਨਾਲ ਬੈੱਡਰੂਮ ਵਿਚ ਪ੍ਰਵੇਸ਼ ਕਰਦੇ ਹਨ। ਦੋਵੇਂ ਆਪਣੀ ਖ਼ੁਸ਼ੀ ਖਾਤਰ, ਪਰਮਾਤਮਾ ਦਾ ਧੰਨਵਾਦ ਕਰਦੇ ਹਨ। ਵਿਧਵਾ ਮਾਰੀਆ ਦਾ ਚਾਅ ਓਨਾ ਹੀ ਪ੍ਰਬਲ ਹੈ ਜਿੰਨਾ ਦਸਤੋਵਸਕੀ ਦਾ ਹੈ ਕਿਉਂਕਿ ਇਹ ਕਿਸੇ ਕੰਜ-ਕੁਆਰੀ ਕੁੜੀ ਦਾ ਚਾਅ ਨਹੀਂ, ਵਿਧਵਾ ਔਰਤ ਦਾ ਚਾਅ ਹੈ। ਜਿਹੜਾ ਹੁਣ ਚਾਅ ਨਹੀਂ ਰਿਹਾ ਜ਼ਿੰਦਗੀ ਦੀ ਮਜਬੂਰੀ ਵਰਗੀ ਕੋਈ ਚੀਜ਼ ਹੈ। ਪਰ ਦਸਤੋਵਸਕੀ ਦੀ ਜ਼ਿੰਦਗੀ ਦਾ ਇਹ ਅਜਿਹਾ ਕੁੰਵਾਰਾ ਚਾਅ ਹੈ ਜੋ ਪਹਿਲੀ ਵਾਰ ਉਸਦੀ ਜ਼ਿੰਦਗੀ ਵਿਚ ਆਇਆ ਹੈ ਅਤੇ ਕਾਫੀ ਲੰਬੀ ਉਡੀਕ ਪਿਛੋਂ ਅਤੇ ਕਾਫੀ ਲੰਬੀ ਜੱਦੋ-ਜ਼ਹਿਦ ਪਿਛੋਂ ਬੜੇ ਤਰੱਦਦ ਨਾਲ ਆਇਆ ਹੈ। ਉਸ ਲਈ ਇਹ ਜਿੰਨਾ ਖ਼ੁਸ਼ੀ ਭਰਿਆ ਹੈ, ਉਤਨਾ ਹੀ ਉਤਸ਼ਾਹ ਭਰਪੂਰ ਵੀ ਹੈ। ਇਸ ਖ਼ੁਸ਼ੀਆਂ ਭਰੇ ਚਾਅ ਲਈ ਉਹ ਵਾਰ-ਵਾਰ ਪਰਮਾਤਮਾ ਦਾ ਸ਼ੁਕਰ ਕਰਦਾ ਹੈ।

ਪਰ ਕਿਸਮਤ ਨਾ ਦਸਤੋਵਸਕੀ ਦਾ ਚਾਅ ਬਰਦਾਸ਼ਤ ਕਰਦੀ ਹੈ, ਨਾ ਹੀ ਉਸਦੀ ਖ਼ੁਸ਼ੀ ਬਰਦਾਸ਼ਤ ਕਰਦੀ ਹੈ। ਅੱਧੀ ਰਾਤ ਉਸਨੂੰ ਅਚਾਨਕ ਮਿਰਗੀ ਦਾ ਦੌਰਾ ਪੈਂਦਾ ਹੈ। ਅੰਦਰੋਂ ਡਰਾਉਣੀ ਚੀਕ ਨਿਕਲਦੀ ਹੈ। ਕੜਵੱਲ ਪੈਣ ਲੱਗ ਜਾਂਦੇ ਹਨ ਜਿਵੇਂ ਕਿਸਮਤ ਉਸਨੂੰ ਕੋਈ ਸਖ਼ਤ ਸਜ਼ਾ ਦੇ ਰਹੀ ਹੋਵੇ। ਉਹ ਘੰਟਾ ਭਰ ਤੜਫਦਾ ਰਹਿੰਦਾ ਹੈ। ਲੱਤਾਂ ਬਾਹਾਂ ਮਾਰਦਾ ਰਹਿੰਦਾ ਹੈ। ਚੀਕਾਂ ਨਾਲ ਮੂੰਹੋਂ ਝੱਗ ਨਿਕਲਦੀ ਰਹਿੰਦੀ ਹੈ। ਦਹਿਸ਼ਤ ਗ੍ਰਸਤ ਮਾਰੀਆ ਥਰ-ਥਰ ਕੰਬ ਰਹੀ ਹੈ। ਮਹਿਸੂਸ ਕਰਦੀ ਹੈ ਉਹ ਇਕ ਵਾਰ ਫਿਰ ਵਿਧਵਾ ਹੋ ਰਹੀ ਹੈ। ਮਾਰੀਆ ਨੂੰ ਸਮਝ ਨਹੀਂ ਆ ਰਹੀ ਇਹ ਕਿਹੋ ਜਿਹੀ ਬਿਮਾਰੀ ਹੈ ਜਿਹੜੀ ਉਸਦੇ ਪਤੀ ਨੂੰ ਇਉਂ ਤੜਫਾ ਰਹੀ ਹੈ। ਸੋਚਦੀ ਹੈ ਕੋਈ ਓਪਰੀ ਰੂਹ ਉਸਦੇ ਪਤੀ ਦੇ ਸਰੀਰ ਵਿਚ ਪ੍ਰਵੇਸ਼ ਕਰ ਗਈ ਹੈ। ਇਹ ਪ੍ਰੇਤ ਆਤਮਾ ਉਸਨੂੰ ਤਸੀਹੇ ਦੇ ਰਹੀ ਹੈ, ਤੜਫਾ ਰਹੀ ਹੈ, ਉਸਦੀ ਜਾਨ ਕੱਢ ਰਹੀ ਹੈ। ਦਸਤੋਵਸਕੀ ਦੀਆਂ ਚੀਕਾਂ ਸੁਣਕੇ ਸਾਰਾ ਮੇਜ਼ਬਾਨ ਪਰਿਵਾਰ ਬੈੱਡਰੂਮ ਵਿਚ ਆ ਜਾਂਦਾ ਹੈ। ਡਾਕਟਰ ਬੁਲਾਇਆ ਜਾਂਦਾ ਹੈ, ਮਰੀਜ਼ ਨੂੰ ਦੇਖਣ ਸਾਰ ਡਾਕਟਰ ਸਮਝ ਜਾਂਦਾ ਹੈ ਕਿ ਇਹ ਮਿਰਗੀ ਦਾ ਦੌਰਾ ਹੈ। ਹੌਲੀ-ਹੌਲੀ ਦੌਰੇ ਦਾ ਜ਼ੋਰ ਘਟਦਾ ਹੈ। ਹੌਲੀ-ਹੌਲੀ ਦਸਤੋਵਸਕੀ ਦੀ ਹੋਸ਼ ਪਰਤਦੀ ਹੈ। ਉਹ ਦੇਖਦਾ ਹੈ ਮਾਰੀਆ ਦਾ ਬੁਰਾ ਹਾਲ ਹੈ। ਰੋ-ਰੋ ਕੇ ਉਹ ਹਾਲੋਂ ਬੇਹਾਲ ਹੋ ਗਈ ਹੈ। ਉਹ ਨਿਰਾਸ਼ਾ ਭਰੀ ਉਦਾਸੀ ਵਿਚ ਡੁੱਬ ਜਾਂਦਾ ਹੈ। ਮਾਰੀਆ ਵਾਸਤੇ ਸੱਚਮੁੱਚ ਭੈਭੀਤ ਕਰਨ ਵਾਲੀ

ਬਾਰੇ ਗੱਲਾਂ ਕਰਨ ਲੱਗ ਜਦੇ ਹਨ। ਦਸਤੋਵਸਕੀ ਭਾਵੁਕ ਆਵਾਜ਼ ਵਿਚ ਬੋਲਦਾ ਹੈ, "ਦੇਖ ਮਾਸ਼ਾ, ਮੈਂ ਪਾਸ਼ਾ ਨੂੰ ਕੈਡਿਟ ਸਕੂਲ ਵਿਚ ਦਾਖਲ ਕਰਵਾ ਦਿੱਤਾ ਹੈ। ਪਾਸ਼ ਸਿਰਫ਼ ਤੇਰਾ ਹੀ ਪੁੱਤਰ ਨਹੀਂ, ਮੇਰਾ ਵੀ ਪੁੱਤਰ ਹੈ। ਦੋਵੇਂ ਹੁਣ ਆਪਾਂ ਪਾਸ਼ਾ ਖ਼ਾਤਰ ਜੀਵਾਂਗੇ।"

ਕਿੰਨੀ ਹੀ ਦੇਰ ਉਹ ਪਾਸ਼ਾ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਪਾਸ਼ਾ ਦੇ ਭਵਿੱਖ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਉਸ ਬਾਰੇ ਬੜੇ ਪਿਆਰੇ-ਪਿਆਰੇ ਸੁਪਨੇ ਘੜਦੇ ਹਨ। ਪਾਸ਼ਾ ਬਾਰੇ ਗੱਲਾਂ ਕਰਦੀ ਮਾਰੀਆ, ਆਪਣਾ ਪਛਤਾਵਾ ਭੁੱਲ ਜਾਂਦੀ ਹੈ। ਆਪਣੇ ਪੁੱਤਰ ਬਾਰੇ ਏਨੀਆਂ ਪਿਆਰੀਆਂ ਗੱਲਾਂ ਕਰਨ ਵਾਲੇ 'ਗੁਨਾਹਗਾਰ' ਦਸਤੋਵਸਕੀ ਦੇ ਸਾਰੇ ਗੁਨਾਹ ਮੁਆਫ਼ ਕਰ ਦਿੰਦੀ ਹੈ। ਮਹਿਸੂਸ ਕਰਦੀ ਹੈ ਕਿ ਉਸਦਾ ਪਤੀ ਵਧੀਆ ਇਨਸਾਨ ਹੈ। ਅਜਿਹਾ ਇਨਸਾਨ ਜੋ ਉਸਦੇ ਪੁੱਤਰ ਨੂੰ ਆਪਣਾ ਪੁੱਤਰ ਸਮਝਦਾ ਹੈ, ਪੁੱਤਰਾਂ ਵਾਂਗ ਪਿਆਰ ਕਰਦਾ ਹੈ। ਅਸਲੀ ਬਾਪ ਵਾਂਗ ਉਸਦੇ ਪੁੱਤਰ ਦੇ ਭਵਿੱਖ ਦੀ ਚਿੰਤਾ ਕਰਦਾ ਹੈ। ਅਜਿਹੇ ਇਨਸਾਨੀ ਗੁਣਾਂ ਵਾਲੇ ਆਦਮੀ ਦੀ ਪਤਨੀ ਬਣਨਾ ਉਸ ਲਈ ਗੌਰਵ ਵਾਲੀ ਗੱਲ ਹੈ, ਮਾਣ ਵਾਲੀ ਗੱਲ ਹੈ। ਹੁਣ ਦਸਤੋਵਸਕੀ ਉਸਨੂੰ ਵਰਗੂਕੋਵ ਨਾਲੋਂ ਹਜ਼ਾਰ ਗੁਣਾਂ ਵੱਧ ਚੰਗਾ ਲੱਗਦਾ ਹੈ। ਉਸ ਵਰਗੀ ਤਪਦਿਕ ਦੀ ਮਰੀਜ਼ ਵਿਧਵਾ ਔਰਤ ਨੂੰ ਇਸ ਨਾਲੋਂ ਚੰਗਾ ਪਤੀ ਨਹੀਂ ਮਿਲ ਸਕਦਾ ਸੀ। ਇਕ ਵਾਰ ਫਿਰ ਉਹ ਦਸਤੋਵਸਕੀ ਨੂੰ ਘੁੱਟਕੇ ਜੱਫੀ ਪਾਉਂਦੀ ਹੈ। ਬੜੇ ਭਾਵੁਕ ਪਿਆਰ ਨਾਲ ਚੁੰਮਦੀ ਹੋਈ ਆਖਦੀ ਹੈ।

"ਫੀਦੀਆ ਡਾਰਲਿੰਗ! ਮੈਨੂੰ ਮੁਆਫ਼ ਕਰ ਦੇਣਾ। ਤੁਹਾਡੇ ਬਾਰੇ ਮੈਂ ਬਹੁਤ ਹੀ ਗਲਤ ਗੱਲਾਂ ਸੋਚੀਆਂ ਸਨ। ਮਨ ਵਿਚ ਤੁਹਾਨੂੰ ਬਹੁਤ ਬੁਰਾ ਭਲਾ ਆਖਿਆ ਸੀ ..." ਉਹ ਹੋਰ ਨਹੀਂ ਬੋਲ ਸਕਦੀ। ਵਗ ਰਹੇ ਹੰਝੂ ਉਸਨੂੰ ਬੋਲਣ ਨਹੀਂ ਦਿੰਦੇ। ਬਸ ਰੋਈ ਹੀ ਜਾਂਦੀ ਹੈ। ਜਿਵੇਂ ਪਤੀ ਬਾਰੇ ਗਲਤ ਗੱਲਾਂ ਸੋਚਕੇ ਉਸਨੇ ਕੋਈ ਅਪਰਾਧ ਕੀਤਾ ਹੋਵੇ। ਦਸਤੋਵਸਕੀ ਜਾਣਦਾ ਹੈ ਕਿ ਮਾਰੀਆ ਵੀ ਉਸ ਵਾਂਗ ਜਜ਼ਬਾਤੀ ਔਰਤ ਹੈ। ਉਸਦਾ ਮਨ ਬਦਲਣ ਲਈ ਆਖਦਾ ਹੈ।

"ਮਾਸ਼ਾ! ਛੱਡ ਹੁਣ ਇਹ ਰੋਣਾ ਧੋਣਾ, ਹੁਣ ਆਪਾਂ ਇਕੱਠੇ ਤੁਰਨਾ ਹੈ ਅਤੇ ਹੱਸਦੇ-ਹੱਸਦੇ ਤੁਰਨਾ ਹੈ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਬਹੁਤ ਛੇਤੀ ਆਪਾਂ ਸਾਇਬੇਰੀਆ ਤੋਂ ਹਮੇਸ਼ਾ ਵਾਸਤੇ ਚਲੇ ਜਾਵਾਂਗੇ। ਮੇਰੀਆਂ ਰਚਨਾਵਾਂ ਅਖ਼ਬਾਰਾਂ, ਰਸਾਲਿਆਂ ਵਿਚ ਪ੍ਰਕਾਸ਼ਿਤ ਹੋਇਆ ਕਰਨਗੀਆਂ। ਬਹੁਤ ਸਾਰੀ ਰਾਇਲਟੀ ਮਿਲਿਆ ਕਰੇਗੀ, ਆਪਾਂ ਆਪਣੀਆਂ ਰੀਝਾਂ ਅਨੁਸਾਰ ਬਹੁਤ ਵਧੀਆ ਬੰਗਲਾ ਬਣਾਵਾਂਗੇ..."

"ਬੱਸ ਕਰੋ ਡਾਰਲਿੰਗ... ਤੁਸੀਂ ਸਾਹਿਤਕਾਰ ਲੋਕ ਸੁਪਨੇ ਦੇਖਣਾ ਹੀ ਜਾਣਦੇ ਹੋ ... ਮੈਨੂੰ ਖ਼ੁਸ਼ੀ ਹੈ ਕਿ ਆਪਾਂ ਇਸ ਉਜਾੜ ਵਿਚੋਂ ਨਿਕਲਾਂਗੇ..... ਪੀਟਰਜ਼ਬਰਗ ਵਰਗੇ ਸ਼ਹਿਰ ਵਿਚ ਰਹਾਂਗੇ ... ਉਥੇ ਆਪਣੇ ਕਿੰਨੇ ਰਿਸ਼ਤੇਦਾਰ ਹੋਣਗੇ ... ਤੁਹਾਡੇ ਭੈਣ ਭਰਾ ਹੋਣਗੇ ... ਆਪਾਂ ਇਕੱਲੇ ਮਹਿਸੂਸ ਨਹੀਂ ਕਰਾਂਗੇ....।"

ਦਸਤੋਵਸਕੀ ਮਹਿਸੂਸ ਕਰਦਾ, ਉਹੀ ਘਰ ਜਿਹੜਾ ਕੁਝ ਸਮਾਂ ਪਹਿਲਾਂ ਉਦਾਸੀਆਂ ਨਾਲ ਭਰਿਆ ਹੋਇਆ ਸੀ, ਖ਼ੁਸ਼ੀਆਂ ਨਾਲ ਮਹਿਕਿਆ ਹੋਇਆ ਹੈ।

(ਦਸਤੋਵਸਕੀ ਬਾਰੇ ਲਿਖੇ ਜਾ ਰਹੇ ਨਾਵਲ 'ਕੁਠਾਲੀ ਪਿਆ ਸੋਨਾ' ਵਿਚੋਂ)





# ਪਛਾਣ

- ਬਨਾਫ਼ਰ ਚੰਦਰ

ਕੇਸ਼ਬ ਦੀਆਂ ਅੱਖਾਂ ਸਾਹਮਣੇ ਉਸਦੇ ਪੁਤੱਰ ਮੁੰਨੀ ਲਾਲ ਨੂੰ ਪੁਲਸ ਘਸੀਟਦੀ ਹੋਈ ਲਈ ਜਾ ਰਹੀ ਸੀ ਤੇ ਉਹ ਅੱਖਾਂ ਪਾੜ ਕੇ ਵੇਖੀ ਜਾ ਰਿਹਾ ਸੀ। ਉਸਦਾ ਗਲਾ ਇਸ ਤਰ੍ਹਾਂ ਸੁੱਕ ਗਿਆ ਸੀ ਕਿ ਥੁੱਕ ਨਾਲ ਗਲੇ ਨੂੰ ਤਰ ਕਰਦੇ ਹੋਏ ਮੁਸ਼ਕਿਲ ਨਾਲ ਇੱਕ ਪੁਲਿਸ ਵਾਲੇ ਨੂੰ ਪੁੱਛਿਆ, " ਸਾਹਿਬ, ਮੇਰੇ ਬੇਟੇ ਨੇ ਕੀ ਕਸੂਰ ਕੀਤਾ ਹੈ? "

"ਕੀ ਕੀਤਾ ਹੈ? ਇਹ ਤਾਂ ਥਾਣੇ ਵਿਚ ਹੀ ਦੱਸਾਂਗੇ ਕਿ ਉਸਨੇ ਕੀ ਕੀਤਾ ਹੈ। ਮੁਖਬਰ ਦੀ ਸੂਚਨਾ ਉੱਤੇ ਅਸੀਂ ਫੜ-ਫੜਾਈ ਕਰ ਰਹੇ ਹਾਂ। ਨਹੀਂ ਤਾਂ ਆਦਮੀ ਤਾਂ ਦੂਰ ਦੀ ਗੱਲ, ਅਸੀਂ ਕੁੱਤੇ ਨੂੰ ਵੀ ਨਹੀਂ ਛੂੰਹਦੇ।" ਪੁਲਸ ਵਾਲੇ ਨੇ ਇਸ ਤਰ੍ਹਾਂ ਕਿਹਾ, ਜਿਵੇਂ ਕਿ ਅਜੇ ਵੀ ਪੁਲਸ ਵਿਚ ਸ਼ਰਾਫ਼ਤ ਬਚੀ ਹੋਈ ਹੈ।

ਪੁਲਸ ਵਾਲੇ ਨੇ ਇੱਕ ਨਜ਼ਰ ਕੇਸ਼ਬ ਨੂੰ ਵੇਖਿਆ ਤੇ ਜੀਪ ਵਿਚ ਬੈਠ ਗਿਆ। ਧੂੜ ਤੇ ਧੂੰਆਂ ਉਡਾਉਂਦੀ ਗੱਡੀ ਉਸ ਦੀਆਂ ਅੱਖਾਂ ਦੇ ਸਾਹਮਣੇ ਅਲੋਪ ਹੋ ਗਈ। ਉਹ ਮੱਥਾ ਫੜ ਕੇ ਬੂਹੇ ਤੇ ਬੈਠ ਗਿਆ।

ਕੇਸ਼ਬ ਦੇ ਜੀਵਨ ਵਿਚ ਹੁਣ ਤੀਕ ਜਿੰਨੀਆਂ ਵੀ ਘਟਨਾਵਾਂ ਵਾਪਰੀਆਂ ਸਨ, ਜਿੰਨੇ ਵੀ ਹਾਦਸੇ ਹੋਏ ਸੀ, ਉਹਨਾਂ ਨਾਲੋਂ ਇਹ ਘਟਨਾ ਵੱਖਰੀ ਤਰ੍ਹਾਂ ਦੀ ਸੀ। ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਉਸ ਨੂੰ ਝੰਜੋੜ ਦੇਣ ਤੇ ਪ੍ਰੇਸ਼ਾਨ ਕਰਨ ਵਾਲੀ ਇਹ ਘਟਨਾ ਸੀ। ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਬਿਨਾਂ ਕੋਈ ਅਪਰਾਧ ਕੀਤੇ ਉਸਦੇ ਬੇਟੇ ਨੂੰ ਪੁਲਸ ਘਸੀਟ ਕਰ ਲੈ ਜਾਵੇਗੀ ਤੇ ਉਹ ਵੀ ਅੱਧੀ ਰਾਤ ਨੂੰ ਨੀਂਦ ਵਿਚੋਂ ਉਠਾ ਕੇ। ਚੋਰ-ਡਾਕੂ ਦੇ ਘਰ ਵੀ ਇਸ ਤਰ੍ਹਾਂ ਪੁਲਸ ਕਦੇ ਦਹਿਸ਼ਤ ਨਹੀਂ ਪਾਉਂਦੀ, ਜਿਸ ਤਰ੍ਹਾਂ ਉਸਦੇ ਘਰ ਪਾਈ।

ਕਾਰਖਾਨੇ ਤੋਂ ਥੱਕਿਆ-ਹਾਰਿਆ ਉਹ ਆਇਆ ਸੀ ਅਤੇ ਰੋਟੀ ਖਾ ਕੇ ਤਖਤਪੋਸ਼ ਉੱਤੇ ਪਸਰ ਗਿਆ ਸੀ। ਨੀਂਦ ਨੇ ਕਦੋਂ ਦਬੋਚ ਲਿਆ ਤੇ ਕਦੋਂ ਨੱਕ ਚੋਂ ਆਵਾਜ਼ ਆਉਣ ਲੱਗੀ ਉਸਨੂੰ ਯਾਦ ਨਹੀਂ ਸੀ ਆ ਰਿਹਾ। ਕਰੀਬ ਅੱਧੀ ਰਾਤ ਨੂੰ ਦਰਵਾਜ਼ਾ ਖੜਕਾਉਣ ਦੀ ਆਵਾਜ਼ ਆਈ ਤਾਂ ਪਤਨੀ ਨੇ ਝੰਜੋੜਿਆ ਉਸਨੂੰ,"ਵੇਖੋ ਪਤਾ ਨਹੀਂ ਕੌਣ ਦਰਵਾਜ਼ਾ ਖੜਕਾ ਰਿਹਾ ਹੈ? " ਪਤਨੀ ਭੈ-ਭੀਤ ਤੇ ਸ਼ੰਕੇ ਭਰੀ ਸੀ। ਦਰਵਾਜ਼ਾ ਭੰਨਣ ਦੇ ਢੰਗ ਅਤੇ ਚਾਲ ਤੋਂ ਉਹ ਦਹਿਸ਼ਤ ਵਿਚ ਆ ਗਈ ਸੀ। ਕੋਈ ਭਲਾ ਆਦਮੀ ਇਸ ਤਰ੍ਹਾਂ ਦਰਵਾਜ਼ਾ ਨਹੀਂ ਭੰਨ ਸਕਦਾ।

ਅੱਖਾਂ ਮਲਦੇ ਹੋਏ ਉਹ ਉੱਠਿਆ। ਕਮਰੇ ਦੀ ਬੱਤੀ ਬਾਲੀ, ਪਤਨੀ ਦੇ ਚਿਹਰੇ ਨੂੰ ਇੱਕ ਨਜ਼ਰ ਭਰ ਵੇਖਿਆ ਤੇ ਦਰਵਾਜ਼ੇ ਵੱਲ ਵੱਧੀ। ਕਮਰੇ ਵਿਚ ਬੱਤੀ ਬੱਲਣ ਦੇ ਨਾਲ ਹੀ ਦਰਵਾਜ਼ਾ ਖੜਕਾਉਣ ਦੀ ਚਾਲ ਥੰਮ੍ਹ ਗਈ ਸੀ। ਉਸਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਪੁਲਸ ਖੜ੍ਹੀ ਸੀ। ਉਸਦਾ ਦਿਲ ਧੱਕ-ਧੱਕ ਕਰਨ ਲੱਗਾ ਤੇ ਲੱਤਾਂ ਕੰਬਣ ਲੱਗੀਆਂ। ਸੜਕ ਤੇ ਉਸਦੀ ਨਜ਼ਰ ਪਈ ਤਾਂ ਉਥੇ ਪੁਲਸ ਦੀ ਜੀਪ ਖੜ੍ਹੀ ਸੀ, ਤੇ ਤਿੰਨ-ਚਾਰ ਰਫ਼ਲਧਾਰੀ ਉਸ ਵੱਲ ਟਿਕਟਿਕੀ ਲਗਾਈ ਵੇਖ ਰਹੇ ਸੀ। ਉਹ ਅਜੀਬ ਸਥਿਤੀ ਵਿਚ ਸੀ। ਸੋਚ ਨਹੀਂ ਸੀ ਸਕਦਾ ਕਿ ਪੁਲਸ ਉਸਦੇ ਦਰਵਾਜ਼ੇ ਤੇ ਕਿਉਂ ਖੜ੍ਹੀ ਸੀ? ਉਸਨੇ ਕੀ ਅਪਰਾਧ ਕੀਤਾ ਸੀ। ਪਤਨੀ ਉਸਦੇ ਪਿੱਛੇ ਭੈ-ਭੀਤ ਹੋਈ ਖੜ੍ਹੀ ਸੀ। ਉਸਦੇ ਮੂੰਹ ਚੋਂ ਕੋਈ ਆਵਾਜ਼ ਨਹੀਂ ਸੀ ਨਿਕਲ ਰਹੀ ਤੇ ਨਾ ਹੀ ਪਤਨੀ ਦੇ ਮੂੰਹ ਤੋਂ।

"ਮੁੰਨੀ ਲਾਲ ਦੇ ਪਿਤਾ ਤੁਸੀਂ ਹੋ?" ਇੱਕ ਪੁਲਸ ਵਾਲੇ ਨੇ ਪੁੱਛਿਆ ਤਾਂ ਉਸਨੇ ਹਾਂ ਵਿੱਚ ਸਿਰ ਹਿਲਾ ਦਿੱਤਾ।

"ਮੁੰਨੀ ਲਾਲ ਨੂੰ ਸਾਡੇ ਹਵਾਲੇ ਕਰ ਦਿਓ, ਨਹੀਂ ਤਾਂ ਅਸੀਂ ਇਸ ਘਰ ਦੇ ਅੰਦਰ ਵੜ ਕੇ ਉਸਨੂੰ ਘਸੀਟਦੇ ਹੋਏ ਲੈ ਜਾਵਾਂਗੇ।" ਕੜਕਦੀ ਆਵਾਜ਼ ਵਿਚ ਇੱਕ ਮੁੱਛਾਂ ਵਾਲੇ ਨੇ, ਜਿਸਦੀ ਪੁਲਸ ਦੀ ਵਰਦੀ ਕੁਝ ਜ਼ਿਆਦਾ ਹੀ ਫੱਬ ਰਹੀ ਸੀ, ਆਖਿਆ ਤੇ ਕਮਰੇ ਦੇ ਅੰਦਰ ਘੁਸ ਆਇਆ।

ਕੇਸ਼ਬ ਤੇ ਪਤਨੀ ਪੁਲਸ ਵਾਲੇ ਦੀ ਹਿੰਮਤ, ਵੇਖ ਕੇ ਦੰਗ ਹੋ ਗਏ। ਘਰ ਵਿਚ ਘੁਸ ਆਈ ਪੁਲਸ ਦੇ ਸਾਹਮਣੇ ਉਹਨਾਂ ਦੀ ਆਵਾਜ਼ ਬੰਦ ਸੀ। ਕੇਸ਼ਬ ਦਾ ਬੇਟਾ ਮੁੰਨੀ ਲਾਲ ਇਹਨਾਂ ਸਾਰੀਆਂ ਖ਼ਬਰਾਂ ਤੋਂ ਬੇਖਬਰ ਪਿਛਲੇ ਕਮਰੇ ਵਿਚ ਸੌਂ ਰਿਹਾ ਸੀ। ਟਿਊਸ਼ਨ ਤੋਂ ਆਉਣ ਬਾਅਦ ਦੇਰ ਰਾਤ ਤੱਕ ਉਹ ਲਿਖਦਾ-ਪੜ੍ਹਦਾ ਰਿਹਾ ਸੀ। ਥੋੜ੍ਹੀ ਦੇਰ ਪਹਿਲਾਂ ਹੀ ਉਸਦੀ ਅੱਖ ਲੱਗੀ ਸੀ। ਉਸਨੂੰ ਕੀ ਪਤਾ ਸੀ ਕਿ ਉਸ ਦੇ ਘਰ ਅਤੇ ਘਰ ਤੋਂ ਬਾਹਰ ਜਮਦੂਤ ਖੜ੍ਹੇ ਹਨ। ਆਪਣੇ ਸੁੱਤੇ ਹੋਏ ਤੇ ਬੇਗੁਨਾਹ ਬੇਟੇ ਨੂੰ ਪੁਲਸ ਦੇ ਹਵਾਲੇ ਕਿਵੇਂ ਕਰ ਦੇਵੇ। ਆਖ਼ਰ ਉਸਨੇ ਕੀ ਅਪਰਾਧ ਕੀਤਾ ਸੀ? ਕੇਸ਼ਬ ਅਜੇ ਮਨ ਵਿਚ ਸੋਚ ਹੀ ਰਿਹਾ ਸੀ ਕਿ ਮੁੱਛਾਂ ਵਾਲਾ ਫਿਰ ਗੱਜਿਆ।

"ਜਲਦੀ ਕਰੋ ਅਜੇ ਅਸਾਂ ਕਈ ਬਦਮਾਸ਼ਾਂ ਨੂੰ ਪਕੜਨਾ ਹੈ। ਇਸ ਮੁਹੱਲੇ ਵਿਚ ਹੋਰ ਵੀ ਕਈ ਬਦਮਾਸ਼ ਹਨ।" ਮੁੱਛਾਂ ਵਾਲੇ ਨੇ ਕਿਹਾ ਤੇ ਡੰਡਾ ਏਨੇ ਜ਼ੋਰ ਦੀ ਤਖ਼ਤੇ ਉੱਤੇ ਮਾਰਿਆ ਕਿ ਤੜਾਕ ਦੀ ਆਵਾਜ਼ ਦੇ ਨਾਲ ਅੰਦਰਲੇ ਕਮਰੇ ਵਿੱਚ ਸੁੱਤੇ ਮੁੰਨੀ ਲਾਲ ਦੀ ਅੱਖ ਖੁੱਲ ਗਈ। ਅੱਖਾਂ ਮਲਦੇ ਹੀ ਉਹ ਬਾਹਰ ਵਾਲੇ ਕਮਰੇ ਵਿਚ ਆ ਗਿਆ। ਕਮਰੇ ਵਿਚ ਪੁਲਸ ਨੂੰ ਵੇਖ ਕੇ ਉਹ ਹੱਕਾ-ਬੱਕਾ ਰਹਿ ਗਿਆ। ਮੁੰਨੀ ਲਾਲ ਉੱਤੇ ਨਜ਼ਰ ਪੈਂਦੇ ਹੀ, ਮੁੱਛਾਂ ਵਾਲੇ ਦੀਆਂ ਵਾਛਾਂ ਖਿੜ ਗਈਆਂ। ਉਸਨੂੰ ਲੱਗਿਆ ਕਿ ਸ਼ਿਕਾਰ ਆਪਣੇ ਆਪ ਹੀ ਸ਼ੇਰ ਦੇ ਮੂੰਹ ਤੀਕ ਚੱਲ ਕੇ ਆ ਗਿਆ ਹੈ। ਮੁੰਨੀ ਲਾਲ ਨੂੰ ਉਸਨੇ ਇਸ ਤਰ੍ਹਾਂ ਦਬੋਚ ਲਿਆ ਕਿ ਜਿਵੇਂ ਉਹ ਕੋਈ ਖ਼ਤਰਨਾਕ ਜਾਨਵਰ ਹੋਵੇ। ਉਹ ਉਫ਼ ਤੱਕ ਨਹੀਂ ਕਰ ਸਕਿਆ। ਘਸੀਟਦੇ ਹੋਏ ਮੁੱਛਾਂ ਵਾਲਾ ਉਸਨੂੰ ਘਰ ਦੇ ਬਾਹਰ ਲੈ ਆਇਆ ਤੇ ਮਰੇ ਜਾਨਵਰ ਵਾਂਗ ਜੀਪ ਵਿਚ ਲਿਆ ਕੇ ਸੁੱਟਿਆ। ਮੁੱਛਾਂ ਵਾਲਾ ਆਪਣੇ ਅੰਦਰ ਇਸ ਤਰ੍ਹਾਂ ਮਾਣ ਮਹਿਸੂਸ ਕਰ ਰਿਹਾ ਸੀ ਕਿ ਅੱਜ ਉਸਨੇ ਜਿਹੜਾ ਕੰਮ ਕੀਤਾ ਹੈ, ਹੁਣ ਤੀਕ ਕਦੇ ਉਸਦੇ ਪਿਓ ਨੇ ਵੀ ਨਹੀਂ ਸੀ ਕੀਤਾ ਹੋਣਾ। ਧੌਣ ਉੱਚੀ ਕਰਕੇ ਉਸਨੇ ਆਪਣੇ ਅਫ਼ਸਰ ਨੂੰ ਸਲਾਮ ਠੋਕਿਆ ਤੇ ਜੀਪ ਵਿਚ ਬੈਠ ਗਿਆ।

ਕੇਸ਼ਬ ਮੱਥਾ ਫੜ ਕੇ ਬੂਹੇ ਵਿਚ ਬੈਠ, ਸੋਚ ਰਿਹਾ ਸੀ ਕਿ ਮੁਹੱਲੇ ਵਿਚ ਐਸਾ ਕਿਹੜਾ ਮੁਖ਼ਬਰ ਪੈਦਾ ਹੋ ਗਿਆ ਹੈ, ਜੋ ਪੁਲਸ ਨੂੰ ਝੂਠੀਆਂ ਖ਼ਬਰਾਂ ਦੇ ਰਿਹਾ ਹੈ। ਦਰਵਾਜ਼ੇ ਵਿਚ ਬੈਠੇ-ਬੈਠੇ ਹੀ ਉਸਨੇ ਆਂਢ-ਗੁਆਂਢ ਤੇ ਮੁੱਹਲੇ ਦੇ ਹਰ ਘਰ ਵਿਚ ਝਾਕਿਆ। ਹਰ ਕਿਸੇ ਦੇ ਮਨ ਨੂੰ ਟੋਹਿਆ। ਉਸਦੀਆਂ ਅੱਖਾਂ ਮੁਹੱਲੇ ਵਿਚ ਰਹਿ ਰਹੇ ਦਰਮਿਆਨੇ ਦਰਜੇ ਦੇ ਠਾਕਰ ਸਾਹਿਬ ਦੇ ਚਿਹਰੇ ਉੱਤੇ ਅਟਕ ਗਈਆਂ। ਕੇਸ਼ਬ ਦਾ ਬੇਟਾ ਮੁੰਨੀ ਲਾਲ ਨਾ ਅਵਾਰਾ ਸੀ, ਨਾ ਬਦਮਾਸ਼। ਨਾ ਅਪਰਾਧੀ ਸੀ ਤੇ ਨਾ ਹੀ ਉਸ ਦਾ ਅਪਰਾਧੀ ਰੁਚੀਆਂ ਵਾਲੇ ਲੜਕਿਆਂ ਨਾਲ ਕੋਈ ਮੇਲ-ਜੋਲ ਹੀ ਸੀ। ਉਹ ਸਿੱਧਾ ਤੇ ਪੜਾਕੂ ਮੁੰਡਾ ਸੀ। ਉਸਦਾ ਅਪਰਾਧ ਸਿਰਫ਼ ਏਨਾ ਸੀ ਕਿ ਉਹ ਚੰਗਾ ਖਾਂਦਾ ਤੇ ਚੰਗਾ ਪਹਿਨਦਾ ਸੀ। ਥੋੜ੍ਹਾ ਘੁੰਮਣ ਫਿਰਨ ਤੇ ਖੇਡਣ-ਕੁੱਦਣ ਦਾ ਸ਼ੌਕੀਨ ਸੀ। ਗਾਲੜੀ ਏਨਾ ਸੀ ਕਿ ਕਦੇ-ਕਦੇ ਠਾਕਰ ਸਾਹਿਬ ਦੇ ਬੇਟੇ ਨੂੰ ਵੀ ਆਪਣੀਆਂ ਗੱਲਾਂ ਦੀ ਲਪੇਟ ਵਿਚ ਲੈ ਆਉਂਦਾ ਸੀ। ਡਾਂਟ ਵੀ ਦਿੰਦਾ ਸੀ। ਮੁੰਨੀ ਲਾਲ ਦੀਆਂ ਗੱਲਾਂ ਤੇ ਡਾਂਟ-ਡਪਟ ਨਾਲ ਠਾਕਰ ਸਾਹਿਬ ਘਾਇਲ ਪੰਛੀ ਵਾਂਗੂ ਤੜਫ਼ਦੇ ਰਹਿ ਜਾਂਦੇ। ਉਹਨਾਂ ਨੂੰ ਇਹ ਗੱਲ ਭਲਾ ਕਿਵੇਂ ਹਜ਼ਮ ਤੇ ਬਰਦਾਸ਼ਤ ਹੁੰਦੀ ਕਿ ਠਾਕਰ ਦੇ ਮੁੰਡੇ ਦੀ ਇੱਕ ਗੈਰ-ਠਾਕਰ ਦਾ



ਮੁੰਡਾ ਡਾਂਟ-ਡਪਟ ਕਰੇ। ਗੱਲਾਂ ਵਿਚ ਹਰਾਵੇ ਅਤੇ ਚੜ੍ਹ-ਚੜ੍ਹ ਕੇ ਆਪਣੀਆਂ ਗੱਲਾਂ ਕਰੇ। ਭਲਾ ਇਹ ਵੀ ਕੋਈ ਗੱਲ ਹੋਈ। ਠਾਕਰ ਨਾ ਹੋਏ ਜਿਵੇਂ ਕੋਈ ਚਮਾਰ ਭੰਗੀ ਹੋਵੇ।

ਠਾਕਰ ਸਾਹਿਬ ਜ਼ਾਤ ਦੇ ਠਾਕਰ ਸਨ, ਪਰ ਉਹਨਾਂ ਦੀ ਔਕਾਤ ਠਾਕਰ ਵਾਲੀ ਨਹੀਂ ਸੀ। ਦਰਮਿਆਨੇ ਦਰਜੇ ਦਾ ਰਹਿਣ-ਸਹਿਣ ਤੇ ਦਰਮਿਆਨੇਂ ਦਰਜੇ ਦਾ ਉਹਨਾਂ ਦਾ ਖਾਣ-ਪੀਣ ਸੀ। ਉਹਨਾਂ ਦਾ ਉਠੱਣਾ-ਬੈਠਣਾ ਵੀ ਦਰਮਿਆਨੇ ਲੋਕਾਂ ਦੇ ਨਾਲ ਹੀ ਹੁੰਦਾ ਸੀ। ਕਿਉਂਕਿ ਨਾ ਉਹ ਗੰਢ ਦੇ ਮਜ਼ਬੂਤ ਸਨ, ਨਾ ਘਰ ਤੋਂ। ਕਾਰਖਾਨੇ ਦੇ ਮਜ਼ਦੂਰਾਂ ਵਿਚ ਵੀ ਉਹ ਇੱਕ ਮਜ਼ਦੂਰ ਹੀ ਸਨ। ਕੇਸ਼ਬ ਨਾਲੋਂ ਗਰੇਡ ਵਿਚ ਵੀ ਛੋਟੇ ਸਨ। ਮੁਹੱਲੇ ਵਿਚ ਉਹਨਾਂ ਨੇ ਆਪਣੇ ਆਪ ਨੂੰ ਇੱਕ ਨੇਤਾ ਦੇ ਰੂਪ ਵਿਚ ਪ੍ਰਚਾਰਤ ਕੀਤਾ ਹੋਇਆ ਸੀ। ਲੋਕਾਂ ਦੇ ਛੋਟੇ-ਮੋਟੇ ਕੰਮ ਕਰ ਦਿੰਦੇ ਸਨ, ਦੁੱਖ-ਸੁੱਖ ਵਿਚ ਸ਼ਾਮਿਲ ਹੋ ਜਾਂਦੇ। ਇਸ ਦੇ ਹੁੰਦੇ ਵੀ ਉਹਨਾਂ ਅੰਦਰ ਸੱਪ ਦੀ ਤਰ੍ਹਾਂ ਕੁੰਡਲੀ ਮਾਰੀ ਬੈਠਾ ਠਾਕਰ, ਕਦੇ-ਕਦੇ ਆਪਣਾ ਫਣ ਚੌੜਾ ਕਰ ਦਿੰਦਾ। ਉਹ ਫੁੰਕਾਰਾ ਮਾਰ ਉੱਠਦੇ, "ਮੈਂ ਵੀ ਕੋਈ ਐਵੇਂ ਦਾ ਨਹੀਂ, ਨਿਰਧਨ ਹਾਂ ਤਾਂ ਕਿ ਹੋਇਆ, ਆਖ਼ਰ ਹਾਂ ਤਾਂ ਠਾਕਰ।"

ਉਹਨਾਂ ਦੇ ਬਹੁਤੇ ਰਿਸ਼ਤੇਦਾਰ ਪੁਲਸ ਵਿਚ ਸਨ। ਉਹਨਾਂ ਦੇ ਘਰ ਬਰਾਬਰ ਆਉਂਦੇ ਜਾਂਦੇ ਸਨ। ਉਹ ਇਸਨੂੰ ਠਾਠਮਈ ਸ਼ਾਨ ਸਮਝਦੇ ਅਤੇ ਮੁੱਹਲੇ ਵਾਲਿਆਂ ਉੱਤੇ ਰੁਤਬਾ ਝਾੜਦੇ ਰਹਿੰਦੇ। ਕਦੇ-ਕਦੇ ਦੱਬੀ ਜ਼ੁਬਾਨ ਨਾਲ ਕਿਸੇ ਨੂੰ ਧਮਕੀ ਵੀ ਦੇ ਦਿੰਦੇ। ਵਰ੍ਹ ਵੀ ਪੈਂਦੇ। ਗੱਲ ਅੱਗੇ ਵੱਧਣ ਲੱਗਦੀ ਤਾਂ ਤੂੰ-ਤੂੰ, ਮੈਂ-ਮੈਂ ਦੀ ਨੌਬਤ ਆ ਜਾਂਦੀ ਤਾਂ ਆਪਣੀ ਹਾਲਤ ਵੇਖ ਚੁੱਪ ਕਰ ਜਾਂਦੇ। ਉਹਨਾਂ ਦਾ ਵੱਡਾ ਲੜਕਾ ਇੱਕ ਤਰ੍ਹਾਂ ਨਾਲ ਲਫੰਗਾ ਸੀ, ਪਰ ਕੇਸ਼ਬ ਦੇ ਵੱਡੇ ਲੜਕੇ ਦਾ ਮਿੱਤਰ ਵੀ ਸੀ। ਦੋਵਾਂ ਵਿਚ ਚੰਗੀ ਦੋਸਤੀ ਸੀ। ਇਹ ਦੋਸਤੀ ਇਸ ਲਈ ਸੀ ਕਿ ਠਾਕਰ ਸਾਹਿਬ ਦੇ ਵੱਡੇ ਲੜਕੇ ਦੀਆਂ ਹਰਕਤਾਂ ਕੁਝ ਅਜਿਹੀਆਂ ਸਨ ਕਿ ਉਹ ਜਿੱਥੇ ਵੀ ਜਾਂਦਾ ਕੁੱਟ ਖਾ ਕੇ ਆਉਂਦਾ। ਕੇਸ਼ਬ ਦਾ ਵੱਡਾ ਲੜਕਾ ਨਾਲ ਹੁੰਦਾ ਤਾਂ ਉਸਦਾ ਬਚਾਅ ਹੋ ਜਾਂਦਾ। ਇੱਕ ਤਰ੍ਹਾਂ ਨਾਲ ਠਾਕਰ ਦੇ ਵੱਡੇ ਲੜਕੇ ਦਾ ਕੇਸ਼ਵ ਦਾ ਲੜਕਾ ਸੰਜੋਅ ਸੀ, ਪਰ ਕੁਝ ਸਾਲਾਂ ਪਿੱਛੋਂ ਵੱਖਰੇ ਰਾਹਾਂ ਤੇ ਚੱਲ ਪਏ। ਇਸ ਦਾ ਨੁਕਸਾਨ ਕੇਸ਼ਬ ਦੇ ਲੜਕੇ ਨੂੰ ਘੱਟ, ਠਾਕਰ ਸਾਹਿਬ ਦੇ ਲੜਕੇ ਨੂੰ ਜ਼ਿਆਦਾ ਸੀ। ਕਿਉਂਕਿ ਕੇਸ਼ਬ ਸਾਹਿਬ ਦੇ ਵੱਡੇ ਲੜਕੇ ਰਾਹੀਂ ਠਾਕਰ ਸਾਹਿਬ ਆਪਣੇ ਬਹੁਤ ਸਾਰੇ ਕੰਮ ਕਢਵਾ ਲੈਂਦੇ ਸੀ।

ਇੱਕ ਸਮਾਂ ਐਸਾ ਸੀ ਕਿ ਕੇਸ਼ਬ ਅਤੇ ਠਾਕਰ ਸਾਹਿਬ ਵਿਚ ਗੂੜ੍ਹੀ ਦੋਸਤੀ ਸੀ। ਇੱਕ ਦੂਸਰੇ ਦੇ ਉਠੱਣ-ਬੈਠਣ, ਖਾਣਾ-ਪੀਣਾ, ਦੁੱਖ-ਸੁੱਖ ਵਿਚ ਸ਼ਾਮਿਲ ਹੋਣਾ ਆਮ ਗੱਲ ਸੀ। ਪਰ ਗੱਲ ਕੁਝ ਉਸ ਵੇਲੇ ਖਟਕ ਗਈ ਜਦੋਂ ਦੋਵਾਂ ਨੇ ਬੀ.ਡੀ.ਏ. ਦੁਆਰਾ ਖਰੀਦੇ ਮਕਾਨ ਵਿਚ ਇੱਕ-ਇੱਕ ਕਮਰਾ ਵਧਾਉਣ ਦੀ ਸੋਚੀ ਤੇ ਦੋਵਾਂ ਨੇ ਇੱਕ ਹੀ ਰਾਜ ਮਿਸਤਰੀ ਤੋਂ ਠੀਕ ਕਰਾਉਣ ਦੀ ਸੋਚੀ। ਇੱਕ ਦਿਨ ਉਹ ਠਾਕਰ ਸਾਹਿਬ ਦੇ ਕਮਰੇ ਦੀ ਚਿਣਾਈ ਕਰਦਾ ਤਾਂ ਦੂਸਰੇ ਦਿਨ ਕੇਸ਼ਬ ਸਾਹਿਬ ਦੇ ਕਮਰੇ ਦੀ। ਕਿਸੇ ਦਿਨ ਉਹ ਥੋਖਾ ਦੇ ਜਾਂਦਾ ਤਾਂ ਉਹ ਦੋਵੇਂ ਹੱਥ ਤੇ ਹੱਥ ਧਰਕੇ ਬੈਠੇ ਰਹਿੰਦੇ। ਠਾਕਰ ਦੀ ਔਰਤ, ਜਿੱਥੇ ਕੰਮ ਕਰਾਉਣ ਵਿਚ ਤੇ ਬੋਲ ਚਾਲ ਵਿਚ ਚੰਟ ਔਰਤ ਸੀ, ਉਥੇ ਕੇਸ਼ਬ ਦੀ ਔਰਤ ਢਿੱਲੀ ਸੀ। ਦੂਸਰੇ ਦਿਨ ਰਾਜ ਮਿਸਤਰੀ ਆਉਂਦਾ ਤਾਂ ਠਾਕਰ ਦੀ ਔਰਤ ਰਾਸ਼ਣ ਪਾਣੀ ਲੈ ਕੇ ਉਸਤੇ ਚੜ੍ਹ ਜਾਂਦੀ ਤੇ ਆਪਣੇ ਕੰਮ ਵਿਚ ਲਗਾ ਲੈਂਦੀ। ਕੇਸ਼ਬ ਦੀ ਔਰਤ ਮਨ ਹੀ ਮਨ ਵਿਚ ਕੁੜ੍ਹਦੀ ਰਹਿ ਜਾਂਦੀ। ਠਾਕਰ ਸਾਹਿਬ ਠਹਾਕੇ ਮਾਰ ਕੇ ਹੱਸਦੇ, ਜਿਸਦਾ ਅਰਥ ਸੀ ਕਿ ਠਾਕਰ ਦਾ ਕੰਮ ਪਹਿਲਾਂ ਹੋਵੇਗਾ।

ਹੌਲੀ-ਹੌਲੀ ਨਰਾਜ਼ਗੀ ਵਧਦੀ ਗਈ ਤੇ ਦੋਸਤੀ ਅਣਬਣ ਵਿਚ ਬਦਲਦੀ ਗਈ। ਇੱਕ ਦਿਨ ਰਾਜ ਮਿਸਤਰੀ ਕੇਸ਼ਬ ਦੇ ਘਰ ਕੰਮ ਕਰ ਰਿਹਾ ਸੀ। ਠਾਕਰਆਣੀ ਨਦੀ ਦੀ ਤਰ੍ਹਾਂ ਸ਼ੂਕਦੀ ਆਈ ਤੇ

ਰਾਜ ਮਿਸਤਰੀ ਦਾ ਹੱਥ ਫੜ ਕੇ ਉਠਾ ਕੇ ਲੈ ਗਈ ਤੇ ਆਪਣੇ ਕੰਮ ਵਿਚ ਲਗਾ ਲਿਆ। ਇਹ ਜ਼ੋਰ-ਜ਼ਬਰਦਸਤੀ ਵਾਲੀ ਗੱਲ ਕੇਸ਼ਬ ਨੂੰ ਚੰਗੀ ਨਾ ਲੱਗੀ। ਉਸਨੂੰ ਪ੍ਰਤੀਤ ਹੋਇਆ ਕਿ ਠਾਕਰ ਸਾਹਿਬ ਪਰਦੇ ਦੇ ਪਿੱਛੇ ਰਹਿ ਕੇ ਆਪਣਾ ਠਾਕਰਪੁਣਾ ਵਿਖਾ ਰਹੇ ਸਨ। ਉਸਨੂੰ ਗੁੱਸਾ ਆ ਗਿਆ। ਠਾਕਰ ਤੇ ਠਾਕਰਆਣੀ ਦੋਵਾਂ ਉੱਤੇ ਵਰ੍ਹ ਗਿਆ। ਉਸ ਦਿਨ ਤੋਂ ਪਿੱਛੋਂ ਗਲੱਬਾਤ ਬੰਦ ਹੋ ਗਈ। ਆਉਣਾ-ਜਾਣਾ, ਉੱਠਣਾ-ਬੈਠਣਾ ਬੰਦ। ਕੇਸ਼ਬ ਨੇ ਦੂਸਰਾ ਰਾਜ ਮਿਸਤਰੀ ਰੱਖ ਲਿਆ। ਹੁਣ ਠਾਕਰ ਸਾਹਿਬ ਕੇਸ਼ਬ ਨੂੰ ਦੇਖਦੇ ਤਾਂ ਪਾਸਾ ਵੱਟ ਜਾਂਦੇ। ਕੇਸ਼ਬ ਠਾਕਰ ਸਾਹਿਬ ਨੂੰ ਵੇਖਦਾ ਤਾਂ ਮੂੰਹ ਵੱਟ ਲੈਂਦਾ। ਬਾਅਦ ਵਿਚ ਮੇਲ-ਮਿਲਾਪ ਤਾਂ ਹੋਇਆ ਪਰ ਮਨ ਦੀ ਗੰਢ ਜਿਉਂ ਦੀ ਤਿਉਂ ਹੀ ਰਹੀ। ਪਹਿਲਾਂ ਵਾਲੀ ਨਾ ਗੱਲ ਰਹੀ, ਨਾ ਪ੍ਰੇਮ ਭਾਵ।

ਇਹਨਾਂ ਸਾਰੀਆਂ ਗੱਲਾਂ ਉੱਤੇ ਗੌਰ ਕਰਨ ਤੋਂ ਬਾਅਦ ਕੇਸ਼ਬ ਨੂੰ ਲੱਗਿਆ ਕਿ ਹੋਵੇ ਨਾ ਹੋਵੇ, ਪੁਲਸ ਦਾ ਮੁਖਬਰ ਠਾਕਰ ਸਾਹਿਬ ਹੀ ਹੈ। ਪਰ ਉਸਨੂੰ ਯਕੀਨ ਨਹੀਂ ਆਇਆ ਕਿਉਂਕਿ ਉਸਨੂੰ ਅਜੇ ਵੀ ਵਿਸ਼ਵਾਸ ਸੀ ਕਿ ਠਾਕਰ ਸਾਹਿਬ ਛੋਟਾ-ਮੋਟਾ ਨੁਕਸਾਨ ਤਾਂ ਪਹੁੰਚਾ ਸਕਦੇ ਹਨ, ਪਰ ਪੁਲਸ ਦੀ ਮੁਖ਼ਬਰੀ ਵਰਗਾ ਘਟੀਆ ਕੰਮ ਨਹੀਂ ਕਰ ਸਕਦੇ ਤੇ ਉਹ ਵੀ ਝੂਠੀ ਮੁਖ਼ਬਰੀ। ਇਹ ਗੱਲ ਵੱਖਰੀ ਹੈ ਕਿ ਉਹਨਾਂ ਦੇ ਵਧੇਰੇ ਰਿਸ਼ਤੇਦਾਰ ਪੁਲਸ ਵਿਚ ਹੋਣ ਕਾਰਨ ਉਹ ਲੋਕਾਂ ਉੱਤੇ ਕਦੀ ਪੁਲਸੀ ਧੌਂਸ ਜਮਾਉਂਦੇ ਰਹਿੰਦੇ ਸਨ। ਉਹਨਾਂ ਦੀ ਨਾਰਾਜ਼ਗੀ ਮੇਰੇ ਨਾਲ ਹੈ, ਨਾ ਕਿ ਮੇਰੇ ਬੇਟੇ ਨਾਲ਼।

ਦਰਵਾਜ਼ੇ ਤੋਂ ਉੱਠ ਕੇ ਉਹ ਕਮਰੇ ਵਿਚ ਆ ਗਿਆ। ਰਾਤ ਬਿੰਡਿਆ ਦੀ ਆਵਾਜ਼ ਨਾਲ ਝੁਣ-ਝੁਣਾ ਰਹੀ ਸੀ। ਹਰ ਤਰਫ਼ ਰਾਤ ਦੀ ਚੁੱਪ ਛਾ ਰਹੀ ਸੀ। ਆਂਢ-ਗੁਆਂਢ ਦੇ ਲੋਕ ਗੂੜ੍ਹੀ ਨੀਂਦ ਸੌਂ ਰਹੇ ਸੀ। ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਕੇਸ਼ਬ ਦੇ ਘਰ ਕੀ ਵਾਪਰਿਆ ਹੈ। ਇੱਕ ਦੋ ਗਵਾਂਢੀਆਂ ਨੂੰ ਭਿਣਕ ਪਈ ਸੀ ਤੇ ਖਿੜਕੀ ਵਿਚੋਂ ਝਾਕ ਕੇ ਉਹਨਾਂ ਨੇ ਵੇਖਿਆ ਸੀ ਤੇ ਇਹ ਸੋਚ ਕੇ ਖਿੜਕੀ ਬੰਦ ਕਰ ਦਿੱਤੀ ਸੀ ਕਿ ਪੁਲਸ ਨਾਲ ਲੜਾਈ ਵਿਚ ਕੌਣ ਪਵੇ?

ਕੇਸ਼ਬ ਦੀਆਂ ਅੱਖਾਂ ਵਿਚ ਨੀਂਦ ਸੀ ਤੇ ਨਾ ਹੀ ਪਤਨੀ ਦੀਆਂ ਅੱਖਾਂ ਵਿਚ। ਬੂਹਾ ਢੋ ਕੇ ਦੋਵੇਂ ਹੀ ਤਖਤਪੋਸ਼ ਉੱਤੇ ਆਹਮਣੇ-ਸਾਹਮਣੇ ਬੈਠੇ ਸੀ। ਪਰ ਚੁੱਪ ਸਨ। ਦੋਵਾਂ ਦੇ ਚਿਹਰਿਆਂ ਉੱਤੇ ਉਦਾਸੀ ਅਤੇ ਪੀੜ ਸੀ। ਪਤਨੀ ਦੀਆਂ ਅੱਖਾਂ ਅਜੇ ਵੀ ਡੁਬਡੁਬਾਈਆਂ ਹੋਈਆਂ ਸਨ। ਕੇਸ਼ਬ ਉਧੇੜਬੁਣ ਵਿਚ ਲੱਗਾ ਹੋਇਆ ਸੀ ਕਿ ਬਿਨਾਂ ਕੁਝ ਕੀਤੇ ਮੁੰਨਾਂ ਨੂੰ ਪੁਲਸ ਆਖ਼ਰ ਕਿਉਂ ਫੜ ਕੇ ਲੈ ਗਈ ਸੀ। ਉਹ ਵੀ ਇਸ ਤਰ੍ਹਾਂ ਘਸੀਟਦੇ ਹੋਏ ਲੈ ਗਈ, ਜਿਵੇਂ ਉਸਨੇ ਕਿਸੇ ਦੇ ਘਰ ਡਾਕਾ ਮਾਰਿਆ ਹੋਵੇ ਜਾਂ ਫਿਰ ਕਿਸੇ ਦੀ ਹੱਤਿਆ ਕੀਤੀ ਹੋਵੇ। ਇਸ ਕਾਲੋਨੀ ਵਿਚ ਇਕ ਤੋਂ ਇਕ ਵੱਧ ਛਟੇ ਹੋਏ ਬਦਮਾਸ਼ ਹਨ, ਇੱਕ ਤੋਂ ਇੱਕ ਚੜ੍ਹਕੇ ਗੁੰਡੇ ਹਨ। ਉਹਨਾਂ ਨੂੰ ਕਦੇ ਪੁਲਸ ਹੱਥ ਤੀਕ ਨਹੀਂ ਲਾਉਂਦੀ। ਉਹਲੇ ਛੱਡੇ ਹੋਏ ਸਾਨ੍ਹ ਵਾਂਗ ਘੁੰਮਦੇ ਰਹਿੰਦੇ ਹਨ। ਲੋਕਾਂ ਦੀ ਐਸੀ-ਤੈਸੀ ਕਰਦੇ ਰਹਿੰਦੇ ਹਨ। ਇਸ ਗੱਲ ਦੀ ਖ਼ਬਰ ਪੁਲਸ ਤੇ ਮੁਖ਼ਬਰ ਨੂੰ ਨਹੀਂ ਹੈ? ਸਾਲਾ ਮੁਖ਼ਬਰ ਝੂਠਾ ਅਤੇ ਪਾਜੀ! ਖ਼ੁਦ ਠਾਕਰ ਦਾ ਵੱਡਾ ਲੜਕਾ ਮੁਹੱਲੇ ਵਿਚ ਕੁਝ ਦਿਨ ਪਹਿਲਾਂ ਤੀਕ ਊਧਮ ਮਚਾਉਂਦਾ ਰਿਹਾ ਸੀ। ਆਉਂਦੀਆਂ-ਜਾਂਦੀਆਂ ਲੜਕੀਆਂ ਨੂੰ ਛੇੜਦਾ ਰਿਹਾ ਹੈ। ਤਦ ਕੀ ਮੁਖ਼ਬਰ ਸਾਲਾ ਮਰ ਗਿਆ ਸੀ। ਉਸਦੀ ਅੱਖ ਫੁੱਟ ਗਈ ਸੀ?

ਅਜੇ ਇਹਨਾਂ ਸਵਾਲਾਂ ਦੇ ਅੰਦਰੋਂ-ਅੰਦਰ ਹੀ ਕੇਸ਼ਬ ਜੂਝ ਰਿਹਾ ਸੀ ਕਿ ਪਤਨੀ ਦੀ ਆਦਰ ਭਰੀ ਸੁਰ ਉਸਦੇ ਕੰਨਾਂ ਵਿਚ ਪਈ। "ਮੇਰਾ ਤੇ ਦਿਲ ਬੈਠਾ ਜਾ ਰਿਹਾ ਹੈ। ਕੀ ਪਤਾ ਪੁਲਸ ਵਾਲੇ ਮੁੰਨਾ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨ? ਸਵੇਰ ਹੁੰਦੇ ਹੀ ਕਿਸੇ ਨੂੰ ਨਾਲ ਲੈ ਕੇ ਥਾਣੇ ਪਹੁੰਚ ਜਾਓ।" ਪਤਨੀ ਨੇ ਕਿਹਾ ਤੇ ਪੱਲੇ ਨਾਲ ਅੱਖਾਂ ਪੂੰਜਣ ਲੱਗੀ।



ਜ਼ਿਆਦਾ ਚਿੰਤਾ ਮਤ ਕਰੋ। ਜਾ ਕੇ ਸੌਂ ਜਾਓ। ਸਵੇਰੇ ਮੈਂ ਮੁੰਨਾ ਨੂੰ ਥਾਣੇ ਤੋਂ ਵਾਪਸ ਲਿਆਵਾਂਗਾ। ਮੁਹੱਲੇ ਦੇ ਕਿਸੇ ਆਦਮੀ ਦੀ ਇਹ ਬਦਮਾਸ਼ੀ ਹੈ। ਸਮਾਂ ਆਉਣ ਉੱਤੇ ਮੈਂ ਉਸ ਨੂੰ ਵੀ ਵੇਖ ਲਵਾਂਗਾ। ਕੇਸ਼ਬ ਨੇ ਕਿਹਾ ਤੇ ਸਹਿਜ ਨਾਲ ਤਖਤਪੋਸ਼ ਉੱਤੇ ਲੰਮਾ ਪੈ ਗਿਆ।

ਦਿਮਾਗ ਵਿਚ ਖਲਬਲੀ ਜਿਹੀ ਮੱਚਣ ਤੇ ਮਾਨਸਿਕ ਤਣਾਅ ਦੇ ਬਾਵਜੂਦ ਅੱਖ ਬੰਦ ਕਰਦੇ ਹੀ ਉਸਨੂੰ ਝਪਕੀ ਜਿਹੀ ਆ ਗਈ। ਉਸਨੇ ਵੇਖਿਆ ਕਿ ਉਸਦੇ ਬੇਟੇ ਮੁੰਨੀ ਲਾਲ ਨੂੰ ਪੁਲਸ ਨੇ ਨੰਗਾ ਕਰਕੇ ਉਲਟਾ ਲਟਕਾ ਦਿੱਤਾ ਹੈ। ਕੋਈ ਡੰਡਾ ਮਾਰ ਰਿਹਾ ਹੈ ਕੋਈ ਜਲਦੀ ਸਿਗਰਿਟ ਦਾਗ਼ ਰਿਹਾ ਹੈ। ਉਹ ਚੀਖ ਰਿਹਾ ਹੈ, ਚਿੱਲਾ ਰਿਹਾ ਹੈ। ਪਰ ਉਸਦੀ ਚੀਖ ਤੇ ਆਵਾਜ਼ ਨਾ ਕਮਰੇ ਤੋਂ ਬਾਹਰ ਜਾ ਰਹੀ ਹੈ, ਨਾ ਪੁਲਸ ਦੇ ਕੰਨ ਤੀਕ ਪਹੁੰਚ ਰਹੀ ਹੈ। ਪੁਲਸ ਉਸਨੂੰ ਬੇਰਹਿਮੀ ਨਾਲ ਕੁੱਟੀ ਜਾ ਰਹੀ ਹੈ ਤੇ ਪੁੱਛਦੀ ਜਾ ਰਹੀ ਹੈ, ਦੱਸ, ਚੋਰੀ ਦਾ ਮਾਲ ਕਿੱਥੇ ਲੁਕਾ ਰੱਖਿਆ ਹੈ। ਦੱਸ, ਨਹੀਂ ਤਾਂ ਸਾਲਿਆ ਮਾਰ ਦੇਵਾਂਗੇ। ਤੇਰਾ ਪਿਓ, ਸਾਲਾ ਦੋ ਟਕੇ ਦਾ ਆਦਮੀ ਪੁਲਸ ਨਾਲ ਆਕੜ ਕੇ ਗੱਲ ਕਰਦਾ ਹੈ। ਉਸਦੀ ਇਹ ਹਿੰਮਤ?

ਇੱਕ ਝਟਕੇ ਨਾਲ ਕੇਸ਼ਬ ਦੀ ਅੱਖ ਖੁੱਲ੍ਹ ਗਈ। ਹੜਬੜਾ ਕੇ ਉਹ ਉੱਠ ਬੈਠਿਆ। ਉਸਦੀ ਨਜ਼ਰ ਕੋਲ ਬੈਠੀ ਪਤਨੀ ਤੇ ਪਈ। ਉਹ ਅਜੇ ਵੀ ਡੁਬਡੁਬਾਈ ਅੱਖ ਲਈ ਬੈਠੀ ਸੀ।

"ਕੀ ਤੁਸਾਂ ਕੋਈ ਬੁਰਾ ਸੁਪਨਾ ਵੇਖਿਆ" ਉਸਨੂੰ ਹੜਬੜਾ ਕੇ ਉੱਠਦੇ ਹੋਏ ਨੂੰ ਵੇਖ ਪਤਨੀ ਨੇ ਪੁੱਛਿਆ। ਉਸਨੇ ਪਤਨੀ ਨੂੰ ਕੋਈ ਜਵਾਬ ਨਹੀਂ ਦਿੱਤਾ। ਲੁੰਗੀ ਨਾਲ ਅੱਖ-ਮੂੰਹ ਪੂੰਝਿਆ। ਰਸੋਈ ਵਿਚ ਜਾ ਕੇ ਇੱਕ ਗਿਲਾਸ ਪਾਣੀ ਪੀਤਾ ਤੇ ਫਿਰ ਤਖਤਪੋਸ਼ ਤੇ ਆ ਕੇ ਬੈਠ ਗਿਆ। ਘੜੀ ਵੇਖੀ ਤਾਂ ਰਾਤ ਦੇ ਦੋ ਵੱਜ ਰਹੇ ਸੀ।

"ਸਵੇਰ ਹੋਣ ਵਿਚ ਅਜੇ ਬੜਾ ਸਮਾਂ ਸੀ। ਅੰਦਰਲੇ ਕਮਰੇ ਵਿਚ ਜਾ ਕੇ ਥੋੜ੍ਹਾ ਆਰਾਮ ਕਰ ਲਓ। ਅੱਥਰੂ ਵਗਾਉਣ ਨਾਲ ਕੁਝ ਨਹੀਂ ਹੋਵੇਗਾ। ਦਿਲ ਨੂੰ ਥੋੜ੍ਹਾ ਤਕੜਾ ਕਰੋ। ਕੇਸ਼ਬ ਨੇ ਪਤਨੀ ਨੂੰ ਕਿਹਾ।

"ਜਿਸਦਾ ਪੁੱਤਰ ਥਾਣੇ ਵਿਚ ਬੰਦ ਹੋਵੇ, ਉਸਨੂੰ ਕਿੱਥੋਂ ਨੀਂਦ ਆਵੇਗੀ? ਤੁਹਾਡੇ ਲਾਗੇ ਬਹਿ ਕੇ ਹੀ ਰਾਤ ਕੱਟ ਲਵਾਂਗੀ। ਮੁਹੱਲੇ ਦੇ ਲੋਕ ਸੁੱਖ ਵਿਚ ਤਾਂ ਬਹੁਤ ਹਮਾਇਤੀ ਬਣਦੇ ਹਨ। ਕੀ ਉਹਨਾਂ ਨੂੰ ਨਹੀਂ ਪਤਾ ਹੋਵੇਗਾ ਕਿ ਮੁੰਨਾ ਨੂੰ ਪੁਲਸ ਫੜ ਕੇ ਲੈ ਗਈ ਹੈ?"

ਪਤਾ ਹੋਵੇਗਾ, ਸਾਰਿਆਂ ਨੂੰ ਨਹੀਂ ਤਾਂ ਕੁਝ ਲੋਕਾਂ ਨੂੰ ਤਾਂ ਪਤਾ ਹੀ ਹੋਵੇਗਾ। ਪਰ ਪੁਲਸ ਦੀ ਨਜ਼ਰ ਵਿੱਚ ਕੋਈ ਵੀ ਨਹੀਂ ਆਉਣਾ ਚਾਹੁੰਦਾ। ਪੁਲਸ ਦੀ ਦਹਿਸ਼ਤ ਅਜਿਹੀ ਹੁੰਦੀ ਹੈ ਕਿ ਵੱਡੇ-ਵੱਡੇ ਕੰਬ ਜਾਂਦੇ ਹਨ। ਪੁਲਸ ਕਾਨੂੰਨ ਦੇ ਅੰਦਰ ਰਹੇ ਜਾਂ ਕਾਨੂੰਨ ਦੇ ਬਾਹਰ, ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਫ਼ਰਕ ਆਮ ਆਦਮੀ ਨੂੰ ਪੈਂਦਾ ਹੈ। ਕੋਈ ਦੂਸਰੀ ਤਰ੍ਹਾਂ ਦੀ ਮੁਸੀਬਤ ਹੁੰਦੀ ਤਾਂ ਹੁਣ ਤੀਕ ਪੂਰਾ ਆਂਢ-ਗੁਆਂਢ ਸਾਡੇ ਘਰ ਵਿਚ ਹੁੰਦਾ।"

ਕੇਸ਼ਬ ਦੀ ਗੱਲ ਸੁਣ ਕੇ ਪਤਨੀ ਚੁੱਪ ਹੋ ਗਈ। ਪੁਲਸੀ ਆਤੰਕ ਕੀ ਹੁੰਦਾ ਹੈ, ਉਸਨੂੰ ਅਜੇ ਤੀਕ ਪਤਾ ਨਹੀਂ ਸੀ। ਉਸਦਾ ਅਜੇ ਤੀਕ ਨਾ ਪੁਲਸ ਨਾਲ ਵਾਹ ਪਿਆ ਸੀ, ਨਾ ਉਸਨੇ ਜੇਲ੍ਹ ਤੇ ਥਾਣੇ ਨੂੰ ਹੀ ਵੇਖਿਆ ਸੀ। ਪੁਲਸ ਦੇ ਬਾਰੇ ਵਿਚ ਉਸਨੇ ਏਨਾ ਜ਼ਰੂਰ ਸੁਣਿਆ ਹੋਇਆ ਸੀ ਕਿ ਪੁਲਸ ਆਪਣੇ ਪਿਓ ਦੀ ਵੀ ਨਹੀਂ ਹੁੰਦੀ।

ਸਵੇਰ ਹੁੰਦੀ ਹੀ ਕੇਸ਼ਬ ਕਈ ਲੋਕਾਂ ਦੇ ਪਾਸ ਗਿਆ। ਪਰ ਥਾਣੇ ਤੇ ਪੁਲਸ ਦੇ ਨਾਂ ਸੁਣਦੇ ਹੀ ਉਹਨਾਂ ਦੀ ਹਵਾ ਨਿਕਲ ਜਾਂਦੀ। ਕਿਸੇ ਨੇ ਜ਼ਰੂਰੀ ਕੰਮ ਦਾ ਬਹਾਨਾ ਬਣਾਇਆ ਤੇ ਕਿਸੇ ਨੇ ਤਬੀਅਤ

ਖ਼ਰਾਬ ਹੋਣ ਦਾ, ਕੋਈ ਜਾਣ ਨੂੰ ਤਿਆਰ ਵੀ ਹੋਇਆ ਤਾਂ ਕੱਪੜੇ ਪਾਉਣ ਦੇ ਬਹਾਨੇ ਘਰ ਅੰਦਰ ਵੜਿਆ ਤਾਂ ਬਾਹਰ ਹੀ ਨਹੀਂ ਨਿਕਲਿਆ। 'ਨਾਮਰਦੀ ਦੀ ਹੀ ਹੱਦ ਹੁੰਦੀ ਹੈ।' ਮਨ ਹੀ ਮਨ ਕੇਸ਼ਬ ਬੁਦ-ਬੁਦਾਇਆ ਤੇ ਇਕੱਲਾ ਹੀ ਥਾਣੇ ਵੱਲ ਚੱਲ ਪਿਆ। ਉਹ ਜਿਸ ਵੇਲੇ ਥਾਣੇ ਪਹੁੰਚਿਆ ਸਵੇਰ ਦੇ ਦਸ ਵੱਜ ਰਹੇ ਸਨ। ਕਈ ਘੰਟੇ ਉਸ ਨੂੰ ਲੋਕਾਂ ਦੀ ਖੁਸ਼ਾਮਦ ਵਿਚ ਲੱਗ ਗਏ। ਉਹ ਵੀ ਉਹ ਲੋਕ ਸਨ, ਜਿਹਨਾਂ ਨਾਲ ਦਿਨ-ਰਾਤ ਉੱਠਣ-ਬੈਠਣ ਸੀ ਤੇ ਜਿਹਨਾਂ ਦੇ ਦੁੱਖ-ਸੁੱਖ ਵਿਚ ਉਹ ਹਾਲੀਂ ਤੀਕ ਹਜ਼ਾਰਾਂ ਵਾਰ ਸ਼ਾਮਿਲ ਹੋ ਚੁੱਕਿਆ ਸੀ।

ਥਾਣੇ ਦੇ ਮੁੱਖ ਗੇਟ ਉੱਤੇ ਹੀ ਮੁੱਛਾਂ ਵਾਲਾ ਖਲੋਤਾ ਸੀ। ਕੇਸ਼ਬ ਨੂੰ ਵੇਖਦੇ ਹੀ ਉਹ ਬੋਲ ਪਿਆ 'ਆ ਗਏ ਕੇਸ਼ਬ ਪ੍ਰਸਾਦ ਸਾਹਿਬ' ਆ ਗਏ। ਆਈਏ ਆਪ ਦੀ ਉਡੀਕ ਸਵੇਰ ਤੋਂ ਹੀ ਹੋ ਰਹੀ ਸੀ। ਉਸਨੇ ਆਖਿਆ ਤੇ ਉੱਚੀ ਸਾਰੀ ਹੱਸ ਪਿਆ। ਕੇਸ਼ਬ ਉਸਦਾ ਮੂੰਹ ਹੀ ਵੇਖਦਾ ਰਹਿ ਗਿਆ। ਘਰ ਤੋਂ ਉਹ ਇਹ ਸੋਚ ਕੇ ਨਿਕਲਿਆ ਸੀ ਕਿ ਥਾਣੇ ਪਹੁੰਚ ਕੇ ਉਹ ਸਭ ਤੋਂ ਪਹਿਲਾਂ ਇਹੀ ਸਵਾਲ ਪੁੱਛੇਗਾ, ਕਿ ਮੇਰੇ ਮੁੰਡੇ ਨੇ ਐਸਾ ਕਿਹੜਾ ਕੰਮ ਕੀਤਾ ਹੈ ਕਿ ਉਸਨੂੰ ਘਸੀਟਦੇ ਲਿਆਏ? ਇਸ ਤਰ੍ਹਾਂ ਦੇ ਕਈ ਹੋਰ ਸਵਾਲ ਉਸਦੇ ਦਿਮਾਗ ਵਿਚ ਗੁਦਗੁਦਾ ਰਹੇ ਸੀ। ਪਰ ਮੁੱਛਾਂ ਵਾਲੇ ਦਾ ਠਹਾਕੇਦਾਰ ਹਾਸਾ ਸੁਣ ਕੇ ਉਹ ਸਹਿਮ ਕੇ ਚੁੱਪ ਕਰ ਗਿਆ। ਸਵਾਲ ਪੁੱਛਣ ਦੀ ਗੱਲ ਤਾਂ ਦੂਰ ਰਹੀ, ਉਸਦੇ ਮੂੰਹ ਤੋਂ ਇੱਕ ਸ਼ਬਦ ਵੀ ਨਹੀਂ ਨਿਕਲਿਆ, ਉਹ ਸ਼ੱਕ ਤੇ ਅਸ਼ੰਕਾ ਦੇ ਵਿਚਕਾਰ ਝੂਲਣ ਲੱਗਾ। ਪੁਲਿਸ ਵਾਲਿਆਂ ਨੇ ਮੁੰਨਾ ਨੂੰ ਕੁੱਟਿਆ ਤਾਂ ਨਹੀਂ ਹੈ, ਸਵਾਲ ਪੁੱਛਣਾ ਭੁੱਲ ਕੇ ਉਹ ਬੇਟੇ ਨੂੰ ਇੱਕ ਨਜ਼ਰ ਵੇਖਣ ਲਈ ਤੜਫ ਉੱਠਿਆ।

"ਹਵਾਲਦਾਰ ਸਾਹਿਬ ਮੈਂ ਆਪਣੇ ਬੇਟੇ ਨੂੰ ਵੇਖਣਾ ਚਾਹੁੰਦਾ ਹਾਂ।" ਬਹੁਤ ਹੀ ਅਧੀਨਗੀ ਦੀ ਭਾਵਨਾ ਨਾਲ ਉਸਨੇ ਕਿਹਾ।

"ਵੇਖਣ ਲਈ ਕੌਣ ਮਨ੍ਹਾ ਕਰਦਾ ਹੈ। ਹਵਾਲਾਤ ਵਿਚ ਹੈ, ਜਾ ਕੇ ਵੇਖ ਲਓ। ਕੁਝ ਖਾਣ-ਪੀਣ ਲਈ ਲਿਆਏ ਹੋ ਤਾਂ ਉਸ ਨੂੰ ਦੇ ਦਿਓ। ਵਿਚਾਰਾ ਭੁੱਖਾ ਹੋਵੇਗਾ।" ਮੁੱਛਾਂ ਵਾਲੇ ਨੇ ਕਿਹਾ ਤੇ ਇਕ ਪਾਸੇ ਹੱਟ ਗਿਆ।

ਮੁੱਛਾਂ ਵਾਲੇ ਦੇ ਮੂੰਹ ਤੋਂ ਆਪਣੇ ਬੇਟੇ ਦੇ ਬਾਰੇ "ਵਿਚਾਰਾ" ਸ਼ਬਦ ਸੁਣ ਕੇ ਕੇਸ਼ਬ ਨੂੰ ਅਜੀਬ ਜਿਹੀ ਗੱਲ ਲੱਗੀ। ਇਹ ਪੁਲਸ ਵਾਲੇ ਰਹਿਮਦਿਲ ਕਦੋਂ ਦੇ ਹੋ ਗਏ। ਉਸਨੇ ਮਨ ਹੀ ਮਨ ਵਿਚ ਸੋਚਿਆ ਤੇ ਹਵਾਲਾਤ ਵੱਲ ਵਧ ਗਿਆ। ਉਸਦਾ ਬੇਟਾ ਤਾਰ ਦੀ ਜਾਲੀ ਵਿਚੋਂ ਝਾਕ ਰਿਹਾ ਸੀ। ਕਮਰੇ ਅੰਦਰ ਚਾਰ-ਪੰਜ ਲੜਕੇ ਹੋਰ ਵੀ ਸਨ। ਬੂਹੇ ਉੱਤੇ ਇਕ ਵੱਡਾ ਸਾਰਾ ਜੰਦਰਾ ਲਟਕ ਰਿਹਾ ਸੀ।

ਬੇਟੇ ਉੱਤੇ ਨਜ਼ਰ ਪੈਂਦਿਆਂ ਹੀ ਉਸ ਦੀਆਂ ਅੱਖਾਂ ਛਲਕ ਪਈਆਂ। ਤੌਲੀਏ ਨਾਲ ਉਸਨੇ ਅੱਖ ਪੂੰਝੀ ਤਾ ਕਿ ਬੇਟਾ ਉਸਨੂੰ ਰੋਂਦੇ ਹੋਏ ਨਾ ਵੇਖ ਸਕੇ। ਉਹ ਬਾਹਰ ਤੋਂ ਤਾਂ ਰੋ ਰਿਹਾ ਸੀ, ਅੰਦਰ ਤੋਂ ਵੀ ਰੋ ਰਿਹਾ ਸੀ। ਅੱਜ ਤੀਕ ਉਸਦੇ ਬੇਟੇ ਕੋਈ ਐਸਾ ਕੰਮ ਨਹੀਂ ਕੀਤਾ ਸੀ ਕਿ ਮੁਹੱਲੇ ਵਿਚ ਉਸਦਾ ਸਿਰ ਨੀਵਾਂ ਹੋਵੇ। ਉਹ ਘੁੰਮਣ-ਫਿਰਨ ਤੇ ਪਹਿਨਣ-ਪਚਰਨ ਦਾ ਥੋੜ੍ਹਾ ਸ਼ੌਕੀਨ ਜ਼ਰੂਰ ਸੀ। ਪਰ ਕਦੇ ਕਿਸੇ ਤਰ੍ਹਾਂ ਦਾ ਅਪਰਾਧ ਨਹੀਂ ਸੀ ਕੀਤਾ। ਆਪਣੇ ਨਿਰਦੋਸ ਬੇਟੇ ਨੂੰ ਹਵਾਲਾਤ ਵਿਚ ਵੇਖ ਕੇ, ਇੱਕ ਵਾਰ ਫਿਰ ਉਸਦੀਆਂ ਅੱਖਾਂ ਭਰ ਆਈਆਂ। ਆਪਣੇ ਆਪ ਨੂੰ ਉਹ ਰੋਕ ਨਹੀਂ ਸਕਿਆ। ਬੇਟੇ ਸਾਹਮਣੇ ਹੀ ਰੋ ਪਿਆ।

ਬੇਟਾ ਦਰਵਾਜ਼ੇ ਦੇ ਲਾਗੇ ਆ ਕੇ ਖੜ੍ਹਾ ਹੋ ਗਿਆ ਸੀ। ਆਪਣੇ ਬਾਪ ਦਾ ਉਦਾਸ ਚਿਹਰਾ ਤੇ ਗਿੱਲੀਆਂ ਅੱਖਾਂ ਵੇਖ ਰਿਹਾ ਸੀ। ਰੋ ਤੇ ਉਹ ਵੀ ਰਿਹਾ ਸੀ ਪਰ ਅੰਦਰ ਹੀ ਅੰਦਰ। ਅੱਖਾਂ ਤੀਕ ਅੱਥਰੂ



ਨਹੀਂ ਸੀ ਆਉਣ ਦਿੱਤੇ। ਜਦ ਪੁਲਸ ਵਾਲੇ ਨੇ ਘਰ ਤੋਂ ਖਿੱਚ ਕੇ ਜੀਪ ਵਿਚ ਸੁੱਟਿਆ ਸੀ , ਉਸਦੀ ਧੜਕਣ ਵਧ ਗਈ ਸੀ। ਲੱਤਾਂ ਕੰਬ ਰਹੀਆਂ ਸਨ। ਜੀਭ ਤਾਲੂ ਨਾਲ ਲੱਗ ਗਈ ਸੀ। ਇੱਕ ਤਰ੍ਹਾਂ ਨਾਲ ਉਹ ਘਬਰਾ ਗਿਆ ਸੀ। ਪੁਲਸ ਵਾਲਿਆਂ ਦੇ ਸਖ਼ਤ ਚਿਹਰੇ ਵੇਖ ਕੇ ਉਸਨੂੰ ਲੱਗਿਆ ਕਿ ਕਸਾਈਆਂ ਦੇ ਹੱਥ ਆ ਗਿਆ ਸੀ। ਪਰ ਥਾਣੇ ਤੀਕ ਆਉਂਦੇ-ਆਉਂਦੇ ਉਸਨੇ ਆਪਣੇ-ਆਪ ਨੂੰ ਸੰਭਾਲ ਲਿਆ ਸੀ। ਜਦ ਮੈਂ ਕੁਝ ਕੀਤਾ ਹੀ ਨਹੀਂ, ਭੈ-ਭੀਤ ਹੋਣ ਤੇ ਕੰਬਣ ਦੀ ਕੀ ਲੋੜ ਏ। ਉਸਨੇ ਸੋਚਿਆ ਸੀ ਤੇ ਦਿਲ ਕਰੜਾ ਕਰ ਲਿਆ ਸੀ। ਉਸ ਵਕਤ ਤੋਂ ਹੁਣ ਤੀਕ ਆਪਣੇ ਆਪ ਨੂੰ ਸੰਭਾਲੀ ਰੱਖਿਆ ਸੀ। ਕੇਸ਼ਬ ਦੀਆਂ ਅੱਖਾਂ ਅਜੇ ਵੀ ਡੁਬਡੁਬਾਈਆਂ ਹੋਈਆਂ ਸੀ। ਪਰ ਉਸਦੀਆਂ ਅੱਖਾਂ ਵਿਚ ਅੱਥਰੂਆਂ ਦਾ ਇੱਕ ਕਤਰਾ ਵੀ ਨਹੀਂ ਸੀ।

ਉਸਨੇ ਗਹੁ ਨਾਲ ਬੇਟੇ ਦਾ ਚਿਹਰਾ ਤੇ ਹੱਥ-ਪੈਰਾਂ ਨੂੰ ਵੇਖਿਆ। ਇਹ ਵੇਖ ਕੇ ਉਸਨੂੰ ਥੋੜ੍ਹਾ ਸੰਤੋਖ ਤੇ ਤਸੱਲੀ ਹੋਈ ਕਿ ਅਜੇ ਤੀਕ ਉਹ ਪੁਲਸ ਦੇ ਡੰਡਿਆਂ ਤੋਂ ਬਚਿਆ ਹੋਇਆ ਸੀ। ਲਾਕ-ਅੱਪ (ਹਵਾਲਾਤ) ਵਿਚ ਚਾਰ-ਛੇ ਲੜਕੇ ਜੋ ਬੰਦ ਸਨ, ਉਹਨਾਂ ਦੇ ਹੱਥਾਂ ਪੈਰਾਂ ਉੱਤੇ ਸੱਟਾਂ ਦੇ ਕਈ ਨਿਸ਼ਾਨ ਸਨ।

"ਤੂੰ ਠੀਕ ਹੈਂ ਨਾ ਮੁੰਨਾ?' ਲੜਕਿਆਂ ਤੋਂ ਨਜ਼ਰ ਬਚਾ ਕੇ ਬੇਟੇ ਨੂੰ ਕੇਸ਼ਬ ਨੇ ਪੁੱਛਿਆ। 'ਹਾਂ, ਪਾਪਾ ਮੈਂ ਠੀਕ ਹ। ਆਪ ਚਿੰਤਾ ਨਾ ਕਰੋ।'

ਬੇਟੇ ਦੇ ਉੱਤਰ ਨਾਲ ਕੇਸ਼ਬ ਨੂੰ ਥੋੜ੍ਹੀ ਹੋਰ ਤਸੱਲੀ ਹੋ ਗਈ। ਹਿੰਮਤ ਵੀ ਬਣ ਗਈ, ਘਬਰਾਹਟ ਵੀ ਘੱਟ ਹੋ ਗਈ। ਹੁਣ ਉਹ ਇਸ ਹਾਲਤ ਵਿਚ ਆ ਗਿਆ ਕਿ ਮੁੱਛ ਵਾਲੇ ਸਿਪਾਹੀ ਨੂੰ ਬੇਟੇ ਦੇ ਬਾਰੇ ਕੁਝ ਕਹਿ-ਸੁਣ ਸਕਦਾ ਸੀ।

ਬੇਟੇ ਨੂੰ ਵੇਖਣ ਅਤੇ ਉਸ ਨਾਲ ਗੱਲਬਾਤ ਕਰਨ ਤੋਂ ਬਾਅਦ ਵੀ ਕੇਸ਼ਬ ਦੇ ਅੰਦਰ ਅਜੇ ਵੀ ਡਰ ਮੌਜੂਦ ਸੀ। ਉਸਦੇ ਅੰਦਰ ਹੁਣ ਇਹ ਸਵਾਲ ਉੱਠਣ ਲੱਗਾ ਕਿ ਕੀ ਪਤਾ ਉਸਦੇ ਕਹਿਣ ਉੱਤੇ ਮੁੰਨਾ ਨੂੰ ਪੁਲਸ ਵਾਲੇ ਛੱਡਦੇ ਵੀ ਹਨ ਕਿ ਨਹੀਂ। ਪੁਲਸ ਦੇ ਚਰਿੱਤਰ ਬਾਰੇ ਉਹ ਪੂਰੀ ਤਰ੍ਹ ਵਾਕਿਫ਼ ਨਹੀਂ ਸੀ। ਲੋਕਾਂ ਦੇ ਮੂੰਹੋਂ ਜੋ ਕੁਝ ਵੀ ਸੁਣ ਰੱਖਿਆ ਸੀ, ਉਸਦੇ ਆਧਾਰ ਉੱਤੇ ਉਹ ਸ਼ੰਕਿਆ ਭਰਿਆ ਸੀ। ਘਰ ਤੋਂ ਨਿਕਲਦੇ ਵਕਤ ਇਹ ਸੋਚ ਕੇ ਉਸਨੇ ਜੇਬ ਵਿਚ ਕੁਝ ਰੁਪਏ ਪਾ ਲਏ ਸੀ ਕਿ ਕੀ ਪਤਾ ਇਹਨਾਂ ਦੀ ਜ਼ਰੂਰਤ ਕਦੋਂ ਪੈ ਜਾਵੇ।

ਝਿਜਕਦੇ ਤੇ ਸਹਿਮੇ ਹੋਏ ਉਹ ਮੁੱਛਾਂ ਵਾਲੇ ਸਿਪਾਹੀ ਦੇ ਕੋਲ ਜਾ ਕੇ ਖੜ੍ਹਾ ਹੋ ਗਿਆ। ਮੁੱਛਾਂ ਵਾਲੇ ਨੂੰ ਕੇਸ਼ਬ ਦੀ ਜੇਬ ਵਿਚ ਰੁਪਏ ਹੋਣ ਦੀ ਸੁਗੰਧ ਪਹਿਲਾਂ ਹੀ ਹੋ ਚੁੱਕੀ ਸੀ। ਉਸਨੇ ਆਪਣੀ ਤਿੱਖੀ ਜ਼ੁਬਾਨ ਨੂੰ ਥੋੜ੍ਹੀ ਜਿਹੀ ਨਰਮ ਕਰਦੇ ਹੋਏ ਪੁੱਛਿਆ, "ਬੇਟੇ ਨੂੰ ਮਿਲ ਲਿਆ ਹੈ?"

"ਹਾਂ ਸਾਹਿਬ, ਮਿਲ ਲਿਆ। ਸਾਹਿਬ ਮੇਰੇ ਮੁੰਨਾ ਨੇ ਐਸਾ ਕੀ ਕੀਤਾ ਕਿ ਜੋ ਉਸਨੂੰ ਘਸੀਟ ਲਿਆਏ ਹੋ?" ਹਿੰਮਤ ਕਰਕੇ ਉਹ ਬੋਲ ਪਿਆ।

ਮੁੱਛਾਂ ਵਾਲੇ ਨੇ ਪਹਿਲਾਂ ਉਸਨੂੰ ਘੂਰਿਆ, ਹੇਠਾਂ ਤੋਂ ਉੱਪਰ ਤੀਕ ਤਿਰਛੀ ਨਜ਼ਰ ਨਾਲ ਵੇਖਿਆ ਤੇ ਕਿਹਾ, "ਚਾਰ-ਛੇ ਲੜਕੇ ਜੋ ਬੰਦ ਹਨ, ਉਹਨਾਂ ਨਾਲ ਮਿਲਕੇ ਤੁਹਾਡੇ ਮੁੰਨਾ ਨੇ ਕਿ ਔਰਤ ਦੇ ਗਲ ਤੋਂ ਸੋਨੇ ਦੀ ਚੇਨ ਖਿੱਚੀ ਹੈ।"

ਸੋਨੇ ਦੀ ਚੇਨੀ ਖਿੱਚਣ ਵਾਲੀ ਗੱਲ ਤੋਂ ਕੇਸ਼ਬ ਨੂੰ ਜ਼ੋਰ ਦਾ ਇੱਕ ਧੱਕਾ ਲੱਗਿਆ। ਉਹ ਸਹਿਮ ਗਿਆ। ਇਕਦਮ ਪਿੱਛੇ ਹੱਟਦੇ ਹੋਏ ਕਿਹਾ "ਪਰ ਸਾਹਿਬ ਮੇਰਾ ਮੁੰਨਾ ਤਾਂ ਘਰ ਤੋਂ ਬਾਹਰ ਨਿਕਲਦਾ ਹੀ ਨਹੀਂ। ਘਰ ਤੋਂ ਸਕੂਲ ਤੇ ਸਕੂਲ ਤੋਂ ਘਰ। ਇਸ ਤੋਂ ਬਿਨਾਂ ਉਹ ਕਿਤੇ ਜਾਂਦਾ ਹੀ ਨਹੀਂ।"

"ਕੁਝ ਬਦਮਾਸ਼ਾਂ ਨਾਲ ਤੁਹਾਡੇ ਲੜਕੇ ਨੂੰ ਕਈ ਵਾਰ ਵੇਖਿਆ ਗਿਆ ਹੈ, ਫਿਰ ਮੁਖ਼ਬਰ ਦੀ ਸੂਚਨਾ ਝੂਠੀ ਨਹੀਂ ਹੋ ਸਕਦੀ।"

"ਸਾਹਿਬ ਮੁਖ਼ਬਰ ਝੂਠ ਵੀ ਤਾਂ ਬੋਲ ਸਕਦਾ ਹੈ।"

"ਤੇਰੇ ਨਾਲ ਕੋਈ ਦੁਸ਼ਮਣੀ ਹੈ ਉਸਦੀ?"

"ਕੀ ਪਤਾ?"

ਇਸ ਵਾਰ ਮੁੱਛਾਂ ਵਾਲਾ ਸਿਪਾਹੀ ਚਿੜ੍ਹ ਗਿਆ। ਰੋਬਦਾਰ ਆਵਾਜ਼ ਵਿਚ ਕਹਿਣ ਲੱਗਾ, "ਮਿਸਟਰ ਕੇਸ਼ਬ ਪ੍ਰਸਾਦ ਮੁਖ਼ਬਰ ਦੇ ਬਾਰੇ ਪਤਾ ਹੋਵੇ, ਨਾ ਹੋਵੇ, ਤੈਨੂੰ ਆਪਣੇ ਬੇਟੇ ਦੇ ਬਾਰੇ ਪਤਾ ਹੋਣਾ ਚਾਹੀਦਾ। ਤੁਹਾਡਾ ਬੇਟਾ ਜਿਸ ਨੂੰ ਤੁਸੀਂ ਮੁੰਨਾ ਕਹਿੰਦੇ ਹੋ, ਉਹ ਹੁਣ ਮੁੰਨਾ ਨਹੀਂ ਹੈ, ਇਕ ਛਟਿਆ ਹੋਇਆ ਬਦਮਾਸ਼ ਹੈ।"

ਕੇਸ਼ਬ ਉੱਤੇ ਮੁੱਛਾਂ ਵਾਲੇ ਦਾ ਇਹ ਦੂਸਰਾ ਹਮਲਾ ਸੀ। ਇਸ ਹਮਲੇ ਨਾਲ ਕੇਸ਼ਬ ਤਿਲਮਿਲਾ ਉੱਠਿਆ। ਉਸਦੀ ਜ਼ੁਬਾਨ ਜਿਵੇਂ ਬੰਦ ਹੋ ਗਈ ਹੋਵੇ। ਕੇਸ਼ਬ ਨੂੰ ਲੱਗਿਆ ਕਿ ਬੇਟੇ ਦੇ ਬਹਾਨੇ ਉਸਨੂੰ ਬਦਮਾਸ਼ ਸਾਬਿਤ ਕੀਤਾ ਜਾ ਰਿਹਾ ਹੈ। ਉਹ ਸੋਚਾਂ ਵਿਚ ਪੈ ਗਿਆ ਕਿ ਹੁਣ ਕੀ ਜਵਾਬ ਦੇਵੇ। ਕੁਝ ਕਹੇ ਵੀ ਜਾਂ ਨਹੀਂ? ਜੇ ਉਸਨੇ ਕੁਝ ਨਾ ਕਿਹਾ ... ਜਾਂ ਪੁੱਛਿਆ ਤਾਂ ਮੁੰਨਾ ਨੂੰ ਛੁਡਾਉਣ ਦੀ ਗੱਲਬਾਤ ਤਾਂ ਰਹਿ ਹੀ ਜਾਵੇਗੀ। ਉਹ ਜਿਸ ਮੰਤਵ ਲਈ ਥਾਣੇ ਆਇਆ ਹੈ, ਉਸਨੂੰ ਪੂਰਾ ਕੀਤੇ ਬਿਨਾਂ ਘਰ ਪਰਤਣਾ ਵੀ ਤਾਂ ਠੀਕ ਨਹੀਂ ਹੈ। ਪਤਨੀ ਨੂੰ ਕੀ ਜਵਾਬ ਦੇਵੇਗਾ? ਇਹੀ ਸੋਚ ਕੇ ਦੱਬੀ ਜ਼ੁਬਾਨ ਨਾਲ ਮੁੱਛਾਂ ਵਾਲੇ ਨੂੰ ਕਿਹਾ - "ਮੁੰਨਾ ਕਦੋਂ ਤੀਕ ਛੱਡੋਗੇ? ਰਾਤ ਦਾ ਹੀ ਉਹ ਭੁੱਖਾ-ਪਿਆਸਾ ਹੈ। ਉਸਦੀ ਮਾਂ ਰੋ-ਰੋ ਬੇਹਾਲ ਹੋ ਗਈ ਹੈ।"

"ਬੇਹਾਲ ਹੋ ਗਈ ਹੈ ਤਾਂ ਮੈਂ ਇਸ ਵਿਚ ਕੀ ਕਰ ਸਕਦਾ ਹਾਂ। ਹਾਲੀਂ ਪਛਾਣ ਹੋਣੀ ਬਾਕੀ ਹੈ। ਉਹ ਔਰਤ ਆਉਣ ਵਾਲੀ ਹੈ, ਜਿਸ ਦੇ ਗਲੇ ਵਿਚੋਂ ਇਹਨਾਂ ਲੋਕਾਂ ਨੇ ਚੇਨੀ ਖਿੱਚੀ ਸੀ। ਉਸਨੇ ਪਛਾਣ ਕਰ ਲੈਂਦੀ ਤਾਂ ਫਿਰ ਤੁਹਾਡੇ ਮੁੰਨਾ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਨਾ ਕੀਤੀ ਤਾਂ ਟੀ. ਆਈ. ਸਾਹਿਬ ਦੇ ਉੱਤੇ ਨਿਰਭਰ ਹੈ ਕਿ ਉਹ ਕਦੋਂ ਛੱਡਣਗੇ? ਵੈਸੇ ਤੁਸੀਂ ਕੁਝ ਲੈਣ-ਦੇਣ ਦੀ ਗੱਲ ਕਰੋ ਤਾਂ ਮੈਂ ਟੀ.ਆਈ. ਸਾਹਿਬ ਨਾਲ ਗੱਲ ਕਰ ਸਕਦਾ ਹਾਂ" ਮੁੱਛਾਂ ਵਾਲੇ ਨੇ ਕਿਹਾ ਤੇ ਕੇਸ਼ਬ ਦੀ ਜੇਬ ਉੱਤੇ, ਜੋ ਕੁਝ ਉੱਪਰ ਉੱਠੀ ਹੋਈ ਸੀ, ਆਪਣੀਆਂ ਅੱਖਾਂ ਟਿਕਾ ਲਈਆਂ।

ਕੇਸ਼ਬ ਦੁਬਿਧਾ ਵਿਚ ਪੈ ਗਿਆ ਕਿ ਉਹ ਲੈਣ-ਦੇਣ ਦੀ ਗੱਲ ਕਰੇ ਜਾਂ ਨਾ ਕਰੇ। ਇਕ ਵਾਰ ਉਸਦੇ ਮਨ ਵਿਚ ਆਇਆ ਕਿ ਜੇਬ ਵਿਚ ਜਿੰਨੇ ਵੀ ਰੁਪਏ ਹਨ, ਮੁੱਛਾਂ ਵਾਲੇ ਦੇ ਹੱਥ ਉੱਤੇ ਰੱਖ ਦੇਵੇ ਤੇ ਕਹੇ ਕਿ ਮੁੰਨਾ ਨੂੰ ਹੁਣੇ ਹੀ ਛੱਡ ਦੇਵੇ। ਪਰ ਦੂਸਰੇ ਹੀ ਛਿਣ ਮਨ ਵਿਚ ਇੱਕ ਦੂਸਰਾ ਖ਼ਿਆਲ ਆਇਆ ਕਿ ਪਛਾਣ ਹੋਣ ਤੀਕ ਆਪਣੇ ਆਪ ਨੂੰ ਸੰਭਾਲ ਰੱਖੇ। ਮੁੰਨਾ ਨੇ ਜਦੋਂ ਚੇਨੀ ਖੋਹੀ ਹੀ ਨਹੀਂ ਤਾਂ ਉਹ ਔਰਤ ਕਿਸਦੀ ਪਛਾਣ ਕਰੇਗੀ? ਪੁਲਸ ਵਾਂਗੂੰ ਉਹ ਝੂਠ ਤੇ ਬੋਲ ਨਹੀਂ ਸਕੇਗੀ। ਇਹੀ ਸੋਚ ਕੇ ਉਸਨੇ ਮੁੱਛਾਂ ਵਾਲੇ ਨੂੰ ਕਿਹਾ "ਸਾਹਿਬ ਪਛਾਣ ਹੋ ਜਾਣ ਦਿਓ। ਫਿਰ ਆਪ ਨਾਲ ਗੱਲ ਕਰਾਂਗਾ।" ਕੇਸ਼ਬ ਨੇ ਕਿਹਾ ਤੇ ਇੱਕ ਰੁੱਖ ਦੀ ਛਾਂ ਹੇਠ ਜਾ ਕੇ ਬੈਠ ਗਿਆ। ਮੁੱਛਾਂ ਵਾਲਾ ਇੰਝ ਵੇਖ ਰਿਹਾ ਸੀ, ਜਿਵੇਂ ਉਸਨੂੰ ਖਾ ਜਾਵੇਗਾ।

ਮੁੰਨੀ ਲਾਲ ਦੀ ਪਛਾਣ ਹੋ ਗਈ। ਉਸਦੇ ਨਾਲ ਵਾਲੇ ਬੰਦ ਲੜਕਿਆ ਦੀ ਵੀ। ਮੁਖ਼ਬਰ ਦੀ ਸੂਚਨਾ ਗਲਤ ਸਾਬਿਤ ਹੋਈ। ਇੱਕ ਸਭਿਅਕ ਔਰਤ ਇੱਕ ਸਭਿਅਕ ਆਦਮੀ ਦੇ ਨਾਲ ਆਈ ਤੇ ਹਵਾਲਾਤ ਵਿਚ ਬੰਦ ਮੁੰਡਿਆਂ ਨੂੰ ਵੇਖਦਿਆਂ ਹੀ ਬੋਲੀ "ਇਹਨਾਂ ਵਿਚੋਂ ਕੋਈ ਵੀ ਨਹੀਂ ਹੈ। ਇਹਨਾਂ ਲੜਕਿਆਂ ਨੂੰ ਆਪ ਨੇ ਫਾਲਤੂ ਹੀ ਪ੍ਰੇਸ਼ਾਨ ਕੀਤਾ ਤੇ ਬੰਦ ਰੱਖਿਆ ਹੈ। ਆਪ ਉਹਨਾਂ ਦੀ ਭਾਲ ਕਰੋ,



ਜਿਨ੍ਹਾਂ ਲੋਕਾਂ ਨੇ ਮੇਰੇ ਗਲੇ ਤੋਂ ਚੇਨੀ ਖਿੱਚੀ ਹੈ।"

ਉਸ ਸਮੇਂ ਔਰਤ ਦੀਆਂ ਗੱਲਾਂ ਨਾਲ ਟੀ.ਆਈ. ਤੇ ਮੁੱਛਾਂ ਵਾਲੇ ਹੌਲਦਾਰ ਦੇ ਮੂੰਹ ਲਟਕ ਗਏ। ਉਹਨਾਂ ਨੂੰ ਲੱਗਿਆ ਕਿ ਇੱਕ ਔਰਤ ਉਹਨਾਂ ਦੇ ਮੂੰਹ ਉੱਤੇ ਥੱਪੜ ਮਾਰ ਗਈ। ਪਰ ਕੇਸ਼ਬ ਦਾ ਚਿਹਰਾ ਖਿੜ ਉੱਠਿਆ।

ਤਦ ਤੀਕ ਉਹਨਾਂ ਲੜਕਿਆਂ ਦੇ ਵਾਰਸ ਵੀ ਆ ਚੁੱਕੇ ਸੀ। ਜੋ ਮੁੰਨੀ ਲਾਲ ਦੇ ਨਾਲ ਬੰਦ ਸੀ। ਉਸ ਔਰਤ ਦੇ ਜਾਂਦਿਆਂ ਹੀ ਸਭ ਨੇ ਟੀ. ਆਈ. ਨੂੰ ਘੇਰ ਲਿਆ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ।

"ਇਸ ਤਰ੍ਹਾਂ ਸ਼ਰੀਫ ਲੜਕਿਆਂ ਤੇ ਉਹਨਾਂ ਦੇ ਮਾਂ-ਬਾਪ ਨੂੰ ਪ੍ਰੇਸ਼ਾਨ ਕਰਨ ਦਾ ਕੀ ਮਤਲਬ? ਚੋਰ-ਬਦਮਾਸ਼ ਸੀਨਾ ਤਾਣਕੇ ਫਿਰ ਰਹੇ ਹਨ, ਸ਼ਰੀਫ ਤੇ ਪੜ੍ਹਨ ਵਾਲੇ ਲੜਕੇ ਚੋਰੀ ਦੇ ਨਾਂ ਉੱਤੇ ਬੰਦ ਹਨ। ਕਿਹਨੂੰ ਬਚਾਇਆ ਜਾ ਰਿਹਾ ਹੈ ਤੇ ਕਿਸ ਨੂੰ ਫਸਾਇਆ ਜਾ ਰਿਹਾ ਹੈ? ਕਾਨੂੰਨ ਅੰਨ੍ਹਾ ਹੈ ਜਾਂ ਪੁਲਸ ਅੰਨ੍ਹੀ ਹੈ। ਆਪ ਨੇ ਮੁਖ਼ਬਰ ਪਾਲ ਰੱਖਿਆ ਹੈ ਜਾਂ ਝੂਠ ਦਾ ਖਜ਼ਾਨਾ?"

ਕੇਸ਼ਬ ਨੇ ਕਈ ਸਵਾਲ ਧੜਾ-ਧੜ ਟੀ. ਆਈ. ਦੇ ਮੂੰਹ ਉੱਤੇ ਦੇ ਮਾਰੇ। ਕਈ ਲੋਕਾਂ ਨੂੰ ਆਪਣੇ ਨਾਲ ਵੇਖ ਕੇ ਉਸਦੀ ਹਿੰਮਤ ਵੱਧ ਗਈ ਸੀ। ਇਹਨਾਂ ਸਵਾਲਾਂ ਨਾਲ ਟੀ. ਆਈ. ਬੌਖਲਾ ਗਿਆ। ਮੁੱਛਾਂ ਵਾਲੇ ਦੇ ਭਰਵੱਟੇ ਤੀਰ ਕਮਾਨ ਵਾਂਗੂੰ ਤਣ ਗਏ।

"ਮੈਂ ਚਾਹਾਂ ਤਾਂ ਕਿਸੇ ਨਾ ਕਿਸੇ ਕੇਸ ਵਿਚ ਫਸਾ ਕੇ ਇਹਨਾਂ ਸਭ ਨੂੰ ਜੇਲ੍ਹ ਭੇਜ ਸਕਦਾ ਹਾਂ। ਤੁਸੀਂ ਲੋਕ ਆਪਣੇ ਆਪ ਨੂੰ ਸਮਝਦੇ ਕੀ ਹੋ? ਆਪਣੀ ਔਕਾਤ ਵਿਚ ਰਹੋ। ਔਕਾਤ ਤੋਂ ਬਾਹਰ ਜਾਣ ਦੀ ਕੋਸ਼ਿਸ਼ ਮਤ ਕਰੋ।" ਆਪਣੀ ਬੇਇੱਜ਼ਤੀ ਹੁੰਦੀ ਵੇਖ ਟੀ. ਆਈ. ਗੱਜਿਆ।

"ਇਸ ਤੋਂ ਸਿਵਾਏ ਆਪ ਤੋਂ ਉਮੀਦ ਵੀ ਕੀ ਕਰ ਸਕਦੇ ਹਾਂ।" ਇਕ ਸਾਥ ਸਾਰੇ ਵਾਰਸ ਬੋਲ ਪਏ।

"ਨਹੀਂ ਕਰ ਸਕੇ ਤਾਂ ਆਪਣੇ ਕਪੂਤਾਂ ਨੂੰ ਲੈ ਜਾਓ। ਹਵਾਲਦਾਰ ਖੋਲ੍ਹ ਦੇ ਹਵਾਲਾਤ ਦਾ ਬੂਹਾ।"

ਟੀ. ਆਈ. (ਥਾਣੇਦਾਰ) ਨੇ ਆਪਣੀ ਬੁਖਲਾਹਟ ਤੇ ਗੁੱਸੇ ਨਾਲ ਉੱਚੀ ਆਵਾਜ਼ ਵਿਚ ਬਦਲਦੇ ਹੋਏ ਆਖਿਆ ਤੇ ਜਲਦੀ-ਜਲਦੀ ਜੀਪ ਵਿਚ ਜਾ ਕੇ ਬੈਠ ਗਿਆ। ਜ਼ਹਿਰੀਲਾ ਧੂੰਆਂ ਛੱਡਦੀ ਹੋਈ ਜੀਪ ਅੱਖਾਂ ਤੋਂ ਓਝਲ ਹੋ ਗਈ। ਹਵਾਲਾਤ ਦਾ ਜੰਦਰਾ ਖੋਲ੍ਹਦਾ ਹੋਇਆ ਮੁੱਛਾਂ ਵਾਲਾ ਹਵਾਲਦਾਰ ਕੇਸ਼ਬ ਦੀ ਭਰੀ ਹੋਈ ਜੇਬ ਨੂੰ ਇੰਝ ਵੇਖ ਰਿਹਾ ਸੀ, ਜਿਵੇਂ ਹੱਥ ਪਾ ਕੇ ਰੁਪਏ ਕੱਢ ਲਵੇਗਾ।

ਪੰਜਾਬੀ ਰੂਪ ਹ. ਸ. ਹ.

## ਸ਼ੁੱਭਚਿੰਤਕਾਂ ਨੂੰ ਅਪੀਲ

ਪਿਛਲੇ ਅੰਕ ਵਿਚ ਅਸੀਂ ਚਿਰਾਗ਼ ਤ੍ਰਿਮਾਹੀ ਦੀ ਕਮਜ਼ੋਰ ਆਰਥਿਕ ਹਾਲਤ ਸੰਬੰਧੀ ਆਪਣੇ ਪਾਠਕਾਂ, ਲੇਖਕਾਂ ਤੇ ਸ਼ੁੱਭਚਿੰਤਕਾਂ ਨੂੰ ਆਰਥਿਕ ਸਹਾਇਤਾ ਲਈ ਅਪੀਲ ਕੀਤੀ ਸੀ। ਹਾਲ ਦੀ ਘੜੀ ਸਾਡਾ ਟੀਚਾ ਕੋਈ ਪੰਜ ਜਾਂ ਦਸ ਲੱਖ ਦੀ ਪੂੰਜੀ ਜਮ੍ਹਾਂ ਕਰਨ ਦਾ ਨਹੀਂ। ਅਸੀਂ ਏਨਾ ਹੀ ਚਾਹੁੰਦੇ ਹਾਂ ਕਿ ਚਿਰਾਗ਼ ਜਿਨ੍ਹਾਂ ਆਸ਼ਿਆਂ/ ਉਦੇਸ਼ਾਂ ਨੂੰ ਲੈ ਕੇ ਤੁਰਿਆ ਸੀ, ਉਹਨਾਂ ਦੀ ਪੂਰਤੀ ਹਿੱਤ, ਸਾਡੇ ਕੋਲ ਏਨੀ ਕੁ ਪੂੰਜੀ ਜਮ੍ਹਾਂ ਹੋ ਜਾਵੇ, ਜਿਸ ਸਦਕਾ ਇਹ ਪਤ੍ਰਿਕਾ ਨਿਰ-ਵਿਘਨ ਚੱਲਦੀ ਰਹੇ। ਸਾਡੀ ਅਪੀਲ ਦੇ ਹੁੰਗਾਰੇ ਵਜੋਂ ਸਾਡੇ ਤਿੰਨ ਮਿੱਤਰਾਂ ਸ. ਇੰਦਰਜੀਤ ਸਿੰਘ ਥੱਲ (ਕੈਨੇਡਾ), ਸ੍ਰੀ ਗਿਆਨ ਸਿੰਘ ਬਿਲਗਾ (ਅਮਰੀਕਾ) ਅਤੇ ਸੁਰਜੀਤ ਸਿੰਘ ਪੰਛੀ (ਅਮਰੀਕਾ) ਹੋਰਾਂ ਨੇ ਸਾਨੂੰ ਸਹਾਇਤਾ ਭੇਜੀ ਹੈ। ਅਸੀਂ ਇਹਨਾਂ ਤਿੰਨਾਂ ਦੋਸਤਾਂ ਦੇ ਧੰਨਵਾਦੀ ਹਾਂ ਤੇ ਦੂਸਰੇ ਸਨੇਹੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਡੀ ਗੱਲ ਵੱਲ ਗਹੁ ਕਰਨ। - ਸੰਪਾਦਕੀ ਮੰਡਲ

ਪੰਜਾਬ ਦੀ ਵੰਡ — ਤਿੰਨ ਕਵਿਤਾਵਾਂ

## 1. ਅੰਦਰਲਾ ਫੋੜਾ

ਹਰਭਜਨ ਸਿੰਘ ਹੁੰਦਲ

ਉਸ ਦਾ ਬਾਬਾ ਵਿਰਕ ਜੱਟ ਸੀ
ਕਹਿੰਦਾ -ਕਹਾਉਂਦਾ
ਸ਼ੇਖੂਪੁਰੇ ਦੇ ਇੱਕ ਪਿੰਡ ਦਾ
ਤੇ ਉਸਦਾ ਨਾਂ ਸੀ ਗੁਲਾਬ ਸਿੰਘ
ਛੇ ਫੁੱਟ ਤੋਂ ਉੱਚਾ ਕੱਦ
ਦੂਰੋਂ ਤੁਰਿਆ ਆਉਂਦਾ
ਇੰਝ ਲੱਗਦਾ
ਜਿਵੇਂ ਕੋਈ ਵਾ-ਵਰੋਲਾ ਆ ਰਿਹਾ ਹੋਵੇ

ਉਸਦਾ ਖੂੰਡਾ
ਸਾਰੇ ਵਿਰਕ-ਟੱਪੇ ਵਿਚ ਮਸ਼ਹੂਰ ਸੀ
ਜਦੋਂ ਕਦੇ ਲੜਾਈ ਵਿਚ
ਇਹ ਖੂੰਡਾ ਖੜਕਦਾ
ਧਰਤੀ ਡੋਲਦੀ
ਦੋਹਾਂ ਕੰਬਦੀਆਂ
ਵਿਰੋਧੀ ਜਾਨ ਬਚਾ ਕੇ ਖਿਸਕ ਜਾਂਦੇ।

ਹੈਰਾਨੀ ਦੀ ਗੱਲ ਵਿਰਕ ਸੀ ਉਹ
ਪਰ ਚੋਰੀ ਨਹੀਂ ਸੀ ਕਰਦਾ
ਇੱਕ ਤੋਂ ਇੱਕ ਚੜ੍ਹਦੀ ਸੀ
ਉਸ ਕੋਲ ਮੱਝ
ਪਰ ਡਰਦੇ ਮਾਰੇ ਚੋਰ
ਉਸ ਦੇ ਡੇਰੇ ਲਾਗੋਂ ਵੀ ਨਾ ਲੰਘਦੇ

ਮਾੜੀ ਕਿਸਮਤ ਨੂੰ
ਆ ਗਿਆ ਸੰਨ-ਸੰਤਾਲੀ
ਜਨੂੰਨੀਆਂ ਨੇ ਇਕ ਰਾਤ
ਸਾਰਾ ਪਿੰਡ ਵੱਢ-ਟੁੱਕ ਸੁੱਟਿਆ
ਕੋਈ ਵਿਰਲਾ ਟਾਵਾਂ ਹੀ ਬਚਿਆ ਹੋਣੈ।
ਗੁਲਾਬ ਸਿੰਘ ਤੇ ਉਸਦਾ ਵੱਡਾ ਪੁੱਤਰ
ਡੇਰੇ ਉੱਤੇ ਸੁੱਤੇ ਹੋਣ ਕਰਕੇ ਬਚੇ ਰਹੇ
ਤੇ ਕਮਾਦਾਂ ਵਿਚ
ਲੁੱਕ-ਛਿਪ ਕੇ ਰਹਿਣ ਲੱਗੇ।

ਅਖ਼ੀਰ ਫੜੇ ਜਾਣ ਉੱਤੇ
ਰਿਆਇਤ ਜਾਂ
ਸ਼ਾਇਦ ਖ਼ੁਦਾ-ਤਰਸੀ ਕਾਰਨ
ਉਹਨਾਂ ਨੇ ਦੋਹਾਂ ਪਿਓ-ਪੁੱਤਾਂ ਦੀਆਂ
ਦਾਹੜੀਆਂ ਮੁੰਨ ਸੁੱਟੀਆਂ
ਤੇ ਸਿਰ ਦੇ ਵਾਲਾਂ ਨੂੰ ਕੈਂਚੀ ਫੇਰ ਦਿੱਤੀ।

ਗੁਲਾਬ ਸਿੰਘ, ਗੁਲਾਮ ਮੁਹੰਮਦ ਬਣ ਗਿਆ
ਤੇ ਰੌਸ਼ਨ ਸਿੰਘ ਰੌਸ਼ਨ ਦੀਨ
ਦੋਵੇ ਪਿਓ ਪੁੱਤ
ਨਜ਼ਰ ਬੰਦਾਂ ਵਾਂਗ ਰਹਿਣ ਲੱਗੇ

ਵਕਤ ਬਦਲੇ
ਫੱਟਾਂ ਉੱਤੇ ਖਰੀਂਡ ਆਏ
ਤੇ ਰੌਸ਼ਨ-ਦੀਨ ਦੇ ਘਰ
ਤਿੰਨ ਪੁੱਤਰ ਜੰਮੇ
ਤਿੰਨੇ ਹੀ ਸ਼ੇਰਾਂ ਵਰਗੇ
ਬਾਬੇ ਵਾਂਗ ਜਦੋਂ ਲੜਦੇ
ਸਾਰੇ ਪਿੰਡ ਨੂੰ ਅੱਗੇ ਲਾ ਲੈਂਦੇ

ਸਭ ਤੋਂ ਛੋਟਾ ਅਕਬਰ ਖਾਨ



ਧੱਕੇ ਖਾਂਦਾ ਵਲਾਇਤ ਅੱਪੜ ਗਿਆ
ਉਥੇ ਉਹ ਸਿੱਖ ਮੁੰਡਿਆਂ ਨਾਲ
ਇਕੋ ਫੈਕਟਰੀ ਵਿਚ ਕੰਮ ਕਰਦਾ,
ਸ਼ਨਿੱਚਰਵਾਰ ਸਾਰੇ ਜਣੇ
ਇਕੋ ਪੱਬ ਵਿਚ ਸ਼ਰਾਬ ਪੀਣ ਜਾਂਦੇ।

ਪੀ ਕੇ ਅਕਬਰ ਰੋਣ ਲੱਗ ਪੈਂਦਾ।
ਸਿੱਖ ਮੁੰਡੇ ਉਹਨੂੰ
ਚੁੱਪ ਕਰਾਉਂਦੇ-ਕਰਾਉਂਦੇ ਥੱਕ ਜਾਂਦੇ
ਪਰ ਉਸਦੇ ਹਟਕੋਰੇ ਨਾ ਰੁਕਦੇ
ਉਹ ਪੁੱਛਦੇ, "ਅਕਬਰ ਖਾਨ
ਤੈਨੂੰ ਤਕਲੀਫ ਕੀ ਹੈ?"

ਵਿਲਕਦਾ ਹੋਇਆ ਉਹ ਆਖਦਾ
"ਓਏ ਯਾਰੋ! ਮੈਂ ਸਿੱਖ ਹਾਂ, ਵਿਰਕ ਜੱਟ
ਧੱਕੇ ਨਾਲ ਬਣਾਇਆ ਗਿਆ ਮੁਸਲਮਾਨ
ਗੁਲਾਬ ਸਿੰਘ ਵਿਰਕ ਦਾ ਪੋਤਰਾ
ਸਰਦਾਰ ਰੌਸ਼ਨ ਸਿੰਘ ਦਾ ਸਪੁੱਤਰ
ਅਕਬਰ ਸਿੰਘ ਵਿਰਕ
ਮੈਨੂੰ ਇੱਕ ਪੱਗ ਲਿਆ ਕੇ ਦਿਓ।"

ਏਨਾ ਆਖ ਉਹ ਰੋਣੋਂ ਚੁੱਪ ਕਰ ਜਾਂਦਾ
ਖੁੱਲਾ ਹਾੜਾ ਪਾਉਂਦਾ
ਤੇ ਪੀ ਕੇ ਸੌਂ ਜਾਂਦਾ।
ਪਰ ਉਹਦਾ ਅੰਦਰਲਾ ਫੋੜਾ
ਰਿਸਦਾ ਰਹਿੰਦਾ, ਰਾਤ ਦਿਨ
ਤੇ ਹਰ ਸ਼ਨਿੱਚਰਵਾਰ
ਹਉਕੇ ਬਣ-ਬਣ
ਬਾਹਰ ਨਿਕਲਦਾ ਰਹਿੰਦਾ। •

## 2. ਵੰਡ ਦਾ ਫੋੜਾ

ਮੈਂ ਦਰਿਆ ਬਿਆਸ ਦੇ ਕੰਢੇ ਉੱਗਿਆ
ਇੱਕ ਨਿੱਕਾ-ਨਗੂਣਾ ਪਿੰਡ ਹਾਂ
ਬਰਸਾਤਾਂ ਵੇਲੇ, ਹੜ੍ਹਾਂ ਨਾਲ
ਹਰ ਸਾਲ ਉਜੜਦਾ
ਤੇ ਮੁੜ ਮੁੜ ਵੱਸਦਾ
ਇਕ ਬਦਕਿਸਮਤ ਪਿੰਡ।

ਸੰਨ ਸੰਤਾਲੀ ਵੇਲੇ
ਮੈਂ ਬਿਲਕੁਲ ਹੀ ਉੱਜੜ ਗਿਆ ਸੀ
ਮੈਨੂੰ ਕੀ ਖ਼ਬਰਾਂ ਨੇ
ਕਿ ਮੇਰੇ ਪੁਰਾਣੇ ਵਸਨੀਕ
ਸਰਹੱਦ ਪਾਰ ਕਰਦੇ ਕਰਦੇ
ਰਾਹ ਵਿਚ ਹੀ ਵੱਢੇ-ਟੁੱਕੇ ਗਏ ਸੀ
ਜਾਂ ਬਚ ਕੇ ਨਿਕਲ ਗਏ ਸੀ

ਜਦੋਂ ਜਨੂੰਨ ਦੀਆਂ
ਕਾਲੀਆਂ ਹਨ੍ਹੇਰੀਆਂ ਝੱਲੀਆਂ ਸਨ
ਜਦੋਂ ਵਹਿਸ਼ਤ ਦੇ ਝੱਖੜਾਂ ਨੇ
ਵਿਸ਼ਵਾਸਾਂ ਦੇ ਪੁਰਾਣੇ ਬੋਹੜ
ਪੁੱਟ ਸੁੱਟੇ ਸਨ
ਜਦੋਂ ਨਫ਼ਰਤਾਂ ਦੇ ਹੜ੍ਹਾਂ ਨੇ
ਮੁਹੱਬਤਾਂ ਦੇ ਪੱਕੇ ਪੁਲਾਂ ਨੂੰ
ਤੋੜ ਦਿੱਤਾ ਸੀ
ਜਦੋਂ ਬੇਬਸੀਆਂ ਦੇ ਕਾਫ਼ਲੇ
ਰਾਹ ਵਿਚ ਹੀ ਵੱਢੇ-ਟੁੱਕੇ ਗਏ ਸੀ
ਜਦੋਂ ਬੰਦੇ
ਆਦਮ-ਖੋਰ ਬਘਿਆੜ ਬਣ ਗਏ ਸਨ
ਤਾਂ ਮੈਂ ਵੀ ਪੋਟਾ ਪੋਟਾ
ਜ਼ਖ਼ਮੀ ਹੋ ਗਿਆ ਸੀ

ਮੇਰੇ ਇਹਨਾਂ ਫੱਟਾਂ ਉੱਤੇ
ਖਰੀਂਡ ਆਉਣ ਵਿਚ
ਕਈ ਦਹਾਕੇ ਲੱਗੇ ਨੇ।

ਐਪਰ ਤਕਸੀਮ ਦਾ ਇਹ ਕੈਸਾ ਫੋੜਾ ਸੀ
ਕਿ ਜਿਹੜਾ ਕਦੇ ਕਦੇ
ਫਿਰ ਚਮਕਣ ਲੱਗ ਪੈਂਦਾ ਹੈ

ਜਦੋਂ ਵੀ ਮੇਰਾ ਕੋਈ ਜੰਮਿਆ-ਜਾਇਆ
ਚੋਪੜੀ ਰੋਟੀ ਦੇ ਸੁਪਨੇ ਦੀ ਤਲਾਸ਼
ਵਿਚ ਭਟਕਦਾ
ਦਲਾਲਾਂ ਦੇ ਟੇਟੇ ਚੜ੍ਹਦਾ ਹੈ
ਤੇ ਹਰੀਆਂ-ਭਰੀਆਂ ਚਰਾਦਾਂ ਲੱਭਦਾ
ਮਾਰੂਥਲਾਂ ਦੀ ਰੇਤ ਵਿਚ ਗੁੰਮ ਜਾਂਦਾ ਹੈ
ਜਾਂ ਕਾਲੇ ਸਾਗਰਾਂ ਵਿਚ ਗਰਕ ਜਾਂਦਾ ਹੈ
ਜਦ ਵੀ ਕੋਈ ਤਾਲੋਂ ਉੱਖੜਿਆ ਧੀ-ਪੁੱਤ
ਸਮੇਂ ਦੀ ਸੂਹੀ ਲਾਟ ਦੇ ਸੂਟੇ ਖਿੱਚਦਾ
ਖੁਦਕਸ਼ੀ ਦੇ ਰਾਹ ਤੁਰਦਾ ਹੈ

ਜਦੋਂ ਵੀ ਚੋਪੜੀ ਰੋਟੀ
ਮਹਿੰਗੀ ਹੋ ਜਾਂਦੀ ਹੈ
ਤੇ ਜਵਾਨੀ ਸਸਤੀ
ਇਹ ਫੋੜਾ ਉਦੋਂ ਹੀ
ਤੇ ਸਿਰਫ਼ ਉਦੋਂ ਹੀ
ਦੁਬਾਰਾ ਚਸਕਣ ਲੱਗਦਾ ਹੈ
ਸ਼ਾਇਦ ਇਸ ਫੋੜੇ ਦੀ
ਚੋਪੜੀ ਰੋਟੀ ਦੀ
ਤਲਾਸ਼ ਵਿਚਲੀ ਭਟਕਣਾ ਨਾਲ
ਕੋਈ ਪੁਰਾਣੀ ਦੋਸਤੀ ਜਾਂ
ਸ਼ਾਇਦ ਦੁਸ਼ਮਣੀ ਹੈ ●

## 3. ਪੰਜਾਬ ਦੀ ਤਕਸੀਮ

ਰਾਤ ਅੱਧੀ ਆਰ, ਅੱਧੀ ਪਾਰ ਸੀ
'ਵੰਡ' ਦੀ ਬਰਛੀ ਜਿਗਰ ਵਿਚਕਾਰ ਸੀ।

ਮੋਹ ਦੀਆਂ ਤੰਦਾਂ ਨੂੰ ਟੁੱਕਦੀ ਸੀ ਪਈ
ਪਾਗ਼ਲਾਂ ਦੇ ਹੱਥ ਵਿਚ ਤਲਵਾਰ ਸੀ।

ਥੱਕੀਆਂ ਰੋ ਰੋ ਉਮੰਗਾਂ, ਹਸਰਤਾਂ
ਲਹੂ ਦਾ ਦਰਿਆ ਕਰਨਾ ਪਾਰ ਸੀ।

ਰਹਿ ਗਿਆ ਸੀ ਦੂਰ ਟੋਬਾ ਟੇਕ ਸਿੰਘ
ਤੜਪਦਾ ਹੱਦਾਂ ਤੇ ਕਿਸਦਾ ਯਾਰ ਸੀ।

ਮੈਂ ਬਥੇਰਾ ਕਲਪਿਆ ਸੀ ਉਸ ਘੜੀ
ਬੋਲਣਾ ਜਦ ਹੋ ਗਿਆ ਦੁਸ਼ਵਾਰ ਸੀ।

ਜ਼ਹਿਰ ਦਾ ਕੁਝ ਅਸਰ ਹੋਇਆ ਇਸ ਤਰ੍ਹਾਂ
ਸ਼ਹਿਰ ਸਾਰਾ ਪੈ ਗਿਆ ਬੀਮਾਰ ਸੀ।

ਕੌਣ ਬਚਿਆ, ਕੌਣ ਮਰਿਆ, ਕੀ ਕਹਾਂ
ਉੱਗ ਪਏ ਹਰ ਕਦਮ ਤੇ ਅੰਗਿਆਰ ਸੀ।

ਕੀ ਭਲਾ ਲੱਭਾ ਲਹੂ ਦੀ ਖੇਡ 'ਚੋਂ
ਕੰਮ ਕਿਹੜੇ ਆਈ 'ਮਾਰੋ ਮਾਰ ਸੀ'?

ਪੰਛੀਆਂ ਦੀ ਕਲਪਨਾ ਤੋਂ ਦੂਰ ਦੂਰ
ਬਹੁਤ ਉੱਚੀ ਕੰਡਿਆਂ ਦੀ ਤਾਰ ਸੀ।

ਮਰ ਗਏ ਜਿਹੜੇ ਅਜਾਈਂ, ਸੋਚੀਏ
ਕਦੇ ਉਹ ਵੀ ਘਰਾਂ ਦਾ ਸ਼ਿੰਗਾਰ ਸੀ।

ਉਮਰ ਲੰਘੀ ਤੇ ਦੋਹਾਂ ਨੇ ਵੇਖਿਆ
ਪੈ ਗਿਆ ਕਿੰਨਾ ਦਿਲਾਂ ਤੇ ਭਾਰ ਸੀ।

'ਕੱਲਿਆਂ ਬਹਿ-ਬਹਿ ਬਥੇਰਾ ਰੋ ਲਿਆ
ਕੋਲ ਬਹਿ ਦੁੱਖ ਫੋਲਣਾ ਦਰਕਾਰ ਸੀ।

ਅਜੇ ਵੀ ਹੈ ਵਕਤ ਕਿ ਦਿਲ ਫੋਲੀਏ,
ਆਖਦਾ 'ਬੁੱਲ੍ਹਾ' ਤੇ 'ਬਰਖ਼ੁਰਦਾਰ' ਸੀ। ●





# ਸੰਨ ਸੰਤਾਲੀ

**- ਹਰਚਰਨ ਸਿੰਘ** (ਕਪੂਰਥਲਾ)

ਇਹ ਵੇਖ ਪਿੰਡ ਦੇ ਸਾਰੇ ਹੀ ਲੋਕ ਉਥੇ ਇਕੱਠੇ ਹੋ ਗਏ। ਉਨ੍ਹਾਂ ਵਿਚੋਂ ਬਹੁਤੇ ਕਾਫਲੇ ਵਾਲਿਆਂ ਦੇ ਜਾਣੂ ਵੀ ਸਨ। ਉਹ ਸਾਰੇ ਧਾਵਾਂ ਮਾਰ-ਮਾਰ ਇਕ ਦੂਜੇ ਗਲ ਲੱਗੇ। ਕੁਝ ਕਹਿ ਰਹੇ ਸਨ ਕਿ ਸਰਦਾਰੋ ਇਹ ਤਾਂ ਜੱਗ ਬਾਹਰੀ ਹੋ ਰਹੀ ਹੈ। ਇਹ ਉਜਾੜੇ ਭਲਾ ਕਿਉਂ ਪੈ ਰਹੇ ਹਨ? ਸਾਡੇ ਭਰਾ ਵਿਰਕ ਤਾਂ ਕੱਲ੍ਹ ਹੀ ਚਲੇ ਗਏ ਸਨ। ਦੇਖੋ ਕਿਸ ਤਰ੍ਹਾਂ ਦੀ ਸਾੜ-ਸਤੀ ਆਈ ਹੈ। ਅਸੀਂ ਤੇ 30 ਸਾਲ ਪਹਿਲਾਂ ਹੀ ਮੁਸਲਮਾਨ ਹੋਏ ਸਾਂ। ਦੇਖੋ ਸਾਡੇ ਬਾਬੇ ਜੋ ਸਾਝੇ ਹੀ ਸਨ। ਸਾਨੂੰ ਛੱਡ ਕੇ ਚਲੇ ਗਏ ਹਨ। ਸਾਡਾ ਤੇ ਅੱਜ ਜ਼ਮੀਨਾਂ ਸਾਂਝੀਆਂ, ਰਿਸ਼ਤੇਦਾਰੀਆਂ ਸਾਂਝੀਆਂ ਹੀ ਸਨ। ਕੀ ਹੋ ਗਿਆ ਲੋਕਾਂ ਨੂੰ ਅਤੇ ਕੀ ਹੋ ਗਿਆ ਗੋਰਿਆਂ ਨੂੰ? ਕਿੱਥੇ ਸੁੱਟਣਗੇ ਤੁਹਾਨੂੰ? ਉਹ ਜ਼ਾਰੋ-ਜ਼ਾਰ ਰੋਏ ਅਤੇ ਅੰਤ ਨੂੰ ਰੋਟੀ ਬਣਾਉਣ ਅਤੇ ਖਿਲਾਉਣ ਦਾ ਜ਼ਿੰਮਾ ਉਹਨਾਂ ਆਪਣੇ ਸਿਰ ਲੈ ਲਿਆ। ਸਾਰੇ ਪਿੰਡ ਵਿਚ ਹੋਕਾ ਦੇ ਦਿੱਤਾ। ਬੀਬੀਆਂ ਇਕੱਠੀਆਂ ਹੋ ਕੇ ਘਰ ਜਿੰਨਾ ਵੀ ਆਟਾ ਦਾਲ ਸੀ, ਲੈ ਕੇ ਪਹੁੰਚ ਗਈਆਂ। ਆਟਾ ਪੀਹਣ ਵਾਲੀ ਮਸ਼ੀਨ ਚਲਾ ਦਿੱਤੀ। ਵੱਡੀਆਂ-ਵੱਡੀਆਂ ਲੋਹਾਂ ਤਾਅ ਦਿੱਤੀਆਂ। ਪਿੰਡ ਦੀਆਂ ਬੀਬੀਆਂ ਅਤੇ ਕਾਫਲੇ ਦੀਆਂ ਬੀਬੀਆਂ ਨੇ ਰੋਟੀਆਂ ਪਕਾਈਆਂ ਅਤੇ ਆਦਮੀਆਂ ਨੇ ਦੇਗਾਂ ਵਿਚ ਦਾਲ ਉਬਾਲ ਅਤੇ ਘਰ ਤੋਂ ਅਚਾਰ ਲਿਆ ਲੰਗਰ ਛਕਾਉਣਾ ਸ਼ੁਰੂ ਕਰ ਦਿੱਤਾ। ਦੋ ਤਿੰਨ ਘੰਟਿਆਂ ਵਿਚ ਲੰਗਰ ਪਾਣੀ ਕਰਕੇ ਕਰੀਬ ਚਾਰ ਵਜੇ ਕਾਫਲੇ ਨੇ ਅੱਗੇ ਚਾਲੇ ਪਾਏ।

ਇੱਥੇ ਮੈਨੂੰ ਇਕ ਹੋਰ ਗੱਲ ਦਾ ਗਿਆਨ ਹੋਇਆ ਕਿ ਪਤਾ ਨਹੀਂ ਵਿਰਕ ਪਹਿਲਾਂ ਤੋਂ ਹੀ ਉਥੇ ਵੱਸ ਰਹੇ ਸਨ ਜਾਂ ਸਾਡੇ ਬਾਬਿਆਂ ਵਾਂਗੂ ਏਧਰੋਂ ਉਧਰ ਬਾਰ ਵੱਸਣ ਵੇਲੇ ਹੀ ਜਾ ਕੇ ਵੱਸੇ ਸਨ। ਪਰ ਕਈ ਗੱਲਾਂ ਉਨ੍ਹਾਂ ਦੀਆਂ ਅਤੇ ਉਥੋਂ ਦੇ ਲੋਕਲ ਜਿਹਨਾਂ ਨੂੰ 'ਜਾਂਗਲੀ' ਕਿਹਾ ਜਾਂਦਾ ਸੀ, ਮਿਲਦੀਆਂ ਜੁਲਦੀਆਂ ਹੀ ਸਨ। ਵਿਰਕਾਂ ਦਾ ਅਤੇ ਜਾਂਗਲੀਆਂ ਦਾ ਪਹਿਰਾਵਾ ਅਤੇ ਬੋਲੀ ਲਗਭਗ ਇਕੋ ਤਰ੍ਹਾਂ ਦੀ ਸੀ। ਵਿਰਕ ਮੁੰਡੇ ਜਵਾਨ ਅਤੇ ਬੁੱਢੇ ਸਾਰੇ ਹੀ ਤੇੜ ਧੋਤੀ ਬੰਨ੍ਹਦੇ ਸਨ। ਜਿਸ ਨੂੰ ਉਹ ਲੱਕਦੀ ਸੱਦਦੇ ਸਨ। ਸਿਰ ਤੇ ਪੱਗ ਚਿੱਟੀ ਅਤੇ ਮਾੜੇ-ਮਾੜੇ ਵੱਟ ਚਾੜ੍ਹ-ਚਾੜ੍ਹ ਕੇ ਜਿਸ ਤਰ੍ਹਾਂ ਮਾਰਵਾੜੀ ਬੰਨ੍ਹਦੇ ਹਨ, ਉਸੇ ਤਰ੍ਹਾਂ ਹੀ ਹੁੰਦੀ ਸੀ। ਰਿਹਾਇਸ਼ ਪਿੰਡਾਂ ਵਿਚ ਪ੍ਰੰਤੂ ਕਿਤੇ-ਕਿਤੇ ਉਹ ਆਪਣੀ ਖੇਤੀ ਵਿਚ ਵੀ ਘਰ ਬਣਾ ਕੇ ਰਹਿੰਦੇ ਸਨ। ਜਦਕਿ ਦੋਵਾਂ ਹੀ ਜਾਤਾਂ ਦੇ ਆਮ ਲੋਕ ਬਾਹਰ ਖੇਤ ਵਿਚ ਹੀ ਕੁਝ ਮਕਾਨ ਬਣਾ ਕੇ ਜਿਸਨੂੰ ਉਹ ਡੇਰਾ ਕਹਿੰਦੇ ਸਨ, ਸਿਰਫ਼ ਮਾਲ ਡੰਗਰ ਰੱਖਦੇ ਸਨ। ਲਵੇਰਿਆਂ ਦਾ ਧਾਰ ਉਹ ਆਪ ਆਦਮੀ ਹੀ ਕੱਢਦੇ ਸਨ ਅਤੇ ਚੋਇਆ ਹੋਇਆ ਦੁੱਧ ਉਹ ਆਪ ਘਰ ਲੈ ਕੇ ਆਉਂਦੇ ਸਨ ਜਿਸ ਤਰ੍ਹਾਂ ਅੱਜ ਕੱਲ ਦੁਆਬੇ ਵਿਚ ਰਿਵਾਜ ਹੈ। ਦੁਆਬੇ ਵਿਚ ਦੁੱਧ ਬੀਬੀਆਂ ਆਪ ਡੇਰਿਆਂ ਤੋਂ ਚੋ ਕੇ ਲਿਆਉਂਦੀਆਂ ਹਨ। ਇਹੋ ਹੀ ਦੁਆਬੇ ਅਤੇ ਉਨ੍ਹਾਂ ਵਿਚ ਮਾਲ ਡੰਗਰ ਪ੍ਰਤੀ ਫ਼ਰਕ ਹੈ। ਜਦ ਕਿ ਹੋਰ ਜੋ ਇਧਰੋਂ ਮਾਝੇ ਵਿਚੋਂ ਜਾ ਕੇ ਉਧਰ ਵੱਸੇ ਸਨ ਉਹ ਸਾਰਾ ਮਾਲ ਡੰਗਰ ਤਾਂ ਖੇਤਾਂ ਵਿਚ ਹੀ ਰੱਖਦੇ ਸਨ। ਪ੍ਰੰਤੂ ਸ਼ਾਮ ਨੂੰ ਉਹ ਪਿੰਡ ਲੈ ਆਉਂਦੇ ਸਨ ਅਤੇ ਆਮ ਕਰਕੇ ਰਿਹਾਇਸ਼ ਤੋਂ ਵੱਖਰੇ ਹੀ ਵਲਗਣ ਕਰਕੇ ਉਥੇ ਰੱਖਦੇ ਸਨ, ਜਿਸਨੂੰ ਉਹ ਹਵੇਲੀ ਆਖਦੇ ਸਨ। ਉਨ੍ਹਾਂ ਦਾ ਇਹ ਖ਼ਿਆਲ ਸੀ ਕਿ ਜੇ ਬੀਬੀਆਂ ਨੂੰ ਦੁੱਧ ਚੋਣ ਲਾ ਦੇਈਏ ਤਾਂ ਇਕ ਉਹ ਲਵੇਰੇ ਦਾ ਜਾਤਕ (ਬੱਚਾ) ਹੀ ਥਣਾ ਵਿਚ ਦੁੱਧ ਨਾ ਛੱਡ ਕੇ ਮਾਰ ਦੇਂਦੀਆਂ ਹਨ ਅਤੇ ਦੂਸਰੇ ਜੇ ਮੁੰਡੇ ਡੋਕੇ (ਥਣਾਂ ਵਿਚੋਂ ਆਖਰੀ ਦੁੱਧ) ਨਾ ਚੁੰਘਣਗੇ ਤਾਂ ਜਵਾਨ ਕਿਵੇਂ ਹੋਣਗੇ? ਡੇਰਿਆਂ ਤੇ ਸੌ-ਸੌ ਡੇੜ-ਡੇੜ ਸੌ ਮੰਜੇ ਅਤੇ ਬਿਸਤਰੇ ਰੱਖੇ ਹੁੰਦੇ ਸਨ। ਉਨ੍ਹਾਂ ਦੀ ਇਹ ਸਮਝ ਸੀ

ਕਿ ਜੇ ਕਿਤੇ ਕੁਝ ਪ੍ਰਾਹੁਣੇ ਆ ਜਾਣ ਜਾਂ ਵਿਆਹ ਸ਼ਾਦੀ ਹੋਵੇ ਤਾਂ ਲੋਕਾਂ ਵਲੋਂ ਮੰਜੇ ਮੰਗਦਿਆਂ ਸ਼ਰਮ ਨਹੀਂ ਆਉਂਦੀ? ਪ੍ਰਾਹੁਣਿਆਂ ਵਿਚ ਬੇਇੱਜ਼ਤੀ ਨਹੀਂ ਹੋਵੇਗੀ ਸਾਡੀ। ਚੋਰੀ ਕਰਨ ਦੇ ਦੋਵੇਂ ਹੀ ਫਿਰਕੇ ਇਕ ਤੋਂ ਇੱਕ ਵੱਧ ਕੇ ਉਸਤਾਦ ਸਨ।

ਖ਼ਾਸ ਕਰਕੇ ਮਾਲ ਡੰਗਰ ਜਾਂ ਘੋੜਿਆਂ ਦੀ ਚੋਰੀ। ਜਾਂਗਲੀਆਂ ਵਿਚ ਤਾਂ ਇਹ ਰਿਵਾਜ਼ ਚੱਲਿਆ ਆਉਂਦਾ ਸੀ ਕਿ ਉਨ੍ਹਾਂ ਨੂੰ ਪਹਿਲੀ ਵਾਰੀ ਪਗੜੀ ਬੰਨ੍ਹਣ ਦੀ ਰਸਮ ਲਈ ਚੋਰੀ ਕਰਨੀ ਪੈਂਦੀ ਸੀ। ਇਸ ਰਿਵਾਜ ਦਾ ਪਹਿਲੀ ਵਾਰ ਮੈਨੂੰ ਉਦੋਂ ਪਤਾ ਲੱਗਾ ਜਦੋਂ ਮੇਰਾ ਜਮਾਤੀ ਨਵਾਬੂ (ਨਵਾਬ ਖਾਂ) ਇਕ ਦਿਨ ਸਕੂਲੇ ਚਿੱਟੀ ਵੇਲ ਦੀ ਪੱਗ ਬੰਨ੍ਹ ਕੇ ਆਇਆ। ਉਹ ਮਜੋਰਾਂ ਵਾਲੀ ਪਿੰਡ ਦੇ ਜਾਗੀਰਦਾਰ ਦਾ ਮੁੰਡਾ ਸੀ ਤੇ ਰੋਜ਼ ਉਹ ਘੋੜੀ ਤੇ ਚੜ੍ਹਕੇ ਲਗਾਮ ਚੋਕੀਦਾਰ ਦੇ ਹੱਥ ਫੜਾ ਸਕੂਲ ਆਉਂਦਾ ਹੁੰਦਾ ਸੀ। ਅਸਾਂ ਉਸਨੂੰ ਪੁੱਛਿਆ ਨਵਾਬੂ ਕੀ ਗੱਲ ਏ ਅੱਜ ਤੂੰ ਪੱਗ ਬੰਨ੍ਹ ਕੇ ਆਇਆ ਏਂ। ਪਹਿਲਾਂ ਤੂੰ ਨੰਗੇ ਸਿਰ ਹੀ ਆਉਂਦਾ ਹੁੰਦਾ ਸੀ। ਉਹਨੇ ਦੱਸਿਆ ਕਿ ਸਾਡੇ ਪੱਗ ਬੰਨਣ ਦੀ ਰਸਮ ਦਾ ਵੀ ਰਿਵਾਜ਼ ਹੈ। ਪੱਗ ਪਹਿਲੀ ਵਾਰ ਉਦੋਂ ਹੀ ਬੰਨ੍ਹੀ ਜਾਂਦੀ ਹੈ ਜਦੋਂ ਜਣਾ (ਗੱਭਰੂ) ਪਹਿਲੀ ਵਾਰ ਚੋਰੀ ਕਰਦਾ ਹੈ। ਅਸਾਂ ਉਹਨੂੰ ਫਿਰ ਪੁੱਛਿਆ ਕਿ ਤੂੰ ਵੀ ਚੋਰੀ ਕੀਤੀ ਹੈ ਕਿਤੇ। ਜਵਾਬ ਸੀ ਕਿ ਉਹਨੇ ਸਾਡੇ ਪਿੰਡੋਂ ਪਰਸੋਂ ਮੂਸਲ ਵਿਚੋਂ ਤੂੜੀ ਦੀ ਪੰਡ ਚੋਰੀ ਕੀਤੀ ਸੀ ਅਤੇ ਰਿਵਾਜ਼ ਅਨੁਸਾਰ ਸਾਰੇ ਪਿੰਡ ਅਤੇ ਰਿਸ਼ਤੇਦਾਰਾਂ ਦੀ ਦਾਵਤ ਕਰਕੇ ਪੱਗ ਬੱਧੀ ਸੀ। ਇਹਨਾਂ ਦੋਵਾਂ ਹੀ ਫਿਰਕਿਆਂ ਦੀ ਬੋਲੀ ਵਿਚ ਵੀ ਬਹੁਤ ਘੱਟ ਅੰਤਰ ਸੀ। ਇਹ 'ਵੱਤ ਦਾ ਸ਼ਬਦ ਬਹੁਤ ਵਰਤਦੇ ਹਨ। ਵੱਤ ਕੀ ਕਰੇਂਦਾ ਏ। ਵੱਤ ਕਿੱਥੇ ਗਿਆ ਸੈਂ?"

ਵਿਰਕ ਸਿੱਖਾਂ ਵਿਚੋਂ ਸ਼ਾਇਦ ਵੱਧ ਮਾਰਸ਼ਲ ਗੋਤ ਸੀ। ਇਨ੍ਹਾਂ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਚ 35-40 ਪਿੰਡ ਇਕੱਠੇ ਹੀ ਸਨ ਅਤੇ ਇਹ ਚੂੜਕਾਣਾ, ਸੱਚਾ ਸੌਦਾ, ਬਹਾਲੀ ਕੇ ਮੰਡ, ਢਾਬਾਂ ਦੇ ਰੇਲਵੇ ਸਟੇਸ਼ਨਾਂ ਦੇ ਚਾਰ ਚੁਫੇਰੇ ਪਿੰਡਾਂ ਵਿਚ ਵੱਸਦੇ ਸਨ। ਇਨ੍ਹਾਂ ਪਿੰਡਾਂ ਵਿਚ ਲੜਾਈ ਝਗੜੇ ਕੁੱਟ-ਮਾਰ, ਚੋਰੀ ਚਕਾਰੀ, ਕਤਲ ਆਮ ਜਿਹੀ ਹੀ ਗੱਲ ਸੀ। ਇਸ ਦੀ ਪੁਸ਼ਟੀ ਲਈ ਮੈਨੂੰ ਮੇਰੇ ਸੱਭ ਤੋਂ ਵੱਧ ਪਿਆਰੇ ਮਾਸਟਰ ਕਿਰਪਾਲ ਸਿੰਘ ਵਿਰਕ ਦੀ ਜਮਾਤ ਵਿਚ ਸੁਣਾਈ ਗੱਲ ਅੱਜ ਵੀ ਅੱਖਰ-ਅੱਖਰ ਯਾਦ ਹੈ। ਉਨ੍ਹਾਂ ਪੜ੍ਹਾਈ ਦੇ ਸਬਕ ਦੇ ਸੰਬੰਧ ਵਿਚ ਵੇਰਵਾ ਦਿੰਦਿਆਂ ਦੱਸਿਆ ਕਿ ਇਕ ਵਾਰ ਮੈਂ ਮੰਡੀ ਢਾਬਾਂ ਜਾ ਰਿਹਾ ਸੀ ਕਿ ਅੱਗਿਉਂ ਮੇਰਾ ਬਾਪੂ ਜੀ (ਬਾਪ) ਆਉਂਦਿਆਂ ਮੈਨੂੰ ਮਿਲਿਆ ਜੋ ਸ਼ੇਖੂਪੁਰਿਉਂ ਮੇਰੇ ਦੋਵਾਂ ਭਰਾਵਾਂ ਦੇ ਬਣੇ ਫੌਜਦਾਰੀ ਕੇਸ ਦੀ ਤਾਰੀਕ ਭੁਗਤ ਕੇ ਆ ਰਹੇ ਸਨ। ਦੋਵੇਂ ਭਰਾ ਸ਼ੇਖੂਪੁਰੇ ਜੇਲ੍ਹ ਵਿਚ ਬੰਦ ਸਨ।

ਮੈਂ ਸਤਿਕਾਰ ਵਜੋਂ ਸਤਿ ਸ੍ਰੀ ਅਕਾਲ ਬੁਲਾਈ ਅਤੇ ਨਾਲ ਨਿਉਂ ਕੇ ਗੋਡੀਂ ਹੱਥ ਲਾਇਆ। ਬਾਪੂ ਜੀ ਮੈਨੂੰ ਅਸੀਸ ਤਾਂ ਕੀ ਦੇਣੀ ਸੀ ਕਹਿਣ ਲੱਗੇ, "ਉਹ ਕਿਰਪਾਲਿਆ ਤੂੰ ਤਾਂ ਵੱਤ ਮੇਰਾ ਨੱਕ ਹੀ ਵੱਢਵਾ ਦਿੱਤਾ ਈ। ਤੇਰਾ ਜਿਹਾ ਪੁੱਤ ਤਾਂ ਨਾ ਈ ਹੁੰਦਾ ਤਾਂ ਚੰਗਾ ਸੀ। ਮਾਸਟਰ ਜੀ ਨੇ ਅੱਗੋਂ ਕਿਹਾ, "ਬਾਪੂ ਜੀ ਭਲਾ ਮੈਂ ਕੀ ਮਾੜਾ ਕੀਤਾ ਹੈ ਜੋ ਤੁਸੀਂ ਨਾਰਾਜ਼ ਹੋ। ਤੁਸੀਂ ਜਿਧਰ ਵੀ ਜਾਂਦੇ ਹੋ ਅਤੇ ਜਿਨ੍ਹਾਂ ਲੋਕਾਂ ਨੂੰ ਪਤਾ ਹੈ ਕਿ ਤੁਸੀਂ ਮੇਰੇ ਬਾਪੂ ਜੀ ਹੋ ਉਹ ਤੁਹਾਡਾ ਪਿਉਵਾਂ ਵਾਗੂੰ ਸਤਿਕਾਰ ਕਰਦੇ ਹਨ। ਤੁਹਾਡੇ ਗੋਡੀਂ ਹੱਥ ਲਾਉਂਦੇ ਤੁਹਾਡੀ ਵਾਹ-ਵਾਹ ਹੁੰਦੀ। ਪਰ ਦੂਸਰੇ ਭਰਾਵਾਂ ਵੱਲ ਵੇਖੋ। ਬਾਪੂ ਜੀ ਦੂਸਰੇ ਭਰਾਵਾਂ ਦਾ ਨਾਂ ਸੁਣ ਕੇ ਲਾਲ ਪੀਲੇ ਹੋ ਗਏ ਅਤੇ ਬੁੱਢੇ ਵਾਰੇ ਹੱਥ ਵਿਚ ਫੜਿਆ ਡੰਡਾ ਉਤਾਂਹ ਨੂੰ ਚੁੱਕ ਲਿਆ। ਜਿਵੇਂ ਮੈਨੂੰ ਮਾਰਨਾ ਹੋਵੇ। ਕਹਿਣ ਲੱਗੇ , ਉਨ੍ਹਾਂ ਵਿਚ ਕੀ ਨੁਕਸ ਏ। ਵੱਤ ਦੱਸ ਤੇਰੇ ਉਨ੍ਹਾਂ ਭਰਾਵਾਂ ਵਿਚ ਤੂੰ ਕੀ ਕਸੂਰ ਕੱਢਦਾ ਏਂ, ਉਹ ਵਿਚਾਰੇ ਸਾਲ ਛਿਮਾਹੀ ਦੋ ਚਾਰ ਮਹੀਨੇ ਦੀ ਕੈਦ ਹੀ ਕੱਟ ਆਉਂਦੇ ਨੇ, ਉਹ ਤੇਰੇ ਵਰਗੇ ਬੁਜ਼ਦਿਲ ਨਹੀਂ, ਨਰ ਨੇ ਨਰ।" ਇਹ ਸੁਣ ਸਾਨੂੰ ਸਾਰੀ ਜਮਾਤ ਨੂੰ ਬੜਾ ਹਾਸਾ ਵੀ ਆਇਆ ਅਤੇ ਹੈਰਾਨੀ ਵੀ ਹੋਈ। ਕਿਉਂ ਜੋ ਮਾਸਟਰ ਕਿਰਪਾਲ ਸਿੰਘ ਉਸ ਇਲਾਕੇ ਵਿਚ ਬਹੁਤ ਹੀ ਮਕਬੂਲ ਅਤੇ ਸਤਿਕਾਰੇ ਜਾਂਦੇ ਉਸਤਾਦ ਸਨ।



ਦੂਸਰੀ ਘਟਨਾ ਵੀ ਇਸੇ ਹੀ ਭਾਈਚਾਰੇ ਨਾਲ ਸੰਬੰਧਿਤ ਹੈ। ਸੱਚੇ ਸੌਦੇ ਗੁਰਦੁਆਰੇ ਸ਼ੇਖੂਪੁਰਾ, ਲਾਇਲਪੁਰ ਅਤੇ ਲਾਹੌਰ ਦਾ ਸਿੱਖ ਭਾਈਚਾਰਾ ਵੱਡੀ ਗਿਣਤੀ ਵਿਚ ਇਸ ਗੁਰਦੁਆਰੇ ਮੱਸਿਆ ਨਹਾਉਣ ਜਾਂਦਾ ਹੁੰਦਾ ਸੀ। ਉਥੇ ਹਰ ਮੱਸਿਆ ਤੇ ਵਿਰਕ ਭਾਈਚਾਰੇ ਵਿਚਕਾਰ ਮਿੱਥ ਕੇ ਲੜਾਈਆਂ ਹੁੰਦੀਆਂ ਸਨ। ਖਾਲਸਾ ਸਕੂਲ ਦੇ ਵਿਦਿਆਰਥੀ ਹੋਣ ਕਰਕੇ ਸਾਡੀਆਂ ਸਾਲ ਵਿਚ ਦੋ ਤਿੰਨ ਵਾਰ ਇਨ੍ਹਾਂ ਧਾਰਮਿਕ ਮੇਲਿਆਂ ਤੇ ਸਾਈਕਲ ਸਟੈਂਡ ਅਤੇ ਜੋੜਿਆਂ ਤੇ ਡਿਊਟੀਆਂ ਲੱਗਦੀਆਂ ਹੁੰਦੀਆਂ ਸਨ। ਇਸ ਕਰਕੇ ਇਹ ਲੜਾਈਆਂ ਅਤੇ ਲੁੱਟਾਂ ਖੋਹਾਂ ਅਸੀਂ ਆਮ ਹੀ ਉਥੇ ਵੇਖਦੇ ਹੁੰਦੇ ਸਾਂ। ਸੱਚੇ ਸੌਦੇ ਬਹਾਲੀ ਕੇ ਅਤੇ ਢਾਬਣ ਸਿੰਘ ਰੇਲਵੇ ਸਟੇਸ਼ਨਾਂ ਵਿਚਕਾਰ ਰੇਲਵੇ ਲਾਈਨ ਦੇ ਦੋਵੇਂ ਪਾਸੀਂ ਵਿਰਕਾਂ ਦੇ ਹੀ ਪਿੰਡ ਸਨ। ਇਥੇ ਕਈ ਥਾਈਂ ਸ਼ਰਾਰਤੀਆਂ ਵਲੋਂ ਲਾਈਨ ਲਾਗੇ ਖੜ੍ਹ ਕੇ ਮੱਸਿਆ ਕਰਕੇ ਗ਼ੱਡੀ ਵਿਚ ਭੀੜ ਕਾਰਨ ਬਾਹਰ ਲਟਕ ਰਹੀਆਂ ਸਵਾਰੀਆਂ ਦੀਆਂ ਪੱਗਾਂ ਬੇਰੀਆਂ ਦੇ ਛਾਪਿਆਂ ਨਾਲ ਅੜਾ ਕੇ ਲਾਹ ਲੈਣ ਜਿਹੀਆਂ ਇੱਲਤਾਂ ਆਮ ਹੁੰਦੀਆਂ ਰਹਿੰਦੀਆਂ ਸਨ। ਇਕ ਵਾਰ ਮੈਂ ਅਤੇ ਮੇਰੀ ਭਾਬੀ ਜੀ ਮੇਰੇ ਨਾਨਕਿਆਂ ਤੋਂ ਜੋ ਸ਼ੇਖੂਪੁਰੇ ਲਾਗੇ ਇਕ ਪਿੰਡ ਵਿਚ ਖੇਤੀ ਕ਼ਰਦੇ ਸਨ, ਮੁੜਦਿਆਂ ਸੱਚੇ ਸੌਦੇ ਮੱਸਿਆ ਨਹਾ ਕੇ ਜਦੋਂ ਪਿੰਡ ਵਾਪਸ ਪਰਤ ਰਹੇ ਸਾਂ ਤਾਂ ਬਹਾਲੀ ਕੇ ਸਟੇਸ਼ਨ ਤੇ ਖਲੋਤੀ ਗੱਡੀ ਵਿਚੋਂ ਉਤਰਨ ਲੱਗਿਆ ਇੱਕ ਗੱਭਰੂ ਮੁੰਡਾ ਭਾਬੀ ਜੀ ਕੋਲੋਂ ਧੱਕੇ ਨਾਲ ਗੱਠੜੀ ਖੋਹ ਕੇ ਲੈ ਗਿਆ। ਭਾਬੀ ਜੀ ਰੌਲਾ ਪਾਉਂਦੀ ਰਹੀ, 'ਵੇ ਵੀਰਾ' ਇਸ ਵਿਚ ਮੇਰੇ ਕੱਪੜੇ ਘਿਓ ਅਤੇ ਪਿੰਨੀਆਂ ਨੇ, ਵੇ ਨਾ ਖੜ। ਉਹ ਗੱਭਰੂ ਨਾਲੇ ਹੱਸਦਾ ਜਾਵੇ ਅਤੇ ਨਾਲੇ ਆਖੀ ਜਾਵੇ,

"ਬੀਬੀ ਫ਼ਿਕਰ ਨਾ ਕਰ ਇਹ ਕੱਪੜੇ ਤੇਰੀ ਭਰਜਾਈ ਪਾ ਲਊ ਅਤੇ ਘਿਉ ਵੀ ਉਹਨੂੰ ਹੀ ਖਵਾ ਦਿਊਂਗਾ, ਉਹਦੇ ਕੁੱਛੜ ਛੋਟਾ ਬੱਚਾ ਹੈ ਤੇ ਪਿੰਨੀਆਂ ਮੈਂ ਆਪ ਖਾ ਲਊਂਗਾ।" ਇਹ ਗੱਲਾਂ ਕਈ ਲੋਕ ਸੁਣ ਰਹੇ ਸਨ ਪ੍ਰੰਤੂ ਕਿਸੇ ਵੀ ਉਸ ਗੱਭਰੂ ਦਾ ਪਿੱਛਾ ਕਰਕੇ ਫੜਨ ਦੀ ਕੋਸ਼ਿਸ਼ ਨਾ ਕੀਤੀ। ਅੱਜਕੱਲ੍ਹ ਇਹ ਸਾਰਾ ਭਾਈਚਾਰਾ ਕਰਨਾਲ ਜ਼ਿਲ੍ਹੇ ਜਾ ਵੱਸਿਆ ਹੈ।

ਰੋਟੀ ਪਾਣੀ ਛਕਾਉਣ ਉਪਰੰਤ ਕੜਿਆਲ ਵਾਸੀ ਵਿਰਕ ਮੁਸਲਮਾਨਾਂ ਸੇਜਲ ਅੱਖਾਂ ਨਾਲ ਸਾਨੂੰ ਤੋਰਿਆ। ਦਿਨ ਅਜੇ ਤਿੰਨ ਘੰਟੇ ਦੇ ਲਗਭਗ ਬਾਕੀ ਸੀ। ਰਾਤ ਕਿੱਥੇ ਕੱਟਣੀ ਹੈ ਇਹ ਤਾਂ ਵੱਡਿਆਂ ਨੂੰ ਹੀ ਪਤਾ ਸੀ। ਸੱਚਾ ਸੌਦਾ ਕੈਂਪ ਉਥੋਂ 7-8 ਕੋਹ ਪੈਂਡਾ ਸੀ। ਅਜੇ ਦੋ ਕੁ ਕੋਹ ਦਾ ਪੈਂਡਾ ਕੀਤਾ ਹੋਵੇਗਾ ਕਿ ਮੇਰੇ ਚਾਰ ਪੰਜ ਚਾਚੇ ਤਾਇਆਂ ਦੇ ਮੁੰਡੇ ਮੇਰੇ ਭਰਾ ਮੈਨੂੰ ਆਣ ਮਿਲੇ ਅਤੇ ਕਹਿਣ ਲੱਗੇ ਆ ਤੈਨੂੰ ਕੋਈ ਵਧੀਆ ਚੀਜ਼ ਦਿਖਾਈਏ। ਮੇਰੀ ਜਾਣੇ ਬਲਾ ਉਹ ਕੀ ਦਿਖਾਉਣਾ ਚਾਹੁੰਦੇ ਸਨ। ਮੇਰੇ ਜ਼ੋਰ ਦੇ ਕੇ ਪੁੱਛਣ 'ਤੇ ਵੀ ਉਨ੍ਹਾਂ ਮੈਨੂੰ ਦੱਸਣੋਂ ਨਾਂਹ ਕਰ ਦਿੱਤੀ। ਮੈਂ ਆਖਿਆ ਮੈਂ ਕਿਵੇਂ ਤੁਹਾਡੇ ਨਾਲ ਜਾ ਸਕਦਾ ਹਾਂ। ਮੇਰੇ ਕੋਲ ਮਾਲੀ ਹੈ ਅਤੇ ਮੇਰਾ ਭਰਾ ਇਸ ਉੱਤੇ ਬੈਠਾ ਹੈ। ਇਕ ਜਣੇ ਮਾਲੀ ਦੀ ਨੱਥ ਮੇਰੇ ਕੋਲੋਂ ਫੜ ਕੇ ਕਿਹਾ, 'ਜਾ ਨੱਸ ਜਾ ਇਹਨਾਂ ਨਾਲ' ਲਾਗੇ ਹੀ ਅੱਗੇ ਉਹ ਤੈਨੂੰ ਕੁਝ ਦਿਖਾਉਣਗੇ। ਭਰਾ ਨੂੰ ਮਾਲੀ ਦੀ ਪਿੱਠ ਤੇ ਰੋਂਦਾ ਛੱਡ ਮੈਂ ਵੀ ਸ਼ੂਟ ਵੱਟ ਉਨ੍ਹਾਂ ਨਾਲ ਅੱਗੇ ਨੱਸ ਗਿਆ। ਸ਼ੈਅ ਕੀ ਸੀ। ਸਾਡੇ ਤਾਏ ਜੀ ਦੇ ਪੁੱਤਰ ਵੱਡੇ ਭਰਾ ਮੁਖਤਿਆਰ ਦੀ ਮੰਗੇਤਰ ਛੋਟੀਆਂ ਬੋਥੀਆਂ ਤੋਂ ਜੋ ਇਕ ਛੋਟੀ ਜਿਹੀ ਸੁੱਕੀ ਨਹਿਰ ਵਿਚ ਆਪਣੇ ਮਾਪਿਆਂ ਨਾਲ ਤੁਰੀ ਜਾ ਰਹੀ ਸੀ। ਕਰਨੈਲ ਕੋਲੋਂ ਇਨ੍ਹਾਂ ਸ਼ਰਾਰਤੀਆਂ ਦੀ ਭਾਵਨਾ ਨੂੰ ਤਾੜ ਗਈ ਸੀ ਅਤੇ ਉਸ ਵੇਲੇ ਦੇ ਰਿਵਾਜ਼ਾਂ ਅਨੁਸਾਰ ਲਾਜ ਦੇ ਮਾਰੇ ਕਦੀ ਆਪਣਾ ਮੂੰਹ ਲੁਕਾਵੇ ਅਤੇ ਕਦੇ ਆਪਣੇ ਮਾਪਿਆਂ ਦੀ ਓਟ ਵਿਚ ਲੁੱਕਣ ਦੀ ਅਸਫਲ ਕੋਸ਼ਿਸ਼ ਕਰੇ। ਉਹ ਸਾਡੀ ਹੋਣ ਵਾਲੀ ਭਰਜਾਈ ਮੋਟੀਆਂ-ਮੋਟੀਆਂ ਅੱਖਾਂ ਅਤੇ ਮਾਸੂਮੀਅਤ ਵਾਲੇ ਨਿਖਰਵੇਂ ਨੈਣ ਨਕਸ਼ਾਂ ਕਾਰਨ ਹੋਰ ਵੀ ਸੋਹਣੀ ਲੱਗ ਰਹੀ ਸੀ। ਪਰ ਮੈਨੂੰ ਉਨ੍ਹਾਂ ਮਿੱਤਰਾਂ ਦੀ ਇਹ ਕੋਝੀ ਹਰਕਤ ਚੰਗੀ ਨਾ ਲੱਗੀ ਕਿਉਂਕਿ ਮੇਰੇ ਮਨ ਤੇ ਅਜੇ ਵੀ ਇਸ ਅਣਹੋਣੀ ਸਥਿਤੀ ਦਾ ਡੂੰਘਾ ਅਸਰ ਸੀ ਅਤੇ ਅਜੇ ਵੀ ਕਈ ਵਾਰ ਦਿਲ ਉਬਾਲ ਖਾਂਦਾ ਅਤੇ ਗਿੱਲੀਆਂ ਅੱਖਾਂ ਮਨ ਅੰਦਰ ਦੀ ਕਹਾਣੀ ਪਾਉਂਦੀਆਂ ਸਨ।

ਉਨ੍ਹਾਂ ਨੂੰ ਗੰਦੀਆਂ ਗਾਲਾਂ ਕੱਢ ਮੈਂ ਉਥੇ ਖਲੋ ਮਾਲੀ ਦੀ ਉਡੀਕ ਕਰਨ ਲੱਗ ਪਿਆ।

ਕਾਫਲਾ ਹੌਲੀ-ਹੌਲੀ ਅੱਗੇ ਤੁਰਦਾ ਜਾ ਰਿਹਾ ਸੀ। ਭਾਈਆ ਜੀ ਦਾ ਕੁਝ ਵੀ ਪਤਾ ਨਹੀਂ ਸੀ। ਉਹ ਕਿੱਥੇ ਹਨ? ਭਾਬੀ ਅਤੇ ਛੋਟਾ ਬਾਲ, ਮਾਂ ਅਤੇ ਹੋਰ ਸਾਰੇ ਵੀ ਪਤਾ ਨਹੀਂ ਅੱਗੇ ਜਾ ਰਹੇ ਸਨ ਜਾਂ ਪਿੱਛੇ। ਸਭੇ ਤੁਰੇ ਜਾ ਰਹੇ ਸਨ। ਪਰ ਗੱਡੇ ਤਾਂ ਗਿਣਤੀ ਦੇ ਹੀ ਰਹਿ ਗਏ ਜਾਪਦੇ ਸਨ। ਅੰਤ ਸੂਰਜ ਡੁੱਬਣ ਤੋਂ ਕੁਝ ਚਿਰ ਪਹਿਲਾਂ ਕਾਫਲਾ ਲਾਹੌਰ ਤੋਂ ਲਾਇਲਪੁਰ ਜਾਣ ਵਾਲੀ ਜਰਨੈਲੀ ਸੜਕ ਤੇ ਪਹੁੰਚ ਗਿਆ। ਇਹ ਨਾਂ ਦੀ ਹੀ ਜਰਨੈਲੀ ਸੜਕ ਸੀ। ਅੱਜਕੱਲ੍ਹ ਦੀਆਂ ਸੜਕਾਂ ਦੇ ਸਬੰਧ ਵਿਚ ਵੇਖਣ ਨਾਲ ਤਾਂ ਉਹ ਇਕ ਪਿੰਡ ਤੋਂ ਦੂਸਰੇ ਪਿੰਡਾਂ ਨੂੰ ਜਾਣ ਵਾਲਾ ਪਹਿਆ ਹੀ ਸੀ। ਸੜਕ ਦੋ ਕਰਮਾਂ ਤੋਂ ਵੀ ਘੱਟ ਚੌੜੀ, ਕਿਤੇ ਕੱਚੀ ਰੋੜਾਂ ਵਾਲੀ ਅਤੇ ਕਿਤੇ ਮੋਟੇ-ਮੋਟੇ ਰੋੜਿਆਂ ਵਾਲੀ। ਆਗੂ ਕਾਫਲੇ ਤੇ ਠਹਿਰਾਓ ਦੀ ਥਾਂ ਦੀ ਭਾਲ ਵਿਚ ਸਨ। ਅੰਤ ਨੂੰ ਸੂਰਜ ਡੁੱਬਣ ਨਾਲ ਹੀ ਇਕ ਥਾਂ ਜਿਸਨੂੰ ਸਰਕਾਰੀ ਖੂਹ ਆਖਦੇ ਸਨ ਤੇ ਰਾਤ ਕੱਟਣ ਦਾ ਫੈਸਲਾ ਹੋਇਆ। ਗੱਡੇ ਥੋੜ੍ਹਾ ਬਹੁਤ ਮਾਲ ਡੰਗਰ ਸੜਕ ਤੋਂ ਪੈਲੀ ਕੁ ਹਟਵਾਂ ਰੋਕ ਦਿੱਤਾ ਗਿਆ। ਇਥੋਂ ਸੱਚਾ ਸੌਦਾ ਕੈਂਪ ਪੰਜ ਕੋਹ ਦੀ ਵਿੱਥ ਤੇ ਸੀ। ਸਾਰਾ ਕਾਫਲਾ ਇਥੇ ਨਾ ਰੁਕਿਆ ਅਤੇ ਉਨ੍ਹਾਂ ਅੱਗੇ ਨੂੰ ਆਪਣਾ ਸਫਰ ਜਾਰੀ ਰੱਖਿਆ। ਕਾਫਲੇ ਦੇ ਅੰਤ ਵਿਚ ਭਾਈਆ ਜੀ ਆਏ। ਉਹ ਲੋਕਾਂ ਦੇ ਪਿੱਛੇ ਰਹਿ ਗਏ ਸੱਤ ਬੁੱਢੇ ਬੁੱਢੀਆਂ ਨੂੰ ਘੋੜੀ ਤੇ ਲੱਦ ਕੇ ਦੋ ਬਹੁਤ ਹੀ ਵਡੇਰੀ ਉਮਰ ਦੀਆਂ ਬੁੱਢੀਆਂ ਨੂੰ ਮੋਢੇ ਤੇ ਚੁੱਕੀ ਅਤੇ ਦੋ ਨੂੰ ਹੌਲੀ-ਹੌਲੀ ਤੋਰ ਕੇ ਲੈ ਕੇ ਆਏ। ਸਾਰਿਆਂ ਨੂੰ ਆਪੋਧਾਪੀ ਪਈ ਹੋਈ ਸੀ।

ਕਈਆਂ ਇੱਟਾਂ ਜੋੜ ਕੇ ਅੱਗ ਵੀ ਬਾਲੀ। ਸ਼ਾਇਦ ਕੋਈ ਖਾਣ ਪੀਣ ਦਾ ਪ੍ਰਬੰਧ ਕਰਨ ਲਈ। ਸਾਡੇ ਘਰ ਵਾਲਿਆਂ ਤੇ ਕੜਿਆਲ ਤੋਂ ਹੀ ਕਿੰਨੀਆਂ ਸਾਰੀਆਂ ਰੋਟੀਆਂ ਅਤੇ ਅਚਾਰ ਨਾਲ ਲੈ ਆਂਦਾ ਸੀ ਜੋ ਸਾਡੀ ਦਾਦੀ ਮਾਂ ਨੇ ਸਾਰਿਆਂ ਨੂੰ ਵੰਡ ਕੇ ਦੇ ਦਿੱਤਾ। ਮੈਂ ਥੋੜ੍ਹਾ ਦੂਰ ਹੋਰਨਾਂ ਵਿਚ ਜਾ ਬੈਠਾ। ਮੈਨੂੰ ਡਰ ਸੀ ਕਿ ਭਾਈਆ ਜੀ ਖੰਡ ਵਾਲੀ ਬੋਰੀ ਦੇ ਖਰਾਬ ਹੋਣ ਕਰਕੇ ਮੈਨੂੰ ਜ਼ਰੂਰ ਗੁੱਸੇ ਹੋਣਗੇ ਪ੍ਰੰਤੂ ਉਹਨਾਂ ਦਾ ਪ੍ਰਤੀਕਰਮ ਕੁਝ ਵੀ ਨਹੀਂ ਸੀ। ਸਗੋਂ ਉਹ ਸਾਰੀ ਕਹਾਣੀ ਭਾਬੀ ਕੋਲੋਂ ਸੁਣ ਕੇ ਉੱਚੀ-ਉੱਚੀ ਹੱਸ ਪਏ। ਮੇਰਾ ਬਲਦੇਵ ਨੂੰ ਸਾਂਭ ਕੇ ਲਿਆਉਣ ਤੇ ਵੀ ਬੜੇ ਹੈਰਾਨ ਸਨ। ਮੇਰੀ ਭਾਲ ਹੋਈ। ਜਦੋਂ ਮੈਨੂੰ ਲੱਭ ਕੇ ਲਿਆਂਦਾ ਗਿਆ ਤਾਂ ਭਾਈਆ ਜੀ ਨੇ ਮੈਨੂੰ ਘੁੱਟ ਕੇ ਜੱਫੀ 'ਚ ਲੈਂਦਿਆਂ ਮੇਰਾ ਮੂੰਹ ਚੁੰਮਿਆ ਅਤੇ ਮੇਰੀ ਦਾਦੀ ਨੂੰ ਆਖਣ ਲੱਗੇ, 'ਮਾਂ ਮੈਂ ਤਾਂ ਸਮਝਦਾ ਸਾਂ ਕਿ ਇਹ ਬਿਲਕੁਲ ਲਫੰਡਰ ਹੀ ਹੈ ਅਤੇ ਇਹ ਕਦੇ ਵੀ ਪੂਰੀਆਂ ਪਾਉਣ ਵਾਲਾ ਨਹੀਂ। ਪਰ ਅੱਜ ਇਹਨੇ ਬੜਾ ਸਿਆਣਪ ਵਾਲਾ ਕੰਮ ਕੀਤਾ ਏ। ਬਲਦੇਵ ਨੂੰ ਇਹ ਪਿੰਡ ਤੋਂ ਲੈ ਕੇ ਇੱਥੋਂ ਤੱਕ ਆਪੇ ਹੀ ਸੰਭਾਲੀ ਲਿਆਇਆ ਹੈ। ਮੈਂ ਵੀ ਸੱਤਾਂ ਬੁੱਢੇ ਬੁੱਢੀਆਂ ਨੂੰ ਜੋ ਪਿੱਛੇ ਰਹਿ ਗਏ ਸਨ ਚੁੱਕ ਕੇ ਲੈ ਆਇਆ ਹਾਂ। ਥਕੇਵਾਂ ਕਰਕੇ ਉਨ੍ਹਾਂ ਚਾਹ ਬਣਾਉਣ ਲਈ ਕਿਹਾ। ਪਰ ਨਾ ਤਾਂ ਉੱਥੇ ਚੀਨੀ ਸੀ ਅਤੇ ਨਾ ਹੀ ਦੁੱਧ। ਅੱਗ ਤੇ ਭਲਾ ਬਾਲੀ ਜਾ ਸਕਦੀ ਸੀ। ਸਾਡੇ ਲਾਗੇ ਹੀ ਇੱਟਾਂ ਜੋੜ ਕੇ ਬਣਿਆ ਚੁੱਲਾ ਬਲ ਰਿਹਾ ਸੀ। ਭਾਬੀ ਨੇ ਉਨ੍ਹਾਂ ਨੂੰ ਆਖ ਕੇ ਪਾਣੀ ਉਬਾਲ ਚਾਹ ਪੱਤੀ ਜੋ ਭਾਬੀ ਜੀ ਘਰੋਂ ਗੰਢ ਵਿਚ ਬੰਨ੍ਹ ਲਿਆਈ ਸੀ, ਪਾ ਕੇ ਲੈ ਆਈ। ਭਾਈਆ ਜੀ ਨੇ ਇਕ ਦੋ ਰੋਟੀਆਂ ਚਾਹ ਨਾਲ ਖਾ ਅਤੇ ਕਾਲੀ ਚਾਹ ਪੀ ਕੇ ਉਹ ਫਿਰ ਕਾਫਲੇ ਦੇ ਬੈਠੇ ਹੋਏ ਲੋਕਾਂ ਨੂੰ ਉਨ੍ਹਾਂ ਦੀ ਸੁਰੱਖਿਆ ਦੀ ਦੇਖਭਾਲ ਲਈ ਚਲੇ ਗਏ।

ਮੈਂ ਭਾਵੇਂ ਹੋਰਨਾਂ ਵਾਂਗੂ ਬਹੁਤ ਥੱਕਿਆ ਹੋਇਆ ਸਾਂ ਪ੍ਰੰਤੂ ਰਾਤ ਨੂੰ ਕਾਫਲੇ ਦੁਆਲੇ ਪਹਿਰਾ ਦੇਣ ਲਈ ਮੈਂ ਜ਼ਿੱਦ ਕੀਤੀ। ਮੈਨੂੰ ਰਫਲ ਫੜ ਕੇ ਪਹਿਰਾ ਦੇਣਾ ਬੜਾ ਚੰਗਾ ਲੱਗਦਾ ਸੀ। ਭਾਈਆ ਜੀ ਕਿਸੇ ਵੀ ਹਾਲਤ ਵਿਚ ਮੈਨੂੰ ਰਾਈਫਲ ਫੜਾਉਣ ਲਈ ਰਾਜ਼ੀ ਨਹੀਂ ਸੀ। ਹੋਰਨਾਂ ਦੇ ਆਖਣ ਤੇ ਉਹ ਮੰਨ ਗਏ। ਉਨ੍ਹਾਂ ਮੇਰੀਆਂ ਜੇਬਾਂ ਟੋਹੀਆਂ ਮੇਰੇ ਪਜਾਮੇ ਦਾ ਨੇਫਾ ਟੋਹਿਆ। ਪੱਗ ਨੂੰ ਟੋਹ ਕੇ ਵੇਖਿਆ ਉਥੇ ਕੁਝ ਵੀ ਨਹੀਂ ਸੀ। ਪੁੱਛਣ ਤੇ ਉਨ੍ਹਾਂ ਦੱਸਿਆ 'ਇਹ ਸ਼ੈਤਾਨ ਦੀ ਟੂਟੀ ਹੈ ਮੈਂ ਰਾਈਫਲ ਫੜਾਉਣ



ਤੋਂ ਪਹਿਲਾਂ ਇਹ ਤਸੱਲੀ ਕਰ ਲੈਣਾ ਚਾਹੁੰਦਾ ਹਾਂ ਕਿ ਇਸ ਕੋਲ ਕੋਈ ਅਣਚੱਲਿਆ ਰਾਊਂਡ (ਗੋਲੀ) ਨਾ ਹੋਵੇ। ਅਸੀਂ ਪਹਿਲਾਂ ਹੀ ਕਬਰਾਂ ਵਾਲੇ ਪੁਲ ਤੇ ਆਪਣਿਆਂ ਵਲੋਂ ਗਲਤੀ ਨਾਲ ਚਲਾਈ ਗੋਲੀ ਨਾਲ ਮੋਹਣ ਸਿੰਘ ਬਹੋੜੂਵਾਲੇ ਨੂੰ ਮਰਵਾ ਆਏ ਹਾਂ। ਹੋਰ ਕਿਸੇ ਵੀ ਕਿਸਮ ਦਾ ਖ਼ਤਰਾ ਨਹੀਂ ਲਿਆ ਜਾ ਸਕਦਾ।" ਰਾਈਫਲ ਫੜਾਉਂਦਿਆਂ ਮੈਨੂੰ ਆਖਿਆ ਗਿਆ ਕਿ ਮੈਂ ਉੱਥੇ ਲਾਗੇ ਹੀ ਰਹਿਣਾ ਹੈ ਅਤੇ ਕੋਈ ਗੱਲ ਹੋਵੇ ਤਾਂ ਇਕ ਦਮ ਭਾਈਆ ਜੀ ਨੂੰ ਜਗਾਉਣਾ ਹੈ। ਹੋਰ ਵੀ 30, 40 ਜਵਾਨ ਕਾਫਲੇ ਦੇ ਚਾਰ ਚੁਫੇਰੇ ਪਹਿਰਾ ਦੇਣ ਲਈ ਲਾ ਦਿੱਤੇ ਗਏ।

ਮੈਂ ਕੁਝ ਚਿਰ ਆਪਣੀ ਜ਼ਿੱਦ ਪੂਰੀ ਕਰਕੇ ਰਾਈਫਲ ਭਾਈਆ ਜੀ ਦੇ ਲਾਗੇ ਰੱਖ ਆਪ ਸੌਂ ਗਿਆ। ਅੱਧੀ ਰਾਤ ਵੇਲੇ ਇਕ ਅਨੋਖੀ ਘਟਨਾ ਵਾਪਰੀ। ਕੁਝ ਮਿਲਟਰੀ ਦੇ ਟਰੱਕ ਸਾਡੇ ਕਾਫਲੇ ਲਾਗੇ ਆ ਕੇ ਖੜੋ ਗਏ। ਲੋਕ ਡਰਦੇ ਮਾਰੇ ਜਾਗ ਪਏ ਅਤੇ ਕਾਫਲੇ ਵਿਚ ਰੌਲਾ ਪੈ ਗਿਆ। ਮੈਂ ਵੀ ਰੌਲਾ ਸੁਣ ਕੇ ਜਾਗ ਪਿਆ। ਭਾਈਆ ਜੀ ਮੇਰੇ ਲਾਗੇ ਨਹੀਂ ਸਨ। ਉਹ ਉਥੋਂ ਉੱਠ ਕੇ ਚਲੇ ਗਏ ਸਨ। ਰਾਈਫਲ ਵੀ ਨਾਲ ਹੀ ਲੈ ਗਏ ਸਨ। ਕੁਝ ਚਿਰ ਪਿੱਛੋਂ ਹੀ ਰੌਲਾ ਘੱਟ ਗਿਆ ਅਤੇ ਮੈਂ ਬਹੁਤ ਜ਼ਿਆਦਾ ਥੱਕਾ ਹੋਣ ਕਰਕੇ ਫਿਰ ਸੌਂ ਗਿਆ। ਸਵੇਰੇ ਜਦੋਂ ਉੱਠਿਆਂ ਤਾਂ ਪਤਾ ਲੱਗਾ ਕਿ ਰਾਤ ਵਾਲੇ ਮਿਲਟਰੀ ਦੇ ਟਰੱਕ ਸਿੱਖਾਂ ਦੀ ਮਿਲਟਰੀ ਦੇ ਸਨ ਅਤੇ ਉਹ ਸਿੱਖ ਲਾਈਟ ਇਨਫੈਂਟਰੀ ਦੇ ਜਵਾਨ ਹਥਿਆਰਾਂ ਅਸਲਾ ਅਤੇ ਟਰੱਕਾਂ ਸਮੇਤ ਲਾਹੌਰ ਛਾਉਣਿਉਂ ਭਗੌੜੇ ਹੋ ਕੇ ਢਾਬਾਂ ਵਿਚ ਰਹੇ ਰਹੇ ਆਪਣੇ ਪਰਿਵਾਰਾਂ ਦੀ ਸੁਰੱਖਿਆ ਲਈ ਜਾ ਰਹੇ ਹਨ। ਉਨ੍ਹਾਂ ਉਥੇ ਟਰੱਕ ਇਸ ਲਈ ਖੜ੍ਹੇ ਕੀਤੇ ਸਨ ਕਿ ਸ਼ਾਇਦ ਕਾਫਲਾ ਉਨ੍ਹਾਂ ਦੇ ਪਿੰਡਾਂ ਜਾਂ ਪਰਿਵਾਰਾਂ ਦਾ ਹੀ ਹੋਵੇ।

ਢਾਬਾਂ ਲਾਗੇ 9-10 ਪਿੰਡ ਮਜ਼ਬੀ ਸਿੰਘ ਜਿਮੀਂਦਾਰਾਂ ਦੇ ਸਨ ਜੋ ਹੋਰਨਾਂ ਵਾਂਗੂ ਹੀ ਅਸੁਰੱਖਿਅਤ ਸਨ। ਭਾਈਆ ਜੀ ਨੇ ਦੱਸਿਆ ਕਿ ਉਹ ਤਾਂ ਮਸ਼ੀਨਗੰਨਾਂ ਅਤੇ ਮਾਰਟਰ ਤੋਪਾਂ ਤੱਕ ਨਾਲ ਲੈ ਕੇ ਜਾ ਰਹੇ ਸਨ। ਜਿਸਦੀ ਪੁਸ਼ਟੀ ਮੇਰੇ ਇਕ ਜਮਾਤੀ ਅਜੀਤ ਸਿੰਘ ਨੇ ਕੀਤੀ ਸੀ। ਜੋ ਰੌਲਿਆਂ ਤੋਂ ਪਹਿਲਾਂ ਹੀ 1947 ਦੇ ਸ਼ੁਰੂ ਵਿਚ ਹੀ ਬੁਵਾਏ ਬਟਾਲੀਅਨ (Boy Battalion) ਵਿਚ ਭਰਤੀ ਹੋ ਗਿਆ ਸੀ ਅਤੇ ਉਹ ਮੈਨੂੰ ਫਿਰੋਜ਼ਪੁਰ ਛਾਉਣੀ ਵਿਚ ਜਦੋਂ ਮੈਂ ਉੱਥੇ ਪੜ੍ਹਦਾ ਸਾਂ, ਮਿਲਿਆ ਸੀ। ਉਹ ਸਵੇਰੇ ਸਵੇਰੇ ਨਿੱਕਰ ਬਨੈਣ ਪਾਈ ਆਪਣੀ ਕੰਪਨੀ ਨਾਲ ਪਤਾ ਨਹੀਂ ਕਿੱਥੇ ਜਾ ਰਿਹਾ ਸੀ ਅਤੇ ਮੈਂ ਆਪਣੇ ਭਾਈਆ ਜੀ ਕੋਲੋਂ ਜੋ ਇਧਰ (ਹਿੰਦੁਸਤਾਨ ਵਿਚ) ਆ ਕੇ ਫਿਰ ਫੌਜ ਵਿਚ ਭਰਤੀ ਹੋ ਗਏ ਸਨ ਅਤੇ ਫਿਰੋਜ਼ਸ਼ਾਹ ਬੈਰਕਾਂ ਫਿਰੋਜ਼ਪੁਰ ਛਾਉਣੀ ਤੇ ਡਿਊਟੀ ਸੀ, ਮਿਲਕੇ ਆ ਰਿਹਾ ਸਾਂ। ਉਹ ਮੈਨੂੰ ਵੇਖ ਕੇ ਆਪਣੇ ਅਫਸਰ ਕੋਲ ਪੁੱਛ ਮੇਰੇ ਕੋਲ ਆਇਆ ਅਤੇ ਗੱਲਾਂ ਕਰਦਿਆਂ ਉਹਨੇ ਉਥੇ ਉਹਦੇ ਮਾਪਿਆਂ ਅਤੇ ਉਨ੍ਹਾਂ ਦੇ ਪਿੰਡਾਂ ਜੋ ਵਾਪਰਿਆ ਮੈਨੂੰ ਦੱਸਿਆ। ਉਹਦਾ ਕਹਿਣਾ ਸੀ ਕਿ ਉਹ ਸਾਰੇ ਹੀ ਮਜ਼ਬੀ ਸਿੰਘਾਂ ਦੇ ਪਿੰਡ ਸੁਜਾਨਪੁਰ ਇਕੱਠੇ ਹੋ ਗਏ ਸਨ ਅਤੇ ਉਥੋਂ ਹੀ ਇਹ ਸਾਰੇ ਫੌਜੀ ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਸੀ, ਅਸਲੇ ਸਮੇਤ ਆਪਣੀਆਂ ਯੂਨਿਟਾਂ ਤੋਂ ਭੱਜ ਆਏ ਸਨ ਅਤੇ ਉਹ ਉਥੇ ਮੋਰਚਾ ਬਣਾ ਕੇ ਮਹੀਨਾ ਡੇਢ ਮਹੀਨਾ ਬਲਵਈਆਂ ਦੇ ਹਮਲਿਆਂ ਦਾ ਮੁਕਾਬਲਾ ਕਰਦੇ ਰਹੇ ਸਨ।

ਉਹਦੇ ਦੱਸਣ ਅਨੁਸਾਰ ਉਨ੍ਹਾਂ ਇਕ ਵਾਰ ਮਿਲਟਰੀ (ਪਾਕਿਸਤਾਨੀ) ਦੀ ਗੱਡੀ 'ਤੇ ਵੀ ਛੋਟੀ ਤੋਪ (ਮਾਰਟਰ) ਦਾ ਗੋਲਾ ਦਾਗਿਆ ਸੀ। ਇਸਦੀ ਪੁਸ਼ਟੀ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਦੇ ਪ੍ਰੋਫੈਸਰ ਕਿਰਪਾਲ ਸਿੰਘ ਦੀ ਪੁਸਤਕ 'ਪੰਜਾਬ ਦਾ ਬਟਵਾਰਾ' ਵਿਚ ਵੀ ਜ਼ਿਕਰ ਹੈ। ਜੋ ਲਿਖਦੇ ਹਨ ਕਿ ਸਿੱਖ ਲਾਈਟ ਇੰਨਫੈਂਟਰੀ ਦੇ ਫੌਜੀਆਂ ਦੀ ਮੋਰਚਾਬੰਦੀ ਨੂੰ ਦੇਖਦਿਆਂ ਲਾਹੌਰ ਦੀ ਪਾਕਿਸਤਾਨੀ ਸਰਕਾਰ ਵੀ ਬਹੁਤ ਚਿੰਤਤ ਸੀ ਕਿਉਂ ਜੋ ਹੋਰ ਸਾਰਾ ਹੀ ਪੰਜਾਬ ਹਿੰਦੂਆਂ ਸਿੱਖਾਂ ਤੋਂ ਕਦੇ ਦਾ ਖਾਲੀ ਹੋ ਚੁੱਕਿਆ ਸੀ ਪ੍ਰੰਤੂ ਇਹ ਸਿੱਖ ਅਜੇ ਵੀ ਡਟੇ ਹੋਏ ਸਨ। ਇਨ੍ਹਾਂ ਨਾਲ ਗੱਲਬਾਤ ਕਰਨ ਲਈ ਜਦੋਂ ਸ਼ੇਖੂਪੁਰਾ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਭੇਜਿਆ ਗਿਆ ਤਾਂ ਉਸਦੀ ਗੱਡੀ ਉੱਤੇ ਵੀ ਉਥੇ ਡਟੇ

ਹੋਏ ਫੌਜੀਆਂ ਮਸ਼ੀਨਗਨ ਦੇ ਫਾਇਰ ਕੀਤੇ। ਉਹ ਡਿਪਟੀ ਕਮਿਸ਼ਨਰ ਉਨ੍ਹਾਂ ਨੂੰ ਮਿਲੇ ਬਿਨਾਂ ਹੀ ਵਾਪਿਸ ਚਲਾ ਗਿਆ ਸੀ। ਭਾਈਆ ਜੀ ਨੇ ਦੱਸਿਆ ਕਿ ਉਹ ਫੌਜੀ ਜਾਂਦੇ ਹੋਏ ਉਨ੍ਹਾਂ ਨੂੰ ਇਕ ਗਰਨੇਡ ਤੇ ਕੁਝ ਰਾਈਫਲਾਂ ਦੀਆਂ ਗੋਲੀਆਂ ਵੀ ਦੇ ਗਏ ਸਨ।

ਸਵੇਰੇ ਉੱਠ ਕਾਫਲੇ ਨੂੰ ਚੱਲਣ ਲਈ ਕਿਹਾ ਗਿਆ। ਕਈਆਂ ਕੋਲ ਘਰੋਂ ਬਣਾਈ ਮਠਿਆਈ ਲੱਡੂ ਪੰਜੀਰੀ ਅਤੇ ਹੋਰ ਕਈ ਕੁਝ ਸੀ ਅਤੇ ਉਨ੍ਹਾਂ ਉਹਦੇ ਨਾਲ ਹੀ ਛਾਹ ਵੇਲਾ ਕਰਕੇ ਚਾਲੇ ਪਾ ਦਿੱਤੇ। ਸਾਡੇ ਕੋਲ ਤੇ ਉਸ ਛੋਟੀ ਜਿਹੀ ਗਠੜੀ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਸੀ। ਮੈਨੂੰ ਅਜੇ ਵੀ ਚੰਗਾ ਚੇਤੇ ਹੈ ਕਿ ਮੈਂ ਵੀ ਭਾਬੀ ਕੋਲੋਂ ਖਾਣ ਦੀ ਮੰਗ ਕਰ ਰਿਹਾ ਸਾਂ ਤੇ ਤਿੰਨਾਂ ਸਾਲਾਂ ਦਾ ਬਲਦੇਵ ਤਾਂ ਭੁੱਖ ਤੋਂ ਬਹੁਤ ਆਤੁਰ ਹੋ ਕੇ ਅੱਡੀਆਂ ਰਗੜਦਾ ਉੱਚੀ-ਉੱਚੀ ਰੋ ਕੇ ਖਾਣ ਲਈ ਕੁਝ ਮੰਗ ਰਿਹਾ ਸੀ। ਭਾਬੀ ਅਤੇ ਚਾਚੀ ਇਹ ਵੇਖ ਕੇ ਰੋ ਪਈਆਂ। ਉਨ੍ਹਾਂ ਕੋਲ ਸਾਨੂੰ ਦੇਣ ਲਈ ਕੁਝ ਵੀ ਨਹੀਂ ਸੀ। ਭਾਵੇਂ ਉਸ ਵੇਲੇ ਮੈਨੂੰ ਆਪਣੇ ਆਪ ਦੀ ਹੀ ਚਿੰਤਾ ਸੀ। ਪ੍ਰੰਤੂ ਹੁਣ ਅਹਿਸਾਸ ਹੁੰਦਾ ਹੈ ਕਿ ਬਲਦੇਵ ਵਰਗੇ ਅਤੇ ਸਾਡੇ ਪਰਿਵਾਰ ਵਰਗੇ ਹੋਰ ਬਥੇਰੇ ਹੋਣਗੇ। ਇਹ ਦਿਲ ਹਿਲਾਊ ਦ੍ਰਿਸ਼ ਵੇਖ ਸਾਡੇ ਲਾਗੇ ਬੈਠੇ ਪਰਿਵਾਰ ਨੇ ਸਾਡੇ ਪਰਿਵਾਰ ਲਈ ਇੱਕ ਭਾਂਡੇ ਵਿਚ ਮਠਿਆਈ ਪਾ ਕੇ ਦਿੱਤੀ। ਇਕਬਾਲ ਨੂੰ ਭਾਬੀ ਨੂੰ ਦੁੱਧ ਚੁੰਘਾਇਆ ਉਹ ਵੀ ਅੱਧੇ ਢਿੱਡ ਹੀ ਰੱਜਿਆ ਹੋਣਾ ਹੈ। ਜਦੋਂ ਖਾਣ ਨੂੰ ਕੁਝ ਨਹੀਂ ਸੀ ਤਾਂ ਮਾਂ ਦੀਆਂ ਦੁਧੀਆਂ 'ਚੋਂ ਦੁੱਧ ਕਿੱਥੋਂ ਆਉਣਾ ਸੀ। ਸੂਰਜ ਚੜ੍ਹਦੇ ਸਾਰ ਕਾਫਲੇ ਨੇ ਸੱਚੇ ਸੌਦੇ ਨੂੰ ਚਾਲੇ ਪਾਏ। ਦੁਪਹਿਰ ਹੋਣ ਤੋਂ ਪਹਿਲਾਂ ਅਸੀਂ ਸੱਚੇ ਸੌਦੇ ਕੈਂਪ ਪਹੁੰਚ ਗਏ।

ਕੈਂਪ ਕਾਹਦਾ ਸੀ। ਨਾ ਕੋਈ ਮੰਜਾ ਨਾ ਬਿਸਤਰਾ, ਨਾ ਕੋਈ ਟੈਂਟ ਨਾ ਨਹਾਉਣ ਧੋਣ ਦਾ ਕੋਈ ਪ੍ਰਬੰਧ। ਇਥੋਂ ਤੱਕ ਕਿ ਕੈਂਪ ਸੱਚੇ ਸੌਦੇ ਟਾਊਨਸ਼ਿਪ ਤੋਂ ਪਰਿਵਾਰ ਇਕ ਰੇਤ ਦੇ ਟਿੱਬੇ ਤੇ ਆਪ ਮੁਹਾਰਾ ਹੀ ਲੋਕ ਆਪਣੇ ਗੱਡੇ ਖੜ੍ਹੇ ਕਰਕੇ ਉਨ੍ਹਾਂ ਦੇ ਥੱਲੇ ਤੱਪੜ ਜਾਂ ਖੇਸ ਸੁੱਟ ਕੇ ਜਾਂ ਫਿਰ ਡੰਡੇ ਗੱਡ ਕੇ ਉਨ੍ਹਾਂ ਤੇ ਚਾਦਰਾਂ ਪਾ ਕੇ ਡੇਰਾ ਜਿਹਾ ਬਣਾ ਕੇ ਅਤੇ ਆਪਣਾ ਸਾਮਾਨ ਰੱਖ ਬੈਠੇ ਹੋਏ ਸਨ। ਪੀਣ ਦੇ ਪਾਣੀ ਦੀ ਵੀ ਲੋੜ ਨਾਲ ਵਗਦੇ ਸੂਏ ਤੋਂ ਹੀ ਕੀਤੀ ਜਾਂਦੀ ਸੀ। ਇਹ ਕਹਿਣ ਉੱਚਿਤ ਹੈ ਕਿ ਉਹ ਸੂਆ ਵੀ ਲੋੜਾਂ (Life Line) ਦਾ ਰਾਖਾ ਸੀ। ਨਹਾਉਣ ਵਾਲਿਆਂ ਲਈ ਅਸ਼ਨਾਨ ਘਰ, ਟੱਟੀ ਜਾ ਕੇ ਹੱਥ ਧੋਣ ਲਈ ਇਹੋ ਪਾਣੀ, ਪੀਣ ਜਾਂ ਰੋਟੀ ਪਾਣੀ ਲਈ ਵੀ ਇਸੇ ਸੂਏ ਦਾ ਹੀ ਪਾਣੀ ਵਰਤਿਆ ਜਾਂਦਾ ਸੀ। ਸਾਡੇ ਸਾਰੇ ਪਰਿਵਾਰ ਨੇ ਵੀ ਇਕ ਥਾਂ ਸੋਟੀਆਂ ਗੱਡ ਕੈਂਪ ਬਣਾ ਲਿਆ ਅਤੇ ਉਸ ਥੱਲੇ ਆਪਣਾ ਨਿਵਾਸ ਕਰ ਲਿਆ। ਮੇਰੇ ਤਾਇਆ ਦੇ ਵੀ ਦੋ ਗੱਡੇ ਉਸ ਜਿਲ੍ਹਣ ਵਿਚੋਂ ਨਿਕਲ ਆਏ ਸਨ। ਮੈਂ ਮਾਲੀ ਨੂੰ ਗੱਡੇ ਨਾਲ ਬੰਨ੍ਹ ਮਾਲੀ ਦੀ ਜ਼ਿੰਮੇਵਾਰੀ ਤੋਂ ਮੁਕਤੀ ਪਾਈ।

ਸੱਚਾ ਸੌਦਾ ਚੂਹੜਕਾਣਾ ਮੰਡੀ ਦਾ ਹੀ ਇੱਕ ਹਿੱਸਾ ਸੀ। ਨਹਿਰ ਲੋਇਰ ਬਾਰੀ ਦੁਆਬ ਦੇ ਚੜ੍ਹਦੇ ਕੰਢੇ ਚੂਹੜਕਾਣਾ ਅਤੇ ਲਹਿੰਦੇ ਵੱਲ ਕੁਝ ਫਰਲਾਂਗ 'ਤੇ ਸੱਚਾ ਸੌਦਾ ਵੱਸਿਆ ਹੋਇਆ ਹੈ। ਸੱਚਾ ਸੌਦਾ ਗੁਰਦੁਆਰੇ ਦੇ ਚਾਰ ਚੁਫੇਰੇ ਮੀਲਾਂ ਤੱਕ ਲੋਕੀਂ ਆਪ ਮੁਹਾਰੇ ਹੀ ਗੱਡੇ ਡੱਕ ਕੇ ਕੈਂਪ ਬਣਾਈ ਬੈਠੇ ਸਨ। ਮੈਨੂੰ ਇਹ ਤਾਂ ਬਿਲਕੁਲ ਭੁੱਲ ਹੀ ਗਿਆ ਹੈ ਕਿ ਉਥੇ ਰੋਟੀ ਪਾਣੀ ਲਈ ਆਟਾ ਦਾਲ ਦੇ ਕੀ ਪ੍ਰਬੰਧ ਸਨ। ਆਮ ਕਰਕੇ ਲੋਕੀਂ ਆਪਣੇ ਪਰਿਵਾਰਾਂ ਲਈ ਆਟਾ ਦਾਲ ਅਤੇ ਗੱਡਿਆਂ ਵਾਲੇ ਡੰਗਰਾਂ ਲਈ ਵੀ ਕੁਝ ਵੰਡ ਵੜੇਵੇਂ ਲੱਦ ਲਿਆਏ ਸਨ ਅਤੇ ਇੱਟਾਂ ਜੋੜ ਚੁੱਲ੍ਹੇ ਬਣਾ ਭੋਜਨ ਤਿਆਰ ਕਰਦੇ ਸਨ। ਸਾਡੇ ਤਾਇਆ ਵੀ ਕੁਝ ਆਟਾ ਕੰਡਿਆਲ ਤੋਂ ਗੱਡੇ 'ਤੇ ਲੱਦ ਲਿਆਂਦਾ ਸੀ ਜਿਸ ਨਾਲ ਸਾਰੇ ਪਰਿਵਾਰ ਦੀਆਂ ਰੋਟੀਆਂ ਪੱਕਦੀਆਂ ਸਨ। ਮੈਨੂੰ ਇਸ ਗੱਲ ਦਾ ਵੀ ਪੂਰਾ ਪਤਾ ਨਹੀਂ ਕਿ ਉਹ ਕੈਂਪ ਸਰਕਾਰ ਵਲੋਂ ਬਣਾਇਆ ਗਿਆ ਸੀ ਅਤੇ ਉਸ ਲਈ ਸੁਰੱਖਿਆ ਦਾ ਵੀ ਕੋਈ ਪ੍ਰਬੰਧ ਸੀ ਜਾਂ ਆਪ ਮੁਹਾਰਾ ਹੀ ਬਿਨਾਂ ਸੁਰੱਖਿਆ (ਮਿਲਟਰੀ) ਤੋਂ ਹੀ ਸੀ। ਜਿਸ ਦਿਨ ਅਸੀਂ ਕੈਂਪ ਵਿਚ ਆਏ ਸਾਂ ਉਸ ਤੋਂ ਅਗਲੇ ਹੀ ਦਿਨ ਕੜਕਣ ਦਾ ਮੁਸਲਮਾਨ ਜ਼ੈਲਦਾਰ ਜ਼ਿਮੀਂਦਾਰ (ਜੋ ਉਸ ਇਲਾਕੇ ਵਿਚ ਰਾਏ ਬਹਾਦਰ ਜੋਧਾ ਮੱਲ ਦੇ ਬਰਾਬਰ ਦਾ ਜ਼ਿਮੀਂਦਾਰ ਸੀ)



ਕੁਝ ਹੋਰ ਮੁਸਲਮਾਨ ਪਤਵੰਤਿਆਂ ਨੂੰ ਨਾਲ ਲੈ ਕੈਂਪ ਵਿਚ ਆਇਆ ਅਤੇ ਸਾਡੇ ਸਾਰੇ ਪਰਿਵਾਰ ਅਤੇ ਪਿੰਡ ਨੂੰ ਇਕੱਠੇ ਕਰਕੇ ਵਾਪਸ ਆਪਣੇ ਪਿੰਡ ਨੂੰ ਪਰਤ ਜਾਣ ਲਈ ਬੇਨਤੀ ਕਰਦਾ ਰਿਹਾ। ਉਹਨੇ ਇਸ ਗੱਲ ਦਾ ਵੀ ਬੜਾ ਯਕੀਨ ਦਿਵਾਇਆ ਕਿ ਜਿੰਨਾ ਚਿਰ ਇਹ ਰਾਮ ਰੌਲਾ ਹੈ ਓਨਾ ਚਿਰ ਉਨ੍ਹਾਂ ਦੇ ਮੁਸਲਮਾਨ ਜਵਾਨ ਮੁੰਡੇ ਰਾਖੀ ਦੀ ਜ਼ਿੰਮੇਵਾਰੀ ਲੈਣਗੇ। ਉਹ ਵਾਰ-ਵਾਰ ਆਖਦਾ ਅਤੇ ਅੱਥਰੂ ਵਹਾਉਂਦਾ ਰਿਹਾ ਕਿ ਸਰਦਾਰੋ ਤੁਸੀਂ ਤਾਂ ਸਾਡੇ ਮੱਥੇ ਵੱਡਾ ਗੁਨਾਹ ਲਾ ਕੇ ਤੁਰੇ ਜਾ ਰਹੇ ਹੋ। ਅਸੀਂ ਅੱਲ੍ਹਾ ਨੂੰ ਅੱਗੇ ਜਾ ਕੇ ਕੀ ਜਵਾਬ ਦੇਵਾਂਗੇ।" ਸਾਡੇ ਬਾਬਿਆਂ ਦੇ ਉਸ ਹੱਥ ਵੀ ਫੜੇ। ਪ੍ਰੰਤੂ ਉਸ ਵੇਲੇ ਦੀ ਭਰਾ ਮਾਰੂ ਹਨੇਰੀ ਅਤੇ 'ਸਾਂਗਲਾ', 'ਚੂਲੇਰਾਂ' ਅਤੇ ਸਾਡੇ ਨਾਲ ਹੋਏ ਸਾਕੇ ਸਾਡੇ ਵੱਡਿਆਂ ਦਾ ਵਾਪਸ ਪਰਤਣ ਦੇ ਰਾਹ ਰੋਕ ਰਹੇ ਸਨ। ਉਨ੍ਹਾਂ ਹੱਥ ਜੋੜ ਉਨ੍ਹਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਆਖਿਆ 'ਚੌਧਰੀ ਸਾਹਿਬ ਜੇ ਇਹ ਮਸਲਾ ਦੋ ਚਾਰ ਪਿੰਡਾਂ ਦਾ ਹੁੰਦਾ ਤਾਂ ਅਸੀਂ ਤੁਹਾਡੀ ਗੱਲ ਮੰਨ ਵਾਪਿਸ ਚਲੇ ਜਾਣਾ ਸੀ। ਹੁਣ ਤਾਂ ਚਾਰ-ਚੁਫੇਰੇ ਭਰਾ ਮਾਰੂ ਯੁੱਧ ਹੀ ਛਿੜਿਆ ਹੋਇਆ ਹੈ। ਤੁਹਾਡਾ ਤੇ ਦਿਲ ਸਾਫ਼ ਹੈ ਅਤੇ ਤੁਸੀਂ ਰਾਖੀ ਦਾ ਪ੍ਰਬੰਧ ਵੀ ਕਰ ਦੇਵੋਗੇ ਅਤੇ ਲਾਗੇ ਬੰਨੇ ਦੇ ਅੱਥਰੇ ਜਨੂੰਨੀਆਂ ਨੂੰ ਵੀ ਠੱਲ੍ਹ ਲਓਗੇ। ਪਰ ਜੇ ਮਿਲਟਰੀ ਆ ਗਈ ਜਿਸ ਤਰ੍ਹਾਂ ਕਿ ਥਾਂ-ਥਾਂ ਹੋ ਰਿਹਾ ਹੈ ਤਾਂ ਉਸ ਦਾ ਮੁਕਾਬਲਾ ਕੌਣ ਕਰੂਗਾ" ਇਸ ਸਾਰੇ ਵਿਚਾਰ-ਵਟਾਂਦਰੇ ਤੋਂ ਪਿੱਛੋਂ ਉਹ ਨਿਰਾਸ਼ ਹੋ ਕੇ ਪਰਤ ਗਏ। ਥੋੜ੍ਹੀ ਦੂਰ ਜਾ ਕੇ ਉਹ ਫਿਰ ਪਿੱਛੇ ਮੁੜ ਕੇ ਮੇਰੇ ਭਾਈਆ ਜੀ ਅਤੇ ਹੋਰ ਤਿੰਨ ਚਾਰ ਜਣਿਆਂ ਨੂੰ ਇਹ ਕਹਿਕੇ ਨਾਲ ਲੈ ਗਏ ਕਿ ਉਹ ਲਾਗਲੇ ਪਿੰਡ ਸਾਡੇ ਲੰਗਰ ਪਾਣੀ ਅਤੇ ਦੁੱਧ ਦਾ ਪ੍ਰਬੰਧ ਕਰ ਦੇਣਗੇ।

ਸੂਰਜ ਹੁੰਦਿਆਂ ਹੀ ਭਾਈਆ ਜੀ ਅਤੇ ਨਾਲ ਵਾਲੇ ਕਾਫ਼ੀ ਸਾਰੀਆਂ ਰੋਟੀਆਂ ਅਤੇ ਵਲਟੋਹੀ ਦੁੱਧ ਦੀ ਲੈ ਵਾਪਸ ਪਰਤ ਆਏ। ਜਿੰਨਾ ਚਿਰ ਉਹ ਪਰਤੇ ਨਹੀਂ ਸਨ ਮੇਰੀ ਭਾਬੀ ਬੜੀ ਚਿੰਤਤ ਰਹੀ ਕਿ ਮੁਸਲਮਾਨਾਂ ਦੇ ਨਾਲ ਚਲੇ ਗਏ ਹਨ। ਮੁਸਲਮਾਨਾਂ ਦਾ ਕੀ ਭਰੋਸਾ ਹੈ। ਅਸੀਂ 10 ਦਿਨ ਸੱਚਾ ਸੌਦਾ ਕੈਂਪ ਵਿਚ ਰਹੇ ਸਾਂ। ਲਾਗਲੇ ਪਿੰਡ ਦਾ ਮੁਸਲਮਾਨ ਜਿਨ੍ਹਾਂ ਨੂੰ ਕੜਕਣ ਦਾ ਜ਼ੈਲਦਾਰ ਕਹਿ ਗਿਆ ਸੀ, ਹਰ ਰੋਜ਼ ਗੱਡਾ ਪੱਠਿਆ ਦਾ ਅਤੇ ਵਲਟੋਹੀ ਦੁੱਧ ਉਹ ਸਾਨੂੰ ਕੈਂਪ ਵਿਚ ਭੇਜਦੇ ਰਹੇ ਸਨ। ਕੈਂਪ ਵਿਚ ਹੁੰਦਿਆਂ ਜ਼ੈਲਦਾਰ ਸਾਹਿਬ ਇਕ ਵਾਰ ਫਿਰ ਸਾਨੂੰ ਮਿਲਣ ਆਏ ਅਤੇ ਆਪਣੇ ਨਾਲ ਕੜਕਣ ਦੇ ਸਰਕਾਰੀ ਹਸਪਤਾਲ ਦੇ ਡਾਕਟਰ ਅਤੇ ਦਵਾਈਆਂ ਵੀ ਨਾਲ ਲੈ ਕੇ ਆਏ ਜਿਸ ਨੇ ਕਈਆਂ ਬੀਮਾਰਾਂ ਨੂੰ ਵੇਖਿਆ ਅਤੇ ਦਵਾਈ ਦਿੱਤੀ। ਕੈਂਪ ਵਿਚ ਰਹਿੰਦਿਆਂ ਦੂਸਰੇ ਦਿਨ ਦੀ ਇਕ ਬੜੇ ਹਾਸੇ ਵਾਲਾ ਵਾਕਿਆ ਹੋਇਆ। ਜਿਸ ਨੂੰ ਹੁਣ ਵੀ ਚੇਤੇ ਕੀਤਿਆਂ ਮੈਨੂੰ ਹਾਸਾ ਆ ਜਾਂਦਾ ਹੈ।

ਗੱਲ ਇਸ ਤਰ੍ਹਾਂ ਹੋਈ, ਪਹਿਲੇ ਦਿਨ ਭਾਈਆ ਜੀ ਦੁੱਧ ਦੀ ਜਦੋਂ ਡੋਹਣੀ ਲੈ ਕੇ ਆਏ ਤਾਂ ਉਨ੍ਹਾਂ ਸਾਰਿਆਂ ਨੂੰ ਦੱਸਿਆ ਕਿ ਡੋਹਣੀ ਵਿਚ ਦੁੱਧ ਹੈ ਅਤੇ ਇਸ ਦੀ ਖੀਰ ਬਣਾਉਣੀ ਹੈ। ਸਾਡੀ ਇਕ ਨਾਨੀ ਅਤੇ ਮਾਸੀ (ਤਾਏ ਗਿਆਨ ਸਿੰਘ ਦੀ ਸੱਸ ਅਤੇ ਸਾਲੀ) ਜੋ ਸਾਡੇ ਨਾਲ ਹੀ ਆ ਰਹੀਆਂ ਸਨ, ਨੇ ਨਾਲੇ ਛੰਨਾ ਭਰ ਕੇ ਦੁੱਧ ਦਾ ਪੀ ਲਿਆ ਅਤੇ ਸਾਡੀ ਮਾਸੀ ਨੂੰ ਵਾਜ ਮਾਰੀ "ਨੀ ਵੀਰੋ ਤੂੰ ਵੀ ਲੱਸੀ ਪੀ ਲੈ। ਭਾਈਏ ਜੀ ਨੇ ਜਦੋਂ ਇਹ ਸੁਣਿਆ ਤਾਂ ਉਨ੍ਹਾਂ ਕਿਹਾ ਮਾਸੀ ਇਹ ਕੀ ਕਰ ਰਹੀ ਏਂ ਇਹ ਦੁੱਧ ਤਾਂ ਪਰਿਵਾਰ ਵਾਸਤੇ ਖੀਰ ਬਣਾਉਣ ਲਈ ਲੈ ਆਂਦਾ ਏ ਤੇ ਤੁਸੀਂ ਪੀਵੀਂ ਜਾ ਰਹੀਆਂ ਹੋ। ਨਾਨੀ ਨੇ ਬੜੀ ਮੱਕਰੀ ਹੈਰਾਨੀ ਜ਼ਾਹਰ ਕਰਦਿਆਂ ਜਵਾਬ ਦਿੱਤਾ। "ਹੈ ਹਾ ਪੁੱਤ ਨੌਕਰਾ। ਇਹ ਤਾਂ ਮੈਂ ਲੱਸੀ ਭਾਣੇ ਹੀ ਪੀ ਗਈ ਹਾਂ ਅਤੇ ਵੀਰੋ ਨੂੰ ਵੀ ਮੈਂ ਲੱਸੀ ਸਮਝ ਕੇ ਹੀ ਦੇ ਦਿੱਤਾ ਹੈ।" ਨਾਨੀ ਦਾ ਮਕਰ ਪੁਣਾ ਸੁਣ ਸਾਰੇ ਖਿੜ-ਖਿੜ ਹੱਸ ਪਏ।

ਸਾਡੇ ਸਾਰਿਆਂ ਲਈ ਹੀ ਇਕ ਵੱਖਰੇ ਹੀ ਢੰਗ ਦਾ ਜੀਵਨ ਸੀ। ਬੀਬੀਆਂ ਤੋਂ ਬਿਨਾਂ ਜਿਨ੍ਹਾਂ ਰੋਟੀ ਪਾਣੀ ਬਣਾਉਣੀ ਹੁੰਦੀ ਸੀ, ਬਾਕੀਆਂ ਲਈ ਕੋਈ ਕੰਮ ਨਹੀਂ ਸੀ ਹੁੰਦਾ। ਸਾਡੇ ਲਈ ਬਾਲਣ ਦਾ ਪ੍ਰਬੰਧ ਕਰਨਾ ਹੁੰਦਾ ਸੀ। ਜੋ ਅਸੀਂ ਲਾਗੇ ਬੰਨਿਓਂ ਰੁੱਖਾਂ ਤੋਂ ਸੁੱਕੀਆਂ ਟਾਹਣੀਆਂ ਤੋੜ ਕੇ ਜਾਂ ਵਾੜ ਦੀਆਂ ਛਾਪੀਆਂ ਤੋਂ ਪੂਰਾ ਕਰ ਲੈਂਦੇ ਸਾਂ। ●

ਦਰਸ਼ਨ ਹੈ।

ਭਾਰਤੀ ਸਰਮਾਏਦਾਰੀ-ਜਗੀਰਦਾਰੀ ਅਤੇ ਹਿੰਦੂ ਸ਼ਾਵਨਵਾਦੀ ਕੁਚਾਲਾਂ ਹਮੇਸ਼ਾ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਉਣਾ ਚਾਹੁੰਦੀਆਂ ਹਨ। ਪੰਜ ਦਰਿਆ ਵੀ ਗੰਗਾ ਜਮਨਾ ਦੀਆਂ ਲੱਤਾਂ ਹੇਠੋਂ ਲੰਘ ਕੇ ਵਗਦੇ ਹਨ। ਗੁਰਨਾਮ ਢਿੱਲੋਂ ਨੂੰ ਲੱਗਦਾ ਹੈ ਕਿ ਚੜ੍ਹਦੇ ਤੋਂ ਲਹਿੰਦੇ ਪੰਜਾਬ ਵਿਚਾਲੇ ਸਾਂਝੇ ਪੰਜਾਬੀ ਸੱਭਿਆਚਾਰ ਨੂੰ ਦੋਹਾਂ ਪਾਸਿਆਂ ਤੋਂ ਸਾਜ਼ਿਸ਼ੀ ਮੁਕਾਉਣ ਤੇ ਤੁੱਲੇ ਹੋਏ ਹਨ। ਇਹਨਾਂ ਸਾਜ਼ਸ਼ੀਆਂ ਨੂੰ ਕਵੀ ਚੂਹੇ ਕਹਿੰਦਾ ਹੈ ਜੋ ਸਾਂਝੀ ਰੇਸ਼ਮੀ ਪਗੜੀ ਨੂੰ ਵੀ ਕੁਤਰਨਾ ਚਾਹੁੰਦੇ ਹਨ।

ਰੇਸ਼ਮ ਦੀ ਪੰਜ ਗਜ਼ ਲੰਮੀ ਸੁੰਦਰ ਪਗੜੀ ਨੂੰ
ਦੋਖੀ ਚੂਹੇ ਟੁਕ ਚੁੱਕੇ ਹਨ
ਹੁਣ ਤਾਂ ਯਾਰੋ / ਚੂਹੇ ਮਾਰ ਦਵਾਈ
ਖੁੱਡਾਂ ਵਿਚ ਪਾਈਏ / ਪੱਗ ਵਟਾਈਏ (ਕਵਿਤਾ ਚੂਹੇ)

'ਪ੍ਰਸ਼ਨ-ਪ੍ਰਸ਼ਨ' ਕਵਿਤਾ ਵਿਚ ਕਵੀ ਨੇ ਸੰਸਾਰ ਪੁਲਸੀਏ ਸਾਮਰਾਜੀ ਸ਼ਾਹ ਅਸਵਾਰ ਅਮਰੀਕਾ ਵਲੋਂ ਇਰਾਕ ਉੱਤੇ ਅਕਾਰਨ ਹਮਲੇ ਨੂੰ ਮਾਰਮਿਕਤਾ ਨਾਲ ਪੇਸ਼ ਕੀਤਾ ਹੈ। ਕਵੀ ਸੰਸਾਰ ਨੂੰ ਇਕ ਘਰ ਵਜੋਂ ਪੇਸ਼ ਕਰਦਿਆਂ ਅਮਰੀਕਾ ਨੂੰ ਬਾਘੜ ਬਿੱਲਾ ਕਹਿੰਦਾ ਹੈ-

ਬਾਘੜ ਬਿੱਲਾ / ਪੂਰੇ ਰੰਗ ਵਿਚ
ਨਰਮ ਤਾਜ਼ੀਆਂ ਬੋਟੀਆਂ ਦੇ ਸੰਗ
ਆਪਣੇ ਢਿੱਡ ਨੂੰ ਤੁੜ ਰਿਹਾ ਹੈ
ਜ਼ਾਲਮ ਫੌਜੀ ਧਾੜ ਚਾੜ੍ਹ ਕੇ
ਕਰਮ ਛੱਡਿਆ

ਕਵੀ ਦੀਆਂ ਉਪਰੋਕਤ ਕਵਿਤਾਵਾਂ ਤੋਂ ਬਿਨਾਂ ਅੱਧੀ ਰਾਤ, ਮਈ ਦਿਵਸ, ਰੂਪਾਂਤਰਨ ਇੰਜ ਲੱਗਦਾ ਹੈ, ਦੂਰਭਾਸ਼ ਅਤੇ ਚਿੱਟਾ ਘਰ ਆਦਿ ਬੇਹੱਦ ਉੱਚੇ ਪਾਏ ਦੀਆਂ ਕਵਿਤਾਵਾਂ ਹਨ। ਗੁਰਨਾਮ ਢਿੱਲੋਂ ਲੋਕ ਨਾਲ ਜੁੜਿਆ ਹੋਇਆ ਕਵੀ ਹੈ ਅਤੇ ਥਾਂ ਪੁਰ ਥਾਂ ਲੋਕਾਂ ਦਿਆਂ ਮਸਲਿਆਂ ਅਤੇ ਮਜਬੂਰੀਆਂ ਨਾਲ ਖਲੋਂਦਾ ਹੀ ਨਹੀਂ ਸਗੋਂ ਉਹਨਾਂ ਨਾਲ ਮਿਲ ਕੇ ਨਵੇਂ ਰਾਹਾਂ ਦੀ ਤਲਾਸ਼ ਕਰਦਾ ਹੈ। ਨਵੀਂ ਤਲਾਸ਼ ਵਿਚ ਭਟਕਣ ਵੀ ਇੱਕ ਅਹਿਮ ਸਥਾਨ ਰੱਖਦੀ ਹੈ ਪਰ ਕਵੀ ਦੀ ਭਟਕਣ ਨਵੇਂ ਰਾਹਾਂ ਦੀ ਤਲਾਸ਼ ਵੱਲ ਸੇਧਤ ਹੋਣ ਕਰਕੇ ਖੁਦ ਤਲਾਸ਼ ਵਿਚ ਸ਼ਾਮਿਲ ਹੋ ਜਾਂਦੀ ਹੈ।

ਗੁਰਨਾਮ ਢਿੱਲੋਂ ਪੰਜਾਬੀ ਦੇ ਹੋਰ ਕਵੀਆਂ ਦੀ ਰੀਸੇ ਗ਼ਜ਼ਲ ਵੀ ਲਿਖਦਾ ਹੈ। ਉਹ ਪੰਜਾਬੀ ਦੇ ਕਈ ਰਸਾਲਿਆਂ ਵਿਚ ਇਕ ਗ਼ਜ਼ਲਗੋ ਵਜੋਂ ਵੀ ਤਸਦੀਕ ਹੋਇਆ ਹੈ ਭਾਵੇਂ ਕਿ ਉਸਨੇ ਹੁਣ ਤੱਕ ਚਾਰ ਕਾਵਿ ਸੰਗ੍ਰਹਿ ਦਿੱਤੇ ਹਨ। ਇਕੱਲਾ ਗ਼ਜ਼ਲ ਸੰਗ੍ਰਹਿ ਤਸਦੀਕ ਨਹੀਂ ਕੀਤਾ। ਉਸਦੀਆਂ 'ਸਮਰਪਿਤ' ਵਿਚ ਕੁਲ 14 ਗ਼ਜ਼ਲਾਂ ਹਨ। ਉਸਦੀਆਂ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਰਦੀਫ਼ ਗ਼ਜ਼ਲ ਵਿਧਾਨ ਦੀ ਵੀ ਪੂਰੀ ਸਮਝ ਹੈ। ਉਹ ਬਾਬਹਿਰ ਸ਼ਾਇਰ ਹੈ ਅਤੇ ਨਵੇਂ-ਨਵੇਂ ਤੇ ਸ਼ਗੁਫ਼ਤਾ ਕਾਫ਼ੀਏ ਅਤੇ ਰਦੀਫ ਲੈਂਦਾ ਹੈ। ਉਹ ਬਹਿਰ ਰਮਲ ਅਤੇ ਹਜਜ਼ ਵਿਚ ਬਹੁਤ ਵਧੀਆ ਸ਼ਿਅਰ ਕਹਿੰਦਾ ਹੈ। ਪਰ ਫੇਲੁਨੀ ਬਹਿਰਾਂ ਉੱਤੇ ਵੀ ਉਸਨੂੰ ਪੂਰੀ ਪਕੜ ਹੈ।

ਲੰਬੇ ਰਦੀਫ ਵਾਲੀ ਉਸਦੀ ਗ਼ਜ਼ਲ ਵੀ ਖ਼ੂਬ ਹੈ, ਉਸਦਾ ਰਦੀਫ਼ ਹੈ 'ਮਿਤਵਾ ਕੀ ਕਰੀਏ'

ਤੁਸੀਂ ਸੂਰਜ ਸਿਰ ਦੇ ਉੱਤੇ ਚੁੱਕੀ ਫਿਰਦੇ ਹੋ।
ਅਸੀਂ ਕਿਰਨਾਂ ਦੇ ਤਿਰਹਾਏ, ਮਿਤਵਾ ਕੀ ਕਰੀਏ?

'ਸਮਰਪਿਤ' ਕਾਵਿ-ਸੰਗ੍ਰਹਿ ਦੀ ਕਵਿਤਾ ਅਤੇ ਸ਼ਾਇਰੀ ਵਿਚੋਂ ਰਾਜਨੀਤਿਕ ਚੇਤਨਾ ਦੇ ਚਿੰਤਨਮੁਖੀ ਪਾਸਾਰ ਸਹਿਜ ਰੂਪ ਵਿਚ ਉੱਭਰਦੇ ਹਨ। ਗੁਰਨਾਮ ਆਪਣੀ ਗੱਲ ਨੂੰ ਫੋਕਟ ਨਾਅਰਾ ਨਹੀਂ ਬਣਨ ਦਿੰਦਾ ਸਗੋਂ ਸੰਚਾਰ ਨੂੰ ਸਹਿਜਤਾ ਪ੍ਰਦਾਨ ਕਰਦਾ ਹੈ। ਉਹ ਸ਼ੋਰ ਦੀ ਥਾਂ ਵਿਵੇਕ ਅਤੇ ਨਾਅਰੇ ਦੀ ਥਾਂ ਚੇਤੰਨ ਬਿੰਬ ਉਸਾਰਦਾ ਹੈ। ਗੁਰਨਾਮ ਢਿੱਲੋਂ 'ਸਮਰਪਿਤ' ਨਾਲ ਹਰ ਵੀ ਸੁਦ੍ਰਿੜਤਾ ਨਾਲ ਲੋਕਤਾ ਨੂੰ ਸਮਰਪਿਤ ਹੋਇਆ ਹੈ।

-ਸੁਲੱਖਣ ਸਰਹੱਦੀ



## ਕੱਚੀਆਂ ਪੱਕੀਆਂ ਦੇ ਭਾਅ / ਪ੍ਰੋ. ਪ੍ਰੀਤਮ ਸਿੰਘ

ਵਿਚਾਰ-ਅਧੀਨ ਉਕਤ ਪੁਸਤਕ ਪੰਜਾਬੀ ਦੇ ਸ਼੍ਰੇਸ਼ਟ ਵਿਦਵਾਨ ਤੇ ਪ੍ਰਮਾਣਿਕ ਖੋਜੀ ਪ੍ਰੋ. ਪ੍ਰੀਤਮ ਸਿੰਘ ਹੁਰਾਂ ਦੀਆਂ ਵਾਰਤਕ ਵਿਚ ਲਿਖੀਆਂ ਸਾਹਿਤਕ ਯਾਦਾਂ ਹਨ। ਇਹ ਪੁਸਤਕ ਉਹਨਾਂ ਦੀਆਂ ਯਾਦਾਂ ਦੀ ਲੇਖ-ਲੜੀ ਦਾ ਦੂਸਰਾ ਭਾਗ ਹੈ। ਇਹ ਯਾਦਾਂ ਲਿਖਦਿਆਂ ਉਨ੍ਹਾਂ ਨੇ ਆਪਣੇ ਸਾਹਵੇਂ ਇੱਕ ਨਵਾਂ, ਪਰ ਵੱਖਰਾ ਮਾਡਲ ਰੱਖ ਲਿਆ ਹੋਇਆ ਸੀ ਤੇ ਉਹ ਸੀ ਕਿ ਮੈਂ ਆਪਣੇ ਬਾਰੇ ਲਿਖਣ ਲੱਗਿਆ, ਆਪਣੇ ਨਾਲ ਬੀਤੀਆਂ ਘਟਨਾਵਾਂ ਨੂੰ ਵੱਧ ਤੋਂ ਵੱਧ ਨਿਰਪੱਖ ਅਤੇ ਬਾਹਰਮੁਖੀ ਹੋ ਕੇ ਲਿਖਣਾ ਹੈ। ਇਹ ਧਾਰਨਾ ਆਪਣੇ ਆਪ ਵਿਚ ਨਵੀਂ ਵੀ ਹੈ ਅਤੇ ਕਠਿਨ ਵੀ। ਕਿਉਂਕਿ ਆਪਣੇ ਬਾਰੇ ਲਿਖਦਿਆਂ, ਲੇਖਕ ਅਚੇਤ ਵੀ ਅਤੇ ਸੁਚੇਤ ਰੂਪ ਵਿਚ ਵੀ ਉਲਾਰ ਹੋ ਜਾਂਦਾ ਹੈ ਤੇ ਪੇਸ਼ ਸਮਾਜਿਕ ਸਾਹਿਤਕ ਸੱਚ ਉਣਾ ਰਹਿ ਜਾਂਦਾ ਹੈ।

ਪ੍ਰਾਪਤ ਵਾਰਤਕ ਯਾਦਾਂ ਲਿਖਦਿਆਂ ਪ੍ਰੋਫੈਸਰ ਸਾਹਿਬ ਨੇ ਵੱਧ ਤੋਂ ਵੱਧ ਨਿਰਪੱਖ ਅਤੇ ਅਡੋਲ ਰਹਿਣ ਦਾ ਯਤਨ ਕੀਤਾ ਹੈ। ਉਹਨਾਂ ਨੇ ਇਹਨਾਂ ਯਾਦਾਂ ਨੂੰ ਵਿਸ਼ੇਸ਼ ਸਹਿਰਾਂ ਨਾਲ ਜੋੜ ਕੇ ਸਿਲਸਿਲੇਵਾਰ ਅਤੇ ਇਤਿਹਾਸਕ ਕਰਮ ਅਨੁਸਾਰ ਲਿਖਿਆ ਹੈ। ਇਹਨਾਂ ਲਿਖਤਾਂ ਨੂੰ ਪੜ੍ਹਦਿਆਂ ਇਹ ਗੱਲ ਸਪੱਸ਼ਟ ਤੌਰ ਤੇ ਪ੍ਰਮਾਣਿਤ ਹੋ ਜਾਂਦੀ ਹੈ ਕਿ ਉਹਨਾਂ ਨੇ ਖੁਦ ਪ੍ਰਤੀ ਪੂਰੀ ਤਰ੍ਹਾਂ ਬੇਲਿਹਾਜ਼ ਅਤੇ ਬੇਨਿਆਜ਼ ਹੋ ਕੇ ਘਟਨਾਵਾਂ, ਵਰਤਾਰਿਆਂ, ਵਿਅਕਤੀਆਂ ਅਤੇ ਹਾਦਸਿਆਂ ਨੂੰ ਬਿਆਨ ਕੀਤਾ ਹੈ ਅਤੇ ਇੰਝ ਕਰਦਿਆਂ ਪੰਜਾਬੀ ਵਿਚ ਸਵੈ-ਜੀਵਨੀ ਦੇ ਇਕ ਨਵੇਂ ਮਾਡਲ ਨੂੰ ਸਿਰਜਣ ਤੇ ਸਥਾਪਤ ਕਰਨ ਦਾ ਉਪਰਾਲਾ ਕੀਤਾ ਹੈ।

ਇਹ ਯਾਦਾਂ ਪੰਜਾਬੀ ਦੇ ਇਕ ਸ੍ਰੇਸ਼ਟ ਵਿਦਵਾਨ ਵਲੋਂ ਲਿਖੀਆਂ ਗਈਆਂ ਹਨ। ਜੋ ਸ਼ਬਦ ਦੀ ਸ਼ਕਤੀ ਤੇ ਇਸ ਦੀ ਸਹੀ ਵਰਤੋਂ ਕਰਨ ਦੇ ਉਸਤਾਦ ਹਨ। ਸਿੱਟੇ ਵਜੋਂ ਇਸ ਪੁਸਤਕ ਵਿਚ ਜਿਸ ਵਾਰਤਕ-ਸ਼ੈਲੀ ਦਾ ਨਿਰਮਾਣ ਹੋਇਆ ਹੈ, ਉਹ ਵੀ ਆਪਣੇ ਆਪ ਵਿਚ ਅਦਭੁੱਤ ਰੰਗਾਂ ਦੀ ਧਾਰਨੀ ਹੋ ਨਿਬੜਦੀ ਹੈ। ਲੇਖਕ ਵਾਰਤਕ-ਰਚਨਾ ਕਰਦਿਆਂ ਇਕ-ਇਕ ਸ਼ਬਦ ਤੇ ਵਾਕ ਦੀ ਇੰਝ ਵਰਤੋਂ ਕਰਦਾ ਪ੍ਰਮਾਣਿਤ ਹੁੰਦਾ ਹੈ, ਜਿਵੇਂ ਕੋਈ ਗ਼ਜ਼ਲਗੋ ਗ਼ਜ਼ਲ ਲਿਖਦੇ ਸਮੇਂ ਬਾਰ-ਬਾਰ ਆਪਣੇ ਸ਼ਿਅਰਾਂ ਵਿਚ ਖ਼ਿਆਲਾਂ ਤੇ ਸ਼ਬਦਾਂ ਨੂੰ ਬੀੜਨ ਵੇਲੇ, ਉਹਨਾਂ ਦੀ ਸਹੀ ਵਰਤੋਂ ਲਈ ਜੂਝਦਾ ਹੈ। ਇਹ ਮਾਣ ਪ੍ਰੋ. ਪ੍ਰੀਤਮ ਸਿੰਘ ਹੋਰਾਂ ਨੂੰ ਅਵੱਸ਼ ਜਾਂਦਾ ਹੈ ਕਿ ਉਹਨਾਂ ਨੇ ਆਪਣੀ ਤਪੱਸਵੀ ਤੇ ਸਵੱਸ਼ ਸ਼ਖ਼ਸੀਅਤ ਦੀ ਪੇਸ਼ਕਾਰੀ ਕਰਦਿਆਂ, ਪੰਜਾਬੀ ਵਿਚ ਸਵੈ-ਜੀਵਨੀ ਦੀ ਨਵੀਂ ਪ੍ਰੀਭਾਸ਼ਾ ਦੀ ਸਿਰਜਣਾ ਕਰ ਕੇ ਪਹਿਲ-ਕਦਮੀਂ ਕੀਤੀ ਹੈ। ਪੁਸਤਕ ਪੜ੍ਹਨ ਤੇ ਸਾਂਭਣ-ਯੋਗ ਹੈ। ਇਹ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲਿਆਂ ਨੇ ਪ੍ਰਕਾਸ਼ਿਤ ਕੀਤੀ ਹੈ। - ਹ. ਸ. ਹ.

## ਬੰਦਾ ਸਿੰਘ ਬਹਾਦਰ / ਸੁਰਜੀਤ ਸਿੰਘ ਪੰਛੀ

ਸੁਰਜੀਤ ਸਿੰਘ ਪੰਛੀ ਇਕ ਪ੍ਰਸਿੱਧ ਪ੍ਰਵਾਸੀ ਪੰਜਾਬੀ ਲੇਖਕ ਹੈ। ਕਵਿਤਾ ਲਿਖਣ ਦੇ ਨਾਲ-ਨਾਲ ਉਹ ਇੱਕ ਉੱਘੇ ਇਤਿਹਾਸਕ ਖੋਜੀ ਵੀ ਹਨ। ਉਹਨਾਂ ਨੇ ਗੁਰੂ ਤੇਗ ਬਹਾਦਰ, ਗੁਰੂ ਹਰਿਗੋਬਿੰਦ ਅਤੇ ਬੰਦਾ ਸਿੰਘ ਬਹਾਦਰ ਬਾਰੇ ਬੜੀਆਂ ਖੋਜ ਭਰਪੂਰ ਇਤਿਹਾਸਕ ਪੁਸਤਕਾਂ ਲਿਖ ਕੇ, ਆਪਣੇ ਪੁਰਾਤਨ ਇਤਿਹਾਸ ਦਾ ਪੁਨਰ-ਮੁਲਾਂਕਣ ਕੀਤਾ ਹੈ। ਬੰਦਾ ਸਿੰਘ ਬਹਾਦਰ ਉਹਨਾਂ ਦੀ ਪੁਸਤਕ ਵਿਸ਼ੇਸ਼ ਧਿਆਨ ਤੇ ਅਧਿਐਨ ਦੀ ਮੰਗ ਕਰਦੀ ਹੈ। ਬੰਦਾ ਸਿੰਘ ਬਹਾਦਰ ਬਾਰੇ ਹੁਣ ਤੀਕ ਲਿਖੀਆਂ ਸਾਰੀਆਂ ਹੀ ਭਾਸ਼ਾਵਾਂ ਵਿਚਲੀਆਂ ਖੋਜ-ਪੁਸਤਕਾਂ ਦਾ ਉਹਨਾਂ ਨੇ ਡੂੰਘਾ ਤੇ ਨਿਰਪੱਖ ਅਧਿਐਨ ਕੀਤਾ ਹੈ ਅਤੇ ਕੁਝ ਪੱਖਾਂ ਤੋਂ ਅਜਿਹੇ ਨੁਕਤੇ ਉਠਾਏ ਹਨ ਜੋ ਪਹਿਲੇ ਖੋਜੀਆਂ ਤੇ ਇਤਿਹਾਸਕਾਰਾਂ ਨੇ ਅਣਡਿੱਠ ਕਰ ਛੱਡੇ ਸਨ। ਪੰਛੀ ਜੀ ਨੇ ਪਹਿਲੀ ਵਾਰ ਮਾਤਾ ਸੁੰਦਰੀ ਜੀ ਦੀਆਂ ਚਿੱਠੀਆਂ ਨੂੰ ਆਧਾਰ ਬਣਾ ਕੇ ਬੰਦਾ ਸਿੰਘ ਬਹਾਦਰ ਬਾਰੇ ਨਵੇਂ ਪੱਖ ਉਜਾਗਰ ਕੀਤੇ ਹਨ। ਸਿੱਖ ਇਤਿਹਾਸ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਪੰਛੀ ਜੀ ਦੀ ਇਹ ਪੁਸਤਕ ਬੜੀ ਲਾਭਦਾਇਕ ਤੇ ਦਿਲਚਸਪ ਪ੍ਰਤੀਤ ਹੋਵੇਗੀ। ਅਸੀਂ ਪੰਛੀ ਜੀ ਦੀ ਮਿਹਨਤ, ਅਧਿਐਨ ਅਤੇ ਖੋਜੀ ਰੁਚੀ ਦੀ ਪ੍ਰਸ਼ੰਸਾ ਕਰਦੇ ਹਾਂ।

- ਹ. ਸ.

# ਪੁਸਤਕ ਪ੍ਰਾਪਤੀ

1. ਕਾਵਿ-ਕਿਰਨਾਂ (ਸਾਂਝਾ ਕਾਵਿ-ਸੰਗ੍ਰਹਿ) ਪੰਨੇ 132 ਮੁੱਲ 75/- ਸਾਹਿਤ ਸਭਾ ਭਲੂਰ (ਮੋਗਾ)
2. ਸੁਲਤਾਨ ਬਾਹੂ (ਸੰਪਾਦਨ) ਸੁਲੱਖਣ ਸਰਹੱਦੀ ਪੰਨੇ 180, ਮੁੱਲ 200/- ਯੂਨੀਸਟਾਰ ਬੁਕਸ, ਚੰਡੀਗੜ੍ਹ
3. ਮਾਂ (ਲੰਮੀ ਕਵਿਤਾ) ਸਵਰਨਜੀਤ ਸਵੀ ਪੰਨੇ 110, ਮੁੱਲ 100/- ਯੂਨੀਸਟਾਰ ਬੁਕਸ, ਚੰਡੀਗੜ੍ਹ
4. ਸ਼ਹੀਦ ਭਗਤ ਸਿੰਘ (ਮਹਾਂਕਾਵਿ) ਇੰਦਰਜੀਤ ਨੰਦਨ, ਪੰਨੇ 240, ਮੁੱਲ 130/- ਚੇਤਨਾ ਪ੍ਰਕਾਸ਼ਨ ਲੁਧਿਆਣਾ
5. ਪਾਕਿਸਤਾਨ ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ (ਤਿੰਨ ਭਾਸ਼ਾਈ) ਖੋਜ, ਇਕਬਾਲ ਕੈਸਰ ਪੰਨੇ 412, ਮੁੱਲ 200/- ਪੰਜਾਬੀ ਤਵਾਰੀਖੀ ਬੋਰਡ, ਲਾਹੌਰ
6. ਇੱਕ ਉੱਧੜੀ ਕਿਤਾਬ ਦੇ ਬੇਹਤਰੀਨ ਵਰਕੇ (ਕਵਿਤਾ) ਅਹਿਮਦ ਸਲੀਮ ਪੰਨੇ 90, ਮੁੱਲ 80/- ਸਾਂਝ ਲਾਹੌਰ
7. ਵਟਾਂਦਰਾ (ਖ਼ਾਲਦ ਫਰਹਾਦ ਧਾਰੀਵਾਲ) ਕਹਾਣੀਆਂ ਪੰਨੇ ਮੁੱਲ 100/- ਸੁਚੇਤ ਕਿਤਾਬ ਘਰ, ਲਾਹੌਰ
8. ਬਨਬਾਸ (ਉਰਦੂ ਸ਼ਾਇਰੀ) ਨਸਰੀਨ ਅੰਜਮ ਭੱਟੀ ਪੰਨੇ 263, ਮੁੱਲ 175/- ਲਾਹੌਰ
9. ਇਕਲਾਪੇ ਤੋਂ ਅੱਗੇ (ਕਵਿਤਾ) ਰਫਾਕਤ ਹੁਸੈਨ ਮੁਮਤਾਜ਼ ਪੰਨੇ 120 ਮੁੱਲ 100/- ਪੰਜਾਬੀ ਮਰਕਾਜ਼ ਲਾਹੌਰ
10. ਸ਼ੀਸ਼ਾ ਤੇ ਹਮਾਮ (ਕਹਾਣੀਆਂ) ਅਲੀ ਅਨਵਰ ਅਹਿਮਦ, ਪੰਜਾਬੀ ਮਰਕਜ਼ ਲਾਹੌਰ
11. ਧੰਮੀ ਦਾ ਤਾਰਾ (ਕਵਿਤਾ) ਸਈਦਾ ਯੂਨਸ, ਪੰਜਾਬੀ ਮਰਕਜ਼ ਲਾਹੌਰ
12. ਮੇਰੀਆਂ ਨਜ਼ਮਾਂ ਮੋੜ ਦੇ (ਕਵਿਤਾ) ਅਹਿਮਦ ਸਲੀਮ, ਕੂੰਜ ਪ੍ਰਕਾਸ਼ਨ ਲਾਹੌਰ
13. ਨੈਣਾਂ ਦੇ ਮੋਤੀ (ਸਮੁੱਚੀ ਕਵਿਤਾ) ਕੇਸਰ ਸਿੰਘ ਨੀਰ ਪੰਨੇ 336, ਮੁੱਲ 300/- ਚੇਤਨਾ ਪ੍ਰਕਾਸ਼ਨ, ਲੁਧਿਆਣਾ
14. ਬੁੱਤ ਬੋਲਦਾ ਹੈ (ਕਵਿਤਾਵਾਂ) ਸੰਪਾਦਨ ਸੁਮਨ ਲਤਾ, ਸਫ਼ੇ 148, ਮੁੱਲ 100/- ਯਾਦਗਾਰੀ ਟਰੱਸਟ ਯੂ.ਕੇ.
15. Soviet Collapse, How and Why by Dr. Prem Singh (History) 346 pages, Price 495/- Unistar Chandigarh.
16. ਖੇਤੁ ਜੁ ਮਾਂਡਿਓ ਸੂਰਮਾ (ਪੂਰਾ ਨਾਟਕ) ਖੋਜੀ ਕਾਫ਼ਰ, ਪੰਨੇ 94, ਮੁੱਲ 120/-
17. ਤੱਤੀ ਤਵੀ ਦਾ ਸੇਕ (ਪੂਰਾ ਨਾਟਕ) ਖੋਜੀ ਕਾਫ਼ਰ ਪੰਨੇ 88, ਮੁੱਲ 120/-
18. ਕੱਚੀਆਂ ਪੱਕੀਆਂ ਦੇ ਭਾਅ (ਸਵੈ-ਜੀਵਨੀ) ਪ੍ਰਿੰ. ਪ੍ਰੀਤਮ ਸਿੰਘ, ਬ੍ਰਦਰਜ਼ ਅੰਮ੍ਰਿਤਸਰ
19. ਸਹਿਮਤੀ (ਆਲੋਚਨਾ) ਡਾ. ਤੇਜਵੰਤ ਮਾਨ, ਲਿਟਰੇਚਰ ਹਾਊਸ, ਅੰਮ੍ਰਿਤਸਰ
20. ਪਾਰਵਤੀ ਦੇ ਕੰਢੇ ਕੰਢੇ (ਸਫ਼ਰਨਾਮਾ) ਜੋਗਿੰਦਰ ਸ਼ਮਸ਼ੇਰ, ਪੰਨੇ 135, ਮੁੱਲ 175/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
21. ਚੀਨ ਵਿਚ ਬਾਈ ਦਿਨ (ਸਫ਼ਰਨਾਮਾ) ਜੋਗਿੰਦਰ ਸ਼ਮਸ਼ੇਰ, ਪੰਨੇ 109, ਮੁੱਲ 160/- ਮਨਪ੍ਰੀਤ ਪ੍ਰਕਾਸ਼ਨ - ਦਿੱਲੀ
22. ਪੱਤਝੜ (ਕਵਿਤਾ) ਜਸਵਿੰਦਰ ਦੂਹੜੇ, ਵੇਦਨਾ ਪ੍ਰਕਾਸ਼ਨ, ਜਲੰਧਰ
23. ਕਵਿਤਾ ਦੀ ਇਬਾਦਤ (ਕਵਿਤਾਵਾਂ) ਗਗਨਦੀਪ ਸ਼ਰਮਾ, ਪੰਨੇ 95, ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ
24. ਯਾਦਾਂ ਦੀ ਛਾਵੇਂ (ਕਵਿਤਾਵਾਂ) ਸਰਬਜੀਤ ਕਰੀਮਪੁਰੀ, ਪੰਨੇ 88, ਮੁੱਲ 40/-
25. ਨਾਬਰਾਂ ਦੀ ਇਮਾਰਤ (ਕਵਿਤਾ) ਮਦਨ ਵੀਰਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
26. ਮੁੱਖ ਬੰਦ (ਆਲੋਚਨਾ) ਡਾ. ਤੇਜਵੰਤ ਮਾਨ, ਪੰਜਾਬੀ ਸਾਹਿਤ ਸਭਾ, ਸੰਗਰੂਰ
27. ਸਮੁੰਦਰੀ ਕਬੂਤਰੀ (ਚੈਖੋਵ ਬਾਰੇ ਨਾਵਲ) ਇੰਦਰ ਸਿੰਘ ਖਾਮੋਸ਼ ਪੰਨੇ 255, ਮੁੱਲ 250/- ਯੂਨੀਸਟਾਰ ਬੁਕਸ, ਚੰਡੀਗੜ੍ਹ
28. ਵਕਤ ਦੀ ਹੂਕ (ਗ਼ਜ਼ਲਾਂ) ਡਾ. ਮੋਹਨ ਪੰਨੇ 84, ਮੁੱਲ 140/- ਯੂਨੀਸਟਾਰ ਬੁਕਸ, ਚੰਡੀਗੜ੍ਹ
29. ਸਫੇ ਤੇ ਲਿਖਿਆ ਸੱਚ (ਕਵਿਤਾ) ਦਰਸ਼ਨ ਸਿੰਘ ਉਬਰਾਏ ਸਫੇ 104, ਮੁੱਲ 140/- ਯੂਨੀਸਟਾਰ ਬੁੱਕਸ, ਚੰਡੀਗੜ੍ਹ
30. ਸਾਵੇ ਅਕਸ (ਗ਼ਜ਼ਲਾਂ) ਰਾਜਿੰਦਰ ਜੀਤ ਸਫ਼ੇ 80, ਮੁੱਲ 90/- ਚੇਤਨਾ ਪ੍ਰਕਾਸ਼ਨ, ਲੁਧਿਆਣਾ
31. ਅੱਖਰਾਂ ਦੇ ਦੀਵੇ (ਗ਼ਜ਼ਲਾਂ) ਮਹਿੰਦਰ ਦੀਪ ਗਰੇਵਾਲ ਸਫ਼ੇ 112, ਮੁੱਲ 50/- ਚੇਤਨਾ ਪ੍ਰਕਾਸ਼ਨ, ਲੁਧਿਆਣਾ
32. ਉਡੀਕਾਂ (ਗ਼ਜ਼ਲਾਂ) ਸਰਬਜੀਤ ਦਰਦੀ, ਪੰਨੇ 80, ਮੁੱਲ 60/- ਅਰਸ਼ਦੀਪ ਪ੍ਰਕਾਸ਼ਨ, ਜਲੰਧਰ



## ਸੁਰਜੀਤ ਸਿੰਘ ਪੰਛੀ ਦਾ ਰਚਨਾ-ਜਗਤ

1. ਬੰਦਾ ਸਿੰਘ ਬਹਾਦਰ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

2. ਗੁਰੂ ਹਰਗੋਬਿੰਦ ਸਾਹਿਬ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

3. ਨੰਦ ਲਾਲ ਗੋਇਆ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

4. ਯੂਸਿਫ ਜ਼ੁਲੈਖਾ (ਖੰਡ-ਕਾਵਿ)
ਉਡਾਨ ਪਬਲੀਕੇਸ਼ਨ, ਮਾਨਸਾ

5. ਦੇਸੀ ਵਿਦੇਸ਼ ਸੱਥ (ਵਾਰਤਕ)
ਉਡਾਨ ਪਬਲੀਕੇਸ਼ਨ, ਮਾਨਸਾ

6. ਉਹ ਖ਼ੂਨ ਡੋਲ੍ਹਦਾ ਰਿਹਾ (ਨਾਵਲ)
ਸੰਗਮ ਪਬਲੀਕੇਸ਼ਨ, ਸਮਾਣਾ

7. ਮਹਿਕਾਂ ਦੇ ਪ੍ਰਛਾਵੇਂ (ਅਨੁਵਾਦਿਤ ਕਵਿਤਾਵਾਂ)
ਉਡਾਨ ਪਬਲੀਕੇਸ਼ਨ, ਮਾਨਸਾ

8. ਜਗਦੇ ਬੁੱਝਦੇ ਰਣ (ਕਵਿਤਾਵਾਂ)
ਉਡਾਨ ਪਬਲੀਕੇਸ਼ਨ, ਮਾਨਸਾ

Chirag Quarterly
October-December 2008
Registered with the Registrar of News-Papers of India No. PUN-PUN 0 2276/AL/TC94


# ਨੈਸ਼ਨਲ ਬੁਕ ਟਰੱਸਟ, ਇੰਡੀਆ ਦੀਆਂ

## ਸਾਹਿਤਕ ਪੁਸਤਕਾਂ ਦੇ ਵਿਸ਼ਾਲ ਸੰਸਾਰ ਨਾਲ ਸਾਂਝ ਪਾਓ

**ਆਖਰੀ ਟਿਕਟ ਤੇ ਹੋਰ ਕਹਾਣੀਆਂ** : ਸੰਪਾਦਕ ਮੰਡਲ
*ਅਨੁ : ਡਾ. ਮਨਮੋਹਨ* — *ਕੀਮਤ : 30·00*
ਇਹ ਬੱਚਿਆਂ ਲਈ ਲਿਖੀਆਂ ਕਹਾਣੀਆ ਦਾ ਸੰਗ੍ਰਹਿ ਹੈ, ਜਿਸ ਦੀ ਪ੍ਰਕਾਸ਼ਨਾ ਯੂਨੈਸਕੋ ਦੇ ਮਿਲਵਰਤਣ ਨਾਲ ਹੋਈ ਹੈ ।

**ਆਜ਼ਾਦੀ ਤੋਂ ਬਾਅਦ ਦੀਆਂ ਹਿੰਦੀ ਕਹਾਣੀਆਂ** :
ਕਮਲੇਸ਼ਵਰ (ਸੰਪਾਦਕ)
ਅਨੁਵਾਦਕ : ਪ੍ਰੇਮ ਗੋਰਖੀ — *ਕੀਮਤ : 160.00*
ਇਸ ਪੁਸਤਕ ਵਿਚ ਹਿੰਦੀ ਦੇ ਪ੍ਰਸਿੱਧ *31* ਕਹਾਣੀਕਾਰਾਂ ਦੀਆਂ ਕਹਾਣੀਆ ਸ਼ਾਮਲ ਕੀਤੀਆਂ ਗਈਆਂ ਹਨ ।

**ਰੱਤੀਨਾਥ ਦੀ ਚਾਚੀ (ਨਾਵਲ)** : ਨਾਗਾਰਜੁਨ
ਅਨੁਵਾਦਿਕਾ : ਚੰਦਨ ਨੇਗੀ — *ਕੀਮਤ : 60.00*
ਇਹ ਨਾਵਲ ਮਿਥਲਾ ਦੇ ਬ੍ਰਾਹਮਣ ਸਮੁਦਾਇ ਦੀ ਗੌਰੀ ਨਾਂ ਦੀ ਵਿਧਵਾ ਦੀ ਦੁੱਖ-ਦਰਦ ਭਰੀ ਜ਼ਿੰਦਗੀ ਦੀ ਕਥਾ ਹੈ ਜੋ ਆਪਣੇ ਦਿਉਰ ਜੈਨਾਥ ਦੀ ਵਾਸਨਾ ਦਾ ਸ਼ਿਕਾਰ ਹੋਣ ਕਾਰਣ ਗਰਭਵਤੀ ਹੋ ਜਾਂਦੀ ਹੈ ।

**ਬੁੱਲ੍ਹੇ ਸ਼ਾਹ : ਜੀਵਨ ਤੇ ਰਚਨਾ** :
ਡਾ. ਹਰਜਿੰਦਰ ਸਿਘ ਢਿੱਲੋਂ (ਸੰਪਾਦਕ)
ਮੂਲ ਪੰਜਾਬੀ — *ਕੀਮਤ : 75.00*
ਇਸ ਆਲੋਚਨਾਤਮਕ ਪੁਸਤਕ ਵਿਚ ਬੁੱਲ੍ਹੇ ਸ਼ਾਹ ਦੀ ਸੰਪੂਰਨ ਰਚਨਾ ਕਾਫੀਆਂ, ਬਾਰਾਂਮਾਹ, ਅਠਵਾਰਾਂ, ਦੋਹੜੇ, ਸੀਹਰਫੀਆਂ ਅਤੇ ਗੰਢਾਂ ਵੀ ਸ਼ਾਮਲ ਹਨ ।

**ਸ਼ਾਹ ਹੁਸੈਨ ਜੀਵਨ ਤੇ ਰਚਨਾ** : ਡਾ. ਨਰੇਸ਼ (ਸੰਪਾਦਕ)
ਮੂਲ ਪੰਜਾਬੀ — *ਕੀਮਤ : 30.00*
ਇਹ ਪੁਸਤਕ ਮੂਲ ਰੂਪ ਵਿਚ ਸ਼ਾਹ ਹੁਸੈਨ ਦੇ ਕਲਾਮ ਨੂੰ ਪਾਠਕਾਂ ਤਕ ਪੁਚਾਣ ਦਾ ਉਪਰਾਲਾ ਹੈ । ਇਸ ਕਲਾਮ ਵਿਚ ਵਧੇਰੇ ਕਰਕੇ ਕਾਫੀਆਂ ਹਨ ਤੇ ਕੁਝ ਕੁ ਦੋਹੜੇ ਤੇ ਪਦ ਹਨ ।

**ਬੇੜੀਆਂ ਦਾ ਪੁਲ (ਗ਼ਜ਼ਲ ਸੰਗ੍ਰਹਿ)** : ਸੁਲੱਖਣ ਸਰਹੱਦੀ
ਮੂਲ ਪੰਜਾਬੀ — *ਕੀਮਤ : 45.00*
ਇਸ ਗਜ਼ਲ ਸੰਗ੍ਰਹਿ ਵਿਚ ਸਰਹੱਦੀ ਨੇ ਸ਼ਿਅਰਾਂ ਦੀ ਗਿਣਤੀ *1212* ਤਕ ਵਧਾ ਕੇ ਆਪਣੀ ਗਿਣਤੀ ਮੂਲਕਤਾ ਦਾ ਨਵਾਂ ਪ੍ਰਤੀਮਾਨ ਤੇ ਕੀਰਤੀਮਾਨ ਸਿਰਜ ਦਿੱਤਾ ਹੈ । ਉਸ ਨੇ ਇਕੋ ਜ਼ਮੀਨ, ਇਕੋ ਬਹਿਰ ਤੇ ਕਾਫ਼ੀਏ ਰਦੀਫ਼ ਵਿਚ *160* ਗਜ਼ਲਾਂ ਕਹੀਆਂ ਹਨ ।

**ਆਲਰਾਊਂਡਰ** : *ਸੂਰਯ ਪ੍ਰਕਾਸ਼ ਚਤੁਰਵੇਦੀ*
ਅਨੁ : *ਬਿੰਦਰ ਬਸਰਾ* — *ਕੀਮਤ : 85.00*
ਇਹ ਪੁਸਤਕ ਦੁਨੀਆਂ ਭਰ ਦੇ *16* ਜਮਾਂਦਰੂ ਅਤੇ ਕੁਦਰਤੀ ਪ੍ਰਤਿਭਾ ਦੇ ਧਨੀ ਕ੍ਰਿਕਟ ਖਿਡਾਰੀਆਂ ਦੀ ਸਖ਼ਸੀਅਤ ਅਤੇ ਯੋਗਦਾਨ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ ।

**ਪੰਜਾਬ ਦੇ ਚੋਣਵੇਂ ਖਿਡਾਰੀ** : *ਪ੍ਰਿੰ: ਸਰਵਣ ਸਿੰਘ*
ਮੂਲ ਪੰਜਾਬੀ — *ਕੀਮਤ : 80.00*
ਪੁਸਤਕ ਵਿਚ ਵੱਖ-ਵੱਖ ਖੇਡਾਂ ਦੇ ਚੋਣਵੇਂ ਪੰਜਾਬੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਰਸਾਈਆਂ ਗਈਆਂ ਹਨ ਅਤੇ ਉਨ੍ਹਾਂ ਦੇ ਸੰਖੇਪ ਸ਼ਬਦ-ਚਿੱਤਰ ਉਲੀਕੇ ਗਏ ਹਨ ।

**ਸੋਹਲੇ ਸ਼ਹੀਦ ਭਗਤ ਸਿੰਘ** :
ਡਾ. ਗੁਰਦੇਵ ਸਿੰਘ ਸਿੱਧੂ (ਸੰਪਾ)
ਮੂਲ ਪੰਜਾਬੀ — *ਕੀਮਤ : 80.00*
ਹੱਥਲੇ ਸੰਗ੍ਰਹਿ ਵਿਚ ਸੁਤੰਤ੍ਰਤਾ ਉਪ੍ਰੰਤ ਪੰਜਾਬ ਦੇ ਪਰੰਪਰਾਗਤ ਗਾਇਕਾਂ-ਢਾਡੀਆਂ ਅਤੇ ਕਵੀਸ਼ਰਾਂ ਦੁਆਰਾ ਭਗਤ ਸਿੰਘ ਸੰਬੰਧੀ ਛੰਦਾਬੰਦੀ ਵਿਚ ਲਿਖੀਆਂ ਕਾਵਿ-ਰਚਨਾਵਾਂ ਨੂੰ ਸਥਾਨ ਦਿੱਤਾ ਗਿਆ ਹੈ ।

**ਬੰਦੀ ਬੋਲ** : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
ਮੂਲ ਪੰਜਾਬੀ — *ਕੀਮਤ : 110.00*
ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਵਿਰੁੱਧ ਲਿਖੀ ਗਈ ਅਤੇ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ ਇਸ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ ।

**ਬੱਚਨ ਦੀ ਆਤਮਕਥਾ** : ਅਜਿਤ ਕੁਮਾਰ
*ਅਨੁ : ਡਾ. ਸਤੀਸ਼ ਕੁਮਾਰ ਵਰਮਾ* — *ਕੀਮਤ : 75.00*
ਇਸ ਪੁਸਤਕ ਵਿਚ ਡਾ. ਹਰਿਵੰਸ਼ ਰਾਏ ਬੱਚਨ ਦੀ ਜੀਵਨ ਪ੍ਰਕ੍ਰਿਆ ਦੇ ਵਿਸਤ੍ਰਿਤ ਬਿਰਤਾਂਤ ਨੂੰ ਪੇਸ਼ ਕੀਤਾ ਗਿਆ ਹੈ ।

**ਇੰਦਰਾ ਗਾਂਧੀ** : ਇੰਦਰ ਮਲਹੋਤਰਾ
*ਅਨੁ : ਡਾ. ਮਨਮੋਹਨ* — *60.00*
ਇਹ ਪੁਸਤਕ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜੀਵਨ ਅਤੇ ਯੁੱਗ 'ਤੇ ਸੰਪੂਰਨ ਰੋਸ਼ਨੀ ਪਾਉਂਦੀ ਹੈ ।

### ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ

**ਨੈਸ਼ਨਲ ਬੁਕ ਟਰੱਸਟ, ਇੰਡੀਆ**
ਪਲਾਟ ਨੰ -5, ਇੰਸਟੀਚਿਊਸ਼ਨਲ ਏਰੀਆ, ਫੇਜ਼-2,
ਵਸੰਤ ਕੁੰਜ, ਨਵੀਂ ਦਿੱਲੀ-110070
ਫੋਨ : 24526150
e-mail : nbtindia@ndb.vsnl.net.in
website: www.nbtindia.org.in

ਮੁੰਬਈ : ਟੈਲੀਫੈਕਸ : 91-22-23720442
e-mail : nbtindiamumbai@yahoo,com
ਬੈਂਗਲੌਰ : ਟੈਲੀਫੈਕਸ : 91-80-26711994
e-mail : nbtindiasro@vsnl.net
ਕੋਲਕਾਤਾ : ਟੈਲੀਫੈਕਸ : 91-33-22413899
e-mail : nbtero@dataone.in